ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

TARKSHEEL

ਨਵੰਬਰ - ਦਸੰਬਰ 2020





ਹਾਥਰਸ ਕਾਂਡ (2)



ਸ਼ੋਸ਼ਲ ਮੀਡੀਆ ਅਤੇ ਇੰਟਰਨੈੱਟ (17)



ਡਾਲਰਾਂ ਦੇ ਰੌਲੇ ਵਿੱਚ ਗੁਆਚੀ ਪੇੜ (43)

₹20

ਨੌਜਵਾਨ ਆਜ਼ਾਦੀ, ਬਰਾਬਰੀ ਤੇ ਮਨੁੱਖਤਾ ਦੇ ਹੱਕਾਂ ਲਈ ਹਰ ਕੁਰਬਾਨੀ ਵਾਸਤੇ ਤਿਆਰ ਰਹਿਣ : ਬਾਬਾ ਸੋਹਣ ਸਿੰਘ ਭਕਨਾ

ਗ਼ਦਰ ਦਾ ਹੋਕਾ

ਸਾਨੂੰ ਲੋੜ ਨਾ ਪੰਡਤਾਂ, ਕਾਜੀਆਂ ਦੀ,
ਨਹੀਂ ਸ਼ੌਕ ਹੈ, ਬੇੜਾ ਡੁਬਾਵਣੇ ਦਾ।
ਪੂਜਾ ਪਾਠ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ, ਤੇਗ ਉਠਾਵਣੇ ਦਾ।
ਗੱਲਾਂ ਫੋਕੀਆਂ ਨਾਲ ਨਾ ਕੰਮ ਹੁੰਦੇ,
ਸਮਾਂ ਆ ਗਿਆ, ਯੁੱਧ ਮਚਾਵਣੇ ਦਾ।
ਨਾਮ ਉਹਨਾਂ ਦਾ ਵਿੱਚ ਜਹਾਨ ਰੌਸ਼ਨ,
ਜਿਨ੍ਹਾਂ ਸ਼ੌਂਕ ਸ਼ਹੀਦੀਆਂ ਪਾਵਣੇ ਦਾ।
ਪੜ੍ਹਕੇ ਗ਼ਦਰ ਅਖਬਾਰ ਨੂੰ ਖਬਰ ਮਿਲੀ,
ਵੇਲਾ ਆ ਗਿਆ, ਗ਼ਦਰ ਮਚਾਵਣੇ ਦਾ।
ਮੁੱਲਾਂ, ਪਾਂਧੇ, ਭਾਈਆਂ ਦੀ ਕਿਤੇ ਵੀ ਲੋੜ ਨਾ,
ਦੱਸੋ ਅਸੀਂ, ਇਹਨਾਂ ਕਿਹੜੇ ਹਲ ਜੋੜਨਾ।
ਮਿਹਨਤੀ, ਮੁਸ਼ੱਕਤੀ ਜਿਨ੍ਹਾਂ ਦੇ ਸਾਥੀ ਨੇ,
ਉਹਨਾਂ ਕਾਹਨੂੰ ਬੰਨ੍ਹਣੇ ਸਫੈਦ ਹਾਥੀ ਨੇ।
ਮਜ਼ਹਬੀ ਝਗੜਿਆਂ 'ਤੇ ਤੁਸੀਂ ਜੋਰ ਪਾਇਆ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਹਾਨੂੰ ਭੋਲਿਓ, ਮੂਲ ਨਾ ਖਬਰ ਲੱਗੀ,
ਝਗੜਾ ਛੇੜਿਆ ਵੇਦ, ਕੁਰਾਨ ਵੀਰੋ।
ਦੇਸ਼ ਪੱਟਿਆ, ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।
ਤੁਸੀਂ ਦੀਨ, ਈਮਾਨ ਦੇ ਪਏ ਪਿੱਛੇ,
ਫਿਕਰ ਤੁਸਾਂ ਨੂੰ ਨਾ ਗਿਆਨ, ਧਿਆਨ ਵਾਲੇ।
ਆਪਸ ਵਿੱਚ ਲੜਨਾ ਮੰਦਾ ਕੰਮ ਫੜ੍ਹਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ,
ਰੌਲੇ ਘੱਤ ਕੇ ਵੇਦ, ਕੁਰਾਨ ਵਾਲੇ।
ਗਾਈਂ ਸੂਰ ਝਟਕਾ ਜੇਕਰ ਦੁੱਖ ਦਿੰਦਾ,
ਗੋਰੇ ਹੈਨ ਤਿੰਨੇ ਚੀਜਾਂ ਖਾਣ ਵਾਲੇ।



ਅਰਦਾਸ ਕਰਨੀ ਤਾਂ ਝੂਲੇ 'ਚ ਬੈਠਣ ਵਾਲੀ ਗੱਲ ਹੈ, ਤੁਸੀਂ ਹਿੱਲੀ ਜਾਂਦੇ ਹੋ ਪਰ ਪਹੁੰਚਦੇ ਕਿਤੇ ਨਹੀਂ
...ਜਿਪਸੀ ਰੋਜ਼ ਲੀ

ਮੁੱਖ ਸੰਪਾਦਕ
ਬਲਬੀਰ ਚੰਦ ਲੌਂਗੋਵਾਲ
98153 17028

ਸੰਪਾਦਕੀ ਬੋਰਡ
ਹੇਮ ਰਾਜ ਸਟੈਨੋ
98769 53561
ਰਾਮ ਸਵਰਨ ਲੱਖੇਵਾਲੀ
95010 06626
ਜਸਵੰਤ ਮੋਹਾਲੀ
98555 30721
ਪਾਲ ਬਾਗਪੁਰ
94173 13738

ਮੁੱਖ ਸੰਪਾਦਕ
balbirlongcwal1966@gmail.com

ਮੁੱਖ ਪ੍ਰਬੰਧਕ
ਸੁਖਵਿੰਦਰ ਬਾਗਪੁਰ (94174 27538)

ਸਰਵਰਕ : ਹਰਪ੍ਰੀਤ 'ਰੂਬੀ'

ਵਿਦੇਸ਼ੀ ਪ੍ਰਤੀਨਿਧ
ਅਵਤਾਰ ਗਿੱਲ, ਕੈਨੇਡਾ
ਅੱਛਰ ਸਿੰਘ ਖਰਲਵੀਰ
(+44-748-635-1185)
ਮਾ. ਭਜਨ ਸਿੰਘ ਕੈਨੇਡਾ
ਬਲਦੇਵ ਰਹਿਪਾ, ਟਰਾਂਟੋ

ਸਲਾਨਾ: 100 ਰੁਪਏ
ਵਿਦੇਸ਼: 25 ਯੂ. ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234
IFSC : PUNB0004400

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ : 01679 241466

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਟਾਈਪ ਸੈਟਿੰਗ : ਹਰਪ੍ਰੀਤ ਰੂਬੀ

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਪਿਛਲੇ ਮਹੀਨੇ ਦੇ ਅਖ਼ਬਾਰ ਦੀਆਂ ਦੋ ਖ਼ਬਰਾਂ ਵਿਸ਼ੇਸ਼ ਧਿਆਨ ਖਿਚਦੀਆਂ ਹਨ - ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੂਬੇ ਦੇ 8 ਹਜ਼ਾਰ ਤੋਂ ਵੱਧ ਸਨਾਤਨ ਬ੍ਰਾਹਮਣ ਪੁਜਾਰੀਆਂ ਲਈ 1000 ਰੁਪਏ ਦੇ ਮਾਸਿਕ ਭੱਤੇ ਅਤੇ ਮੁਫ਼ਤ ਰਿਹਾਇਸ਼ ਦੇਣ ਦਾ ਐਲਾਨ ਕੀਤਾ ਹੈ। ਉਸ ਨੇ ਆਪਣੀ 'ਮਹਾਨ ਪ੍ਰਾਪਤੀ' (?) ਦੱਸਦਿਆਂ ਕਿਹਾ, "ਅਸੀਂ ਇਸ ਤੋਂ ਪਹਿਲਾਂ ਕੋਲਾਘਾਟ 'ਚ ਇੱਕ ਅਕੈਡਮੀ ਸਥਾਪਤ ਕਰਨ ਲਈ ਸਨਾਤਮ ਬ੍ਰਾਹਮਣਾਂ ਨੂੰ ਜ਼ਮੀਨ ਮੁਹੱਈਆ ਕਰਵਾਈ ਹੈ। ਇਸ ਵਰਗ ਦੇ ਕਈ ਲੋਕ ਵਿੱਤੀ ਤੌਰ 'ਤੇ ਕਮਜ਼ੋਰ ਹਨ।" ਉਸ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਉਹ ਕਿਰਤੀ ਲੋਕ ਨਜ਼ਰ ਨਹੀਂ ਆਏ ਜੋ ਆਪਣਾ ਖੂਨ ਪਸੀਨਾ ਵਹਾ ਕੇ ਸੂਬੇ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਹਨ, ਪਰ ਆਪ ਉਹਨਾਂ ਦੇ ਖਾਲੀ ਪੇਟ ਅਤੇ ਤਨ 'ਤੇ ਪਾਟੀਆਂ ਲੀਰਾਂ ਹੁੰਦੀਆਂ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਸੂਬਾ ਭਰ ਵਿੱਚ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਸਥਾਪਤ ਕੀਤੇ ਜਾਂ ਭਵਿੱਖ ਵਿੱਚ ਸਥਾਪਤ ਕੀਤੇ ਜਾਣ ਵਾਲੇ ਸਤਿਸੰਗ ਭਵਨਾਂ ਲਈ Change of Land Use (CLU) ਭੂਮੀ ਦੀ ਵਰਤੋਂ ਤਬਦੀਲੀ ਫੀਸ ਅਤੇ ਕਈ ਹੋਰ ਦਰਾਂ-ਬਾਹਰੀ ਵਿਕਾਸ ਚਾਰਜ (External Development Charges) (EDC), ਪ੍ਰਵਾਨਗੀ ਫੀਸ, ਸਮਾਜਿਕ ਬੁਨਿਆਦੀ ਢਾਂਚਾ ਫੰਡ (Social Infrastructure Fund) (SIF) ਅਤੇ ਇਮਾਰਤ ਪੜਤਾਲ ਫੀਸ ਮੁਆਫ ਕਰਨ ਦਾ ਐਲਾਨ ਕੀਤਾ ਹੈ ਜਿਸ ਨਾਲ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਸੌਂਪੀ ਗਈ ਸੂਚੀ ਮੁਤਾਬਕ 12.18 ਕਰੋੜ ਰੁਪਏ ਦਾ ਵਿੱਤੀ ਬੋਝ ਬਣਦਾ ਹੈ। 10 ਮਈ 2012 ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ ਸੂਬਾ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦੁਰਗਿਆਣਾ ਮੰਦਰ ਅੰਮ੍ਰਿਤਸਰ ਅਤੇ ਦੇਵੀ ਤਲਾਬ ਮੰਦਰ ਜਲੰਧਰ ਨੂੰ ਇਹ ਛੋਟਾਂ ਪਹਿਲਾਂ ਹੀ ਦਿੱਤੀਆਂ ਹੋਈਆਂ ਹਨ। ਇਨ੍ਹਾਂ ਧਾਰਮਿਕ ਅਦਾਰਿਆਂ ਦੇ ਸਲਾਨਾ ਬਜਟ ਕਰੋੜਾਂ, ਅਰਬਾਂ ਵਿੱਚ ਹਨ। ਬੇਥਾਹ ਆਮਦਨ ਸ੍ਰੋਤ ਹਨ। ਰਾਜ ਦੇ ਹਸਪਤਾਲ, ਸਕੂਲ ਅਤੇ ਹੋਰ ਜਨਤਕ ਅਦਾਰੇ ਮੁਢਲੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਸੱਖਣੇ ਹਨ। ਲੱਖਾਂ ਹੀ ਡੇਰੇ ਵੀ ਰਾਜਨੀਤੀ ਦੀ ਸ਼ਹਿ ਅਤੇ ਸਰਪ੍ਰਸਤੀ ਅਧੀਨ ਹੀ ਸਮਾਰਾਜਾਂ 'ਚ ਤਬਦੀਲ ਹੋਏ ਹਨ। ਕਰੋੜਾਂ ਦੀ ਲਾਗਤ ਦੀਆਂ ਸ਼ਾਨਦਾਰ ਸੜਕਾਂ ਇੰਨ੍ਹਾਂ ਡੇਰਿਆਂ ਨੂੰ ਸਿੱਧੀਆਂ ਜਾਂਦੀ ਹਨ। ਰਾਜਾਂ ਦੇ ਖਜ਼ਾਨੇ ਨੂੰ ਇਸ ਤਰ੍ਹਾਂ ਲੁਟਾਉਣਾ ਸੱਤਾ ਅਤੇ ਧਰਮ ਦੇ ਗੱਠਜੋੜ ਨੂੰ ਪ੍ਰਗਟਾਉਂਦਾ ਹੈ। ਸੱਤਾਧਾਰੀ ਜਨਤਾ ਦੇ ਖੂਨ ਪਸੀਨੇ ਨਾਲ ਭਰੇ ਖਜਾਨਿਆਂ ਦਾ ਮੂੰਹ ਧਰਮਾਂ ਵੱਲ ਖੋਲ੍ਹਦੇ ਹਨ ਅਤੇ ਧਰਮਾਂ ਦੇ ਪੋਪ ਸੱਤਾਧਾਰੀਆਂ ਨੂੰ ਵੋਟਾਂ ਦੀ ਬੁਛਾੜ ਕਰਦੇ ਹਨ। ਹਾਸ਼ੀਏ ਤੋਂ ਬਾਹਰ ਧੱਕਿਆਂ ਮਿਹਨਤਕਸ਼ ਤਬਕਾ ਇਸ ਦੇਣ-ਲੈਣ ਵਿੱਚ ਦੇਵੇ ਪਾਸੇ ਪੀਸਿਆ ਜਾ ਰਿਹਾ ਹੈ। ਗਰੀਬ ਦਿਨ-ਬ-ਦਿਨ ਹੋਰ ਗਰੀਬ ਹੋ ਰਹੇ ਹਨ, ਕਾਰਪੋਰੇਟਾਂ, ਧਾਰਮਿਕ ਅਦਾਰਿਆਂ, ਅਖੌਤੀ ਧਰਮ ਗੁਰੂਆਂ ਦੇ ਮਾਇਆ ਦੇ ਢੇਰ ਹੋਰ ਉੱਚੇ ਹੋ ਰਹੇ ਹਨ। ਅਖੌਤੀ ਸਵਰਗ ਦੀ ਲਾਲਸਾ ਅਤੇ ਨਰਕਾਂ ਦੇ ਭੈਅ ਨੇ ਕਿਰਤੀ ਜਮਾਤ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਹੈ। ਇਸ ਪੱਟੀ ਨੂੰ ਉਤਾਰੇ ਬਿਨ੍ਹਾਂ ਸਭ ਕੁੱਝ ਪੈਦਾ ਕਰਨ ਵਾਲੀ ਕਿਰਤੀ ਜਮਾਤ ਦੀ ਬੰਦ ਖੁਲਾਸੀ ਨਹੀਂ ਹੋ ਸਕਦੀ। ਇਹ ਸਭ ਕੁੱਝ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਨਾਲ ਹੀ ਸੰਭਵ ਹੋ ਸਕਦਾ ਹੈ। ਆਓ ਚਾਨਣ ਦੇ ਇਸ ਛੱਟੇ ਨੂੰ ਹਰ ਹਨੇਰੀ ਨੁੱਕਰ ਤੱਕ ਲੈ ਕੇ ਜਾਈਏ।

ਗੈਰ-ਮਨੁੱਖੀ ਦਰਿੰਦਰਾਨਾ ਘਟਨਾ

ਹਾਥਰਸ ਕਾਂਡ : ਕਰੂਰਤਾ ਦੀ ਸਿਖਰ ਤੇ ਇਸਦੇ ਸਬਕ

ਹੇਮ ਰਾਜ ਸਟੈਨੋ



ਮਿਤੀ 14 ਸਤੰਬਰ, 2020, ਨੂੰ ਇੱਕ ਦਲਿਤ ਔਰਤ ਤੇ ਉਸਦੀ ਉੱਨੀ ਸਾਲਾਂ ਮੁਟਿਆਰ ਧੀ ਆਪਣੇ ਘਰ ਨੇੜਲੇ ਖੇਤਾਂ ਵਿੱਚ ਪਸ਼ੂਆਂ ਲਈ ਚਾਰਾ ਲੈਣ ਜਾਂਦੀਆਂ ਹਨ। ਕੁਝ ਸਮੇਂ ਬਾਅਦ ਮਾਂ ਨੂੰ ਧੀ ਦਿਖਾਈ ਨਹੀਂ ਦਿੰਦੀ, ਫਿਕਰਮੰਦ ਹੋਈ ਮਾਂ ਉਸਨੂੰ ਉੱਚੀਆਂ ਉੱਚੀਆਂ ਫਸਲਾਂ ਵਿੱਚ ਇਧਰ-ਉਧਰ ਤਲਾਸ਼ਣਾ ਸ਼ੁਰੂ ਕਰਦੀ ਹੈ, ਲੜਕੀ ਉਸਨੂੰ ਮਿਲ ਜਾਂਦੀ ਹੈ, ਪਰ ਨਿਰਵਸਤਰ ਹਾਲਤ ਵਿੱਚ, ਜ਼ਖਮੀ ਤੇ ਲਹੂ ਵਗ ਰਿਹਾ ਅਤੇ ਸਰੀਰ ਦੇ ਅੰਗ ਟੁੱਟੇ ਹੋਏ...ਉਸਦਾ ਰੋਣ ਨਿਕਲ ਜਾਂਦਾ ਹੈ ਤੇ ਉਹ ਆਪਣੀ ਸਾੜੀ ਜਾਂ ਕੱਪੜਾ ਪਾੜ ਕੇ ਧੀ ਨੂੰ ਢਕਦੀ ਹੈ। ਕੁੜੀ ਦੀ ਰੀੜ੍ਹ ਦੀ ਹੱਡੀ ਤੇ ਹੋਰ ਅੰਗ ਟੁੱਟੇ ਹੋਏ ਹਨ। ਉਸ ਦੀ ਹਾਲਤ ਬਹੁਤ ਨਾਜ਼ਕ ਸੀ। ਔਰਤ ਦਾ ਪੁੱਤਰ ਮੋਟਰਸਾਈਕਲ ਉੱਤੇ ਆਪਣੀ ਮਾਂ ਨੂੰ ਬਿਠਾ ਕੇ ਤੇ ਵਿਚਕਾਰ ਲੜਕੀ ਨੂੰ ਲੱਦ ਕੇ ਪੁਲਿਸ ਸਟੇਸ਼ਨ ਲਿਜਾਂਦੇ ਹਨ। ਉਨ੍ਹਾਂ ਇਸ ਹਾਲਤ ਵਿਚ ਲੜਕੀ ਨੂੰ ਕਿਵੇਂ ਮੋਟਰਸਾਈਕਲ ਉੱਤੇ ਬਿਠਾਇਆ ਹੋਵੇਗਾ? ਇਸਦਾ ਅੰਦਾਜ਼ਾ ਲਾਉਣ ਵੇਲੇ ਵੀ ਮਨੁੱਖ ਹਿੱਲ ਜਾਂਦਾ ਹੈ। ਖੈਰ...ਕਿਵੇਂ ਨਾ ਕਿਵੇਂ ਉਹ ਪੁਲਿਸ ਥਾਣੇ ਪਹੁੰਚਦੇ ਹਨ ਤੇ ਉੱਥੇ ਲੜਕੀ ਨੂੰ ਦੇਖਦਿਆਂ ਹੀ ਉਸ ਨੂੰ ਜ਼ਿਲ੍ਹਾ ਹਸਪਤਾਲ (ਹਾਥਰਸ) ਲਿਜਾਣ ਲਈ ਆਖਿਆ ਗਿਆ। ਪਰ ਇਸ ਦੌਰਾਨ ਨਾ ਕੋਈ ਕਾਗਜ਼ੀ ਕਾਰਵਾਈ ਕੀਤੀ ਗਈ, ਨਾ ਐਫ.ਆਈ.ਆਰ. ਦਰਜ ਕੀਤੀ ਗਈ ਤੇ ਨਾ ਹੀ ਰੋਜ਼ਨਾਮਚੇ ਵਿਚ ਕੋਈ ਇੰਦਰਾਜ ਕੀਤਾ ਗਿਆ। ਹਾਥਰਸ ਦੇ ਜ਼ਿਲ੍ਹਾ ਹਸਪਤਾਲ ਵਿਚੋਂ ਉਨ੍ਹਾਂ ਨੂੰ ਅਲੀਗੜ੍ਹ ਜਾਣ ਲਈ ਕਹਿ ਦਿੱਤਾ ਗਿਆ। ਹਸਪਤਾਲ ਵੱਲੋਂ ਕੋਈ ਐਂਬੂਲੈਂਸ ਵਗੈਰਾ ਦਾ ਪ੍ਰਬੰਧ ਨਹੀਂ ਕੀਤਾ ਗਿਆ। ਪਰ ਉਹ ਕਿਵੇਂ ਨਾ ਕਿਵੇਂ ਉਸ ਲਾਸ਼-ਨੁਮਾ ਲੜਕੀ ਨੂੰ ਲੈ ਕੇ ਅਲੀਗੜ੍ਹ ਪੁੱਜੇ। ਉੱਥੇ ਬਹੁਤ ਹੀ ਬਿਪਤਾ ਭਰੇ ਕੁਝ ਦਿਨਾਂ ਤੋਂ ਬਾਅਦ ਉਨ੍ਹਾਂ ਨੂੰ ਸਫਦਰਜੰਗ ਹਸਪਤਾਲ ਨਵੀਂ ਦਿੱਲੀ ਜਾਣ ਲਈ ਆਖ ਦਿੱਤਾ ਗਿਆ। ਮਿਤੀ 29 ਸਤੰਬਰ, 2020, ਨੂੰ ਸਫਦਰਗੰਜ ਹਸਪਤਾਲ 'ਚ ਉਸ ਲੜਕੀ ਦੀ ਮੌਤ ਹੋ ਗਈ।



ਇਸਤੋਂ ਬਾਅਦ ਪੁਲਿਸ ਲੜਕੀ ਦੀ ਮ੍ਰਿਤਕ ਦੇਹ ਪਿੰਡ ਬੁਲਗੜ੍ਹੀ, ਜ਼ਿਲ੍ਹਾ ਹਾਥਰਸ, ਲੈ ਕੇ ਜਾਂਦੀ ਹੈ। ਮੀਡੀਆ ਦੁਆਰਾ ਇਹ ਗੱਲ ਸਾਹਮਣੇ ਆਈ ਕਿ ਜਦੋਂ ਉਸ ਲੜਕੀ ਨੂੰ ਪੁਲਿਸ ਲਿਜਾ ਰਹੀ ਸੀ ਤਾਂ ਪਰਿਵਾਰ ਵਾਲੇ, ਖਾਸ ਕਰ ਉਸ ਲੜਕੀ ਦੀ ਮਾਂ ਆਪਣੀ ਲੜਕੀ ਦਾ ਮੂੰਹ ਦਿਖਾਉਣ ਲਈ ਵਿਰਲਾਪ ਕਰਦੀ ਪੁਲਿਸ ਦੀ ਗੱਡੀ ਅੱਗੇ ਲਿਟ ਜਾਂਦੀ ਹੈ । ਉਹ ਆਪਣੀ ਲੜਕੀ ਦਾ ਸੁਭਾ ਦਿਨ ਵੇਲੇ ਰਹੁ-ਰੀਤਾਂ ਨਾਲ ਦਾਹ-ਸਸਕਾਰ ਕਰਨ ਲਈ ਆਪਣੀ ਧੀ ਦੀ ਦੇਹ ਨੂੰ ਘਰ ਵਾਲਿਆਂ ਨੂੰ ਸੌਂਪ ਦੇਣ ਲਈ ਅਰਜ਼ੋਈਆਂ ਕਰਦੀ ਹੈ। ਪਰ ਯੂ.ਪੀ.ਪੁਲਿਸ ਨਹੀਂ ਮਾਨਤੀ। ਪਰਿਵਾਰ ਵਾਲਿਆਂ ਤੋਂ ਬਿਨ੍ਹਾਂ ਹੀ ਰਾਤ ਨੂੰ ਪੁਲਿਸ ਦੁਆਰਾ ਉਸ ਲੜਕੀ ਦਾ ਦਾਹ ਸਸਕਾਰ ਕਰ ਦਿੱਤਾ ਜਾਂਦਾ ਹੈ।

ਬੀ.ਬੀ.ਸੀ. ਦੀ ਇੱਕ ਰਿਪੋਰਟਰ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਤੇ ਹਸਪਤਾਲ, ਅਲੀਗੜ੍ਹ, ਜਿੱਥੇ ਲੜਕੀ ਦਾ ਇਲਾਜ ਦੋ ਹਫਤੇ ਚੱਲਿਆ, ਦੇ ਡਾਕਟਰਾਂ ਨੇ ਕਿਹਾ ਕਿ ਲੜਕੀ ਦੀ ਜਿਹੜੀ ਫੌਰੈਂਸਿਕ ਰਿਪੋਰਟ ਤਿਆਰ ਕੀਤੀ ਗਈ ਹੈ ਉਹ 11 ਦਿਨਾਂ ਬਾਅਦ ਤਿਆਰ ਕੀਤੀ ਗਈ ਹੈ ਜਦੋਂ ਕਿ ਚਾਰ ਦਿਨਾਂ ਤੋਂ ਬਾਅਦ ਅਜਿਹੀ ਰਿਪੋਰਟ ਦਾ ਕੋਈ ਮਤਲਬ ਹੀ ਨਹੀਂ ਰਹਿੰਦਾ। ਰਿਪੋਰਟਰ ਦੀ ਰਿਪੋਰਟ ਅੱਗੇ ਕਹਿੰਦੀ ਹੈ ਕਿ ਹਸਪਤਾਲ ਦੀ ਨਾਰੀ ਰੋਗ ਮਾਹਰ (Gynaecologist), ਜਿਸਨੇ ਇਸ ਲੜਕੀ ਨਾਲ ਗੱਲਬਾਤ ਕੀਤੀ ਅਤੇ ਉਸਦੀ ਜਾਂਚ ਕੀਤੀ, ਉਸਦਾ ਕਹਿਣਾ ਹੈ ਕਿ ਲੜਕੀ ਨਾਲ ਇਹ ਸਭ ਕੁੱਝ ਜਬਰਦਸਤੀ ਹੋਇਆ ਹੈ। ਇਹੀ ਨਹੀਂ ਜਦੋਂ 22 ਸਤੰਬਰ ਨੂੰ ਲੜਕੀ ਦੀ ਹਾਲਤ ਨਾਜ਼ਕ ਬਣ ਗਈ ਤਾਂ ਹਸਪਤਾਲ ਨੇ ਇੱਕ ਮੈਜਿਸਟਰੇਟ ਨੂੰ ਬੁਲਾਇਆ ਅਤੇ ਉਸਨੇ ਲੜਕੀ ਦੇ ਬਿਆਨ ਦਰਜ ਕੀਤੇ ਜਿਸਨੂੰ ਮਰਨ ਵੇਲੇ ਦਿੱਤਾ ਬਿਆਨ (Dying Declaration)

ਕਿਹਾ ਜਾਂਦਾ ਹੈ। ਮਰਨ ਵੇਲੇ ਬਿਆਨ ਦੇਣ ਬਾਰੇ ਯੂ.ਪੀ. ਦੀ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼, ਦੇ ਉਪ-ਪ੍ਰਧਾਨ, ਐਸ.ਆਰ.ਦਾਰਾਪੁਰੀ, ਜੋ ਪਹਿਲਾਂ ਇੱਕ ਪੁਲਿਸ ਅਫਸਰ ਰਿਹਾ ਹੈ, ਦਾ ਕਹਿਣਾ ਹੈ ਕਿ "ਕਿਉਂਕਿ ਬਲਾਤਕਾਰ ਅਕਸਰ ਨਿਵੇਕਲੀਆਂ ਥਾਵਾਂ 'ਤੇ ਵਾਪਰਦੇ ਹਨ, ਇਸ ਲਈ ਪੀੜਤ ਦਾ ਮਰਨ ਵੇਲੇ ਦਿੱਤਾ ਬਿਆਨ ਹੀ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਲਈ ਕਾਫੀ ਹੈ ਜੇਕਰ ਉਸਦੇ ਵਿਰੋਧੀ ਸਬੂਤ ਉਸਨੂੰ ਰੱਦ ਕਰਨ ਵਾਲੇ ਨਾ ਹੋਣ।" ਪਰ ਯੂ.ਪੀ. ਦਾ ਅਡੀਸ਼ਨਲ ਡਾਇਰੈਕਟਰ ਜਨਰਲ ਪ੍ਰਸ਼ਾਂਤ ਕੁਮਾਰ ਤੇ ਹੋਰ ਸਰਕਾਰੀ-ਤੰਤਰ ਕਹਿ ਰਿਹਾ ਹੈ ਕਿ ਲੜਕੀ ਨਾਲ ਬਲਾਤਕਾਰ ਨਹੀਂ ਹੋਇਆ। ਅਖੌਤੀ ਉੱਚ ਜਾਤੀਆਂ ਦੀ ਪੰਚਾਇਤ ਦਾ ਕੀਤਾ ਕੱਠ ਵੀ ਕਹਿ ਰਿਹਾ ਹੈ ਕਿ ਦੋਸ਼ੀ ਬੇਕਸੂਰੇ ਹਨ।

ਇੱਥੇ ਇਹ ਵੀ ਗੱਲ ਦੱਸ ਦੇਈਏ ਕਿ ਇਹ ਲੜਕੀ ਸਾਡੇ ਦੇਸ਼ ਦੇ ਜਾਤੀ ਪ੍ਰਬੰਧ 'ਚ ਅਖੌਤੀ ਤੌਰ 'ਤੇ ਸਭ ਤੋਂ ਹੇਠਲੇ ਦਰਜੇ ਦੀ ਕਹੀ ਜਾਂਦੀ ਜਾਤੀ(ਵਾਲਮੀਕੀ) ਨਾਲ ਸਬੰਧ ਰੱਖਦੀ ਸੀ। ਜਿਹੜੇ ਦੋਸ਼ੀ ਹਨ ਉਹ ਠਾਕੁਰ ਜਾਤੀ ਨਾਲ ਸਬੰਧ ਰੱਖਦੇ ਹਨ ਜੋ ਅਖੌਤੀ ਉੱਚੀ ਜਾਤੀ ਕਹਾਉਂਦੀ ਹੈ। ਯੂ.ਪੀ. ਦਾ ਮੁੱਖ ਮੰਤਰੀ ਵੀ ਠਾਕੁਰ ਜਾਤੀ 'ਚੋਂ ਹੈ।

ਇਹ ਤਾਂ ਸੀ ਮੋਟੇ ਤੌਰ 'ਤੇ ਘਟਨਾਕ੍ਰਮ। ਹੁਣ ਅੱਗੇ।

ਇਸ ਘਿਣਾਉਣੀ ਵਾਰਦਾਤ ਤੋਂ ਬਾਅਦ ਪ੍ਰਸ਼ਾਸ਼ਨ ਤੇ ਯੂ.ਪੀ. ਸਰਕਾਰ ਦਾ ਚਿਹਰਾ ਤੇ ਚਰਿੱਤਰ ਸਾਹਮਣੇ ਆਉਂਦਾ ਹੈ। ਸਮੁੱਚੇ ਪਿੰਡ ਨੂੰ ਪੁਲਿਸ ਛਾਉਣੀ 'ਚ ਤਬਦੀਲ ਕਰ ਦਿੱਤਾ ਜਾਂਦਾ ਹੈ। ਦਫਾ 144 ਲਗਾ ਦਿੱਤੀ ਜਾਂਦੀ ਹੈ। ਮੀਡੀਆ ਵਾਲਿਆਂ, ਸਿਆਸੀ ਪਾਰਟੀਆਂ ਅਤੇ ਹੋਰ ਸਭ ਨੂੰ ਲੜਕੀ ਦੇ ਪਰਿਵਾਰ ਵਾਲਿਆਂ ਕੋਲ ਦੁੱਖ ਪ੍ਰਗਟ ਕਰਨ ਲਈ ਜਾਣ ਤੋਂ ਰੋਕ ਦਿੱਤਾ ਜਾਂਦਾ ਹੈ। ਇਹ ਕਹਿਕੇ ਕਿ ਇੱਥੇ ਅਮਨ-ਕਾਨੂੰਨ ਨੂੰ ਖਤਰਾ ਹੋ ਸਕਦਾ ਹੈ। ਇੱਥੇ ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਲੜਕੀ ਨਾਲ ਜੋ ਵਾਪਰਿਆ ਉਹ ਅਮਨ-ਕਾਨੂੰਨ ਲਈ ਖਤਰਾ ਨਹੀਂ। ਬਲਕਿ ਲੜਕੀ ਵਾਲਿਆਂ ਦੇ ਪਰਿਵਾਰ ਵਾਲਿਆਂ ਨੂੰ ਜੇ ਕੋਈ ਧਰਵਾਸ ਦੇਣ ਜਾਂ ਲੜਕੀ ਲਈ ਇਨਸਾਫ ਮੰਗਣ ਵਾਸਤੇ ਜਾਂਦਾ ਹੈ ਤਾਂ ਉਹ ਅਮਨ-ਕਾਨੂੰਨ ਨੂੰ ਖਤਰਾ ਹੋ ਜਾਂਦਾ ਹੈ। ਇਹ ਕਿਹੋ-ਜਿਹਾ ਅਮਨ-ਕਾਨੂੰਨ ਹੈ! ਇਨਸਾਫ ਮੰਗਣਾ ਜਾਂ ਪੀੜਤ ਪਰਿਵਾਰ ਨੂੰ ਧਰਵਾਸਾ ਦੇਣ ਲਈ ਜਾਣਾ ਅਮਨ-ਕਾਨੂੰਨ ਨੂੰ ਖਤਰਾ ਕਿਵੇਂ ਬਣ ਗਿਆ?

ਹੋਰ ਦੇਖੋ ਇੱਕ ਪਾਸੇ ਪਿੰਡ ਨੂੰ ਪੁਲਿਸ ਛਾਉਣੀ 'ਚ ਤਬਦੀਲ ਕਰਕੇ ਸਭ ਲੋਕਾਂ ਨੂੰ ਉੱਥੇ ਇਕੱਠ ਕਰਨ ਤੋਂ ਰੋਕਿਆ ਗਿਆ ਪਰ ਦੂਸਰੇ ਪਾਸੇ ਦੋਸ਼ੀਆਂ ਦੇ ਹੱਕ 'ਚ ਭਾਜਪਾ ਦੇ ਇੱਕ ਆਗੂ ਦੇ ਘਰ 'ਚ ਇਕੱਠ ਕੀਤਾ ਗਿਆ। ਉੱਥੇ ਪ੍ਰਚਾਰਿਆ ਗਿਆ ਕਿ ਇਹ ਫੜੇ ਗਏ ਦੋਸ਼ੀ, ਅਸਲ 'ਚ ਦੋਸ਼ੀ ਨਹੀਂ ਹਨ। ਇਹੀ ਨਹੀਂ ਬਲਕਿ ਇੱਕ ਭਾਜਪਾ ਆਗੂ ਨੇ ਤਾਂ ਇਹ ਬਿਆਨ ਵੀ ਦਿੱਤਾ ਕਿ ਮਾਤਾ-ਪਿਤਾ ਨੂੰ ਲੜਕੀਆਂ ਨੂੰ ਚੰਗੇ ਸੰਸਕਾਰ ਦੇਣੇ ਚਾਹੀਦੇ ਹਨ। ਇਸਦਾ ਮਤਲਬ ਤਾਂ ਇਹ ਹੀ ਬਣਿਆ ਕਿ ਲੜਕੀ ਦੇ ਸੰਸਕਾਰ ਅੱਛੇ ਨਾ ਹੋਣ ਕਰਕੇ ਬਲਾਤਕਾਰ ਹੋਇਆ ਭਾਵ ਪੀੜਤਾ ਹੀ ਦੋਸ਼ੀ ਹੈ।

ਖੈਰ...ਚਾਰ ਦੋਸ਼ੀਆਂ ਨੂੰ ਫੜਿਆ ਗਿਆ ਤੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ। ਉਹ ਜੇਲ੍ਹ ਸੁਰੱਖਿਆ ਪੱਖੋਂ ਬਹੁਤ ਮਜ਼ਬੂਤ ਕਹੀ-ਸੁਣੀ ਜਾਂਦੀ ਹੈ। ਦੋਸ਼ੀਆਂ ਨੂੰ ਮਿਲਣ ਲਈ ਭਾਜਪਾ ਆਗੂ ਜੇਲ੍ਹ 'ਚ ਵੀ ਜਾਂਦਾ ਹੈ। ਉਸ ਜੇਲ੍ਹ 'ਚੋਂ ਦੋਸ਼ੀ ਇੱਕ ਚਿੱਠੀ ਬਾਹਰ ਭੇਜ ਦਿੰਦੇ ਹਨ।

ਕਾਫੀ ਦਿਨਾਂ ਬਾਅਦ ਮੀਡੀਆ ਕਰਮੀਆਂ ਨੂੰ ਪਿੰਡ ਜਾਣ ਦੀ ਆਗਿਆ ਦੇ ਦਿੱਤੀ ਜਾਂਦੀ ਹੈ ਤਾਂ ਉੱਥੇ ਜਾਂਦੇ ਚਾਰ ਪੱਤਰਕਾਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਇਹ ਕਹਿਕੇ ਕਿ ਇਹ ਪਾਪੂਲਰ ਫਰੰਟ ਆਫ ਇੰਡੀਆ ਦੇ ਮੈਂਬਰ ਹਨ। ਉਸ ਤੋਂ ਬਾਅਦ ਇਸੇ ਲੜਕੀ ਦੇ ਬਲਾਤਕਾਰ ਸਬੰਧੀ ਇਹ ਚਰਚਾ ਚਲਾਈ ਜਾਂਦੀ ਹੈ ਕਿ ਇਹ ਯੋਗੀ ਸਰਕਾਰ ਨੂੰ ਹਟਾਉਣ ਲਈ ਕੀਤੀ ਗਈ ਇੱਕ 'ਕੌਮਾਂਤਰੀ ਸਾਜਿਸ਼' ਹੈ। ਭਾਵ ਯੋਗੀ ਅਦਿੱਤਿਆਨਾਥ ਨੂੰ ਕੌਮਾਂਤਰੀ ਪੱਧਰ 'ਤੇ ਉਭਾਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂਕਿ ਬਦਨਾਮ ਹੋਂਗੇ ਤੋਂ ਨਾਮ ਵੀ ਹੋਗਾ। ਇਸਤੋਂ ਇਲਾਵਾ ਕੁੱਝ ਹਲਕਿਆਂ ਵੱਲੋਂ ਇਹ ਮੰਗ ਉਠਾਈ ਜਾਂਦੀ ਹੈ ਕਿ ਲੜਕੀ ਵਾਲਿਆਂ ਦੇ ਪਰਿਵਾਰ ਦਾ ਨਾਰਕੋ ਟੈਸਟ* ਕਰਵਾਇਆ ਜਾਣਾ ਚਾਹੀਦਾ ਹੈ ਤਾਂਕਿ ਸੱਚ-ਝੂਠ ਦਾ ਪਤਾ ਲਗਾਇਆ ਜਾ ਸਕੇ। ਭਾਵ ਪੀੜਤ ਪਰਿਵਾਰ ਇਹ ਸਾਬਤ ਕਰੇ ਕਿ ਉਹ ਸੱਚੇ ਹਨ। ਇਹ ਕਿਹੜੇ ਇਨਸਾਫ ਦਾ ਤਰਾਜੂ ਹੈ।

ਖੈਰ ਕੇਸ ਯੂ.ਪੀ. ਦੀ ਹਾਈਕੋਰਟ ਜਾਂਦਾ ਹੈ। ਖਬਰਾਂ ਆ ਰਹੀਆਂ ਹਨ ਕਿ ਹਾਈਕੋਰਟ ਨੇ ਅਫਸਰਸ਼ਾਹੀ ਨੂੰ ਪਹਿਲਾ ਸਵਾਲ ਹੀ ਇਹ ਪੁੱਛਿਆ ਕਿ ਕੀ ਜੇਕਰ ਲੜਕੀ ਅਮੀਰ ਦੀ ਬੇਟੀ ਹੁੰਦੀ ਤਾਂ ਉਸਦਾ ਵੀ ਇਉਂ ਰਾਤ ਨੂੰ ਹੀ ਦਾਹ-ਸਸਕਾਰ ਕਰ ਦਿੰਦੇ? ਹਾਈਕੋਰਟ ਨੇ ਕਿਹਾ ਕਿ ਮ੍ਰਿਤਕ ਇਨਸਾਨ ਦੇ ਵੀ ਮੌਲਿਕ ਅਧਿਕਾਰ ਹੁੰਦੇ ਹਨ।

ਇਸ ਸਾਰੇ ਘਟਨਾ-ਕ੍ਰਮ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਪੀੜਤ ਲੜਕੀ ਤੇ ਉਸਦਾ ਪਰਿਵਾਰ ਪਿਛੜੇ ਵਰਗ ਨਾਲ ਸਬੰਧਤ ਅਤੇ ਅਤਿ-ਗਰੀਬ ਹੋਣ ਕਰਕੇ ਉਨ੍ਹਾਂ ਦੀ ਕਿਤੇ ਸੁਣਵਾਈ ਨਹੀਂ ਕੀਤੀ ਗਈ। ਉਲਟਾ ਪਰਿਵਾਰ ਵਾਲਿਆਂ ਨੂੰ ਹੀ ਦਬਕੇ ਮਾਰੇ ਗਏ। ਇਹ ਦਬਕੇ ਸਿਰਫ ਅਖੌਤੀ ਤੌਰ 'ਤੇ ਉੱਚ ਜਾਤੀਆਂ ਵਾਲਿਆਂ ਵੱਲੋਂ ਹੀ ਨਹੀਂ ਬਲਕਿ ਅਫਸਰਸ਼ਾਹੀ

ਵੱਲੋਂ ਵੀ ਮਾਰੇ ਗਏ। ਜਿਵੇਂ ਇੱਕ ਦਿਨ ਟੀ.ਵੀ.ਚੈਨਲਾਂ 'ਤੇ ਇੱਕ ਵੀਡੀਓ ਵਾਇਰਲ ਹੋਈ। ਇਸ 'ਚ ਉੱਥੋਂ ਦਾ ਜ਼ਿਲ੍ਹਾ ਮੈਜਿਸਟਰੇਟ ਪਰਿਵਾਰ ਵਾਲਿਆਂ ਨੂੰ ਕਹਿ ਰਿਹਾ ਹੈ ਕਿ ਆਹ ਮੀਡੀਆ ਵਾਲਿਆਂ ਨੇ ਅਤੇ ਹੋਰਾਂ ਨੇ ਤਾਂ ਥੋੜੇ ਦਿਨਾਂ ਬਾਅਦ ਇੱਥੋਂ ਚਲੇ ਜਾਣਾ ਤੇ ਫਿਰ ਆਪਾਂ ਹੀ ਇੱਥੇ ਰਹਿਣਾ ਹੈ। ਇਹ ਕਹਿੰਦਿਆਂ ਉਹ ਪਰਿਵਾਰ ਵਾਲਿਆਂ 'ਤੇ ਕੇਸ ਰਫਾ-ਦਫਾ ਕਰਨ ਦਾ ਦਬਾਅ ਬਣਾਉਂਦਾ ਜਾਪਦਾ ਹੈ। ਇਹ ਪਰਿਵਾਰ ਜਿੱਥੇ ਰਹਿੰਦਾ ਹੈ ਉਸ ਦੇ ਆਲੇ-ਦੁਆਲੇ ਵੱਡੀ ਗਿਣਤੀ 'ਚ ਅਖੌਤੀ ਉੱਚੀ ਜਾਤੀਆਂ ਵਾਲੇ ਰਹਿੰਦੇ ਹਨ। ਇਹ ਵੀ ਕਨਸੋਅ ਆਈ ਹੈ ਕਿ ਇਹ ਉੱਚ-ਜਾਤੀ ਵਾਲੇ ਉਸ ਪਰਿਵਾਰ ਨਾਲ ਦੁੱਖ ਪ੍ਰਗਟ ਕਰਨ ਲਈ ਵੀ ਉਨ੍ਹਾਂ ਦੇ ਘਰ ਨਹੀਂ ਗਏ।

ਸੋ ਪੁਲਿਸ, ਅਫਸਰਸ਼ਾਹੀ ਤੇ ਅਖੌਤੀ ਉੱਚ ਜਾਤੀਆਂ 'ਚ ਘਿਰਿਆ ਪਰਿਵਾਰ ਦਹਿਲਿਆ ਹੋਇਆ ਹੈ। ਲੜਕੀ ਦਾ ਪਿਤਾ ਕਹਿ ਰਿਹਾ ਹੈ ਕਿ ਉਸਨੂੰ ਕੋਈ ਮੁਆਵਜ਼ਾ ਨਹੀਂ ਚਾਹੀਦਾ ਹੈ। ਉਸਨੇ ਕਿਹਾ ਕਿ ਉਹ ਰੋਜ਼ ਦਾ ਦਿਹਾੜੀਦਾਰ ਹੈ ਅਤੇ ਉਹ 200 ਰੁਪੈ ਕਮਾ ਲੈਂਦਾ ਹੈ। ਉਸਨੇ ਕਿਹਾ ਕਿ ਉਹ 50 ਰੁਪੈ 'ਤੇ ਵੀ ਗੁਜ਼ਾਰਾ ਕਰ ਲਵੇਗਾ। ਉਸਨੂੰ ਤਾਂ ਬੱਸ ਲੜਕੀ ਲਈ ਇਨਸਾਫ ਚਾਹੀਦਾ ਹੈ। ਇਹੋ ਸਵਾਲ ਪੱਤਰਕਾਰ ਦੁਆਰਾ ਜਦੋਂ ਪੀੜਤ ਲੜਕੀ ਦੇ ਭਰਾ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਸਨੂੰ ਵਿਸ਼ਵਾਸ ਹੈ ਕਿ ਨਿਆਂ ਹੋਵੇਗਾ ਤਾਂ ਲੜਕੀ ਦਾ ਭਰਾ ਜਵਾਬ ਦਿੰਦਾ ਕਹਿੰਦਾ ਹੈ ਕਿ "ਸਾਨੂੰ ਹੁਣ ਕੋਈ ਵਿਸ਼ਵਾਸ ਨਹੀਂ ਰਿਹਾ" ਅੱਗੇ ਕਹਿੰਦਾ ਹੈ ਕਿ "ਜੇਕਰ ਅਜਿਹਾ ਵਾਪਰ ਜਾਂਦਾ ਹੈ (ਭਾਵ ਇਨਸਾਫ ਹੋ ਜਾਂਦਾ ਹੈ) ਤਾਂ ਹੀ ਉਸਨੂੰ ਯਕੀਨ ਹੋਵੇਗਾ।"

ਉਪਰੋਕਤ ਮਨ ਨੂੰ ਵਲੂੰਧਰ ਦੇਣ ਵਾਲੀ ਦਾਸਤਾਨ ਤੋਂ ਕੀ ਸਿੱਟਾ ਨਿਕਲਦਾ ਹੈ? ਇਹ ਦੇਖਣ ਲਈ ਸਾਨੂੰ ਪਹਿਲੀ ਗੱਲ ਤਾਂ ਇਹ ਧਿਆਨ 'ਚ ਰੱਖਣੀ ਪਵੇਗੀ ਯੂ.ਪੀ. 'ਚ ਭਾਜਪਾ ਸਰਕਾਰ ਹੈ ਜਿਸਦੀ ਅਗਵਾਈ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੇ ਹੱਥ ਹੈ। ਇਹ ਆਪਾਂ ਸਭ ਜਾਣਦੇ ਹੀ ਹਾਂ ਕਿ ਭਾਜਪਾ ਸੰਘ ਪਰਿਵਾਰ ਦੀ ਇੱਕ ਸਿਆਸੀ ਸ਼ਾਖਾ ਹੈ। ਇਹ ਆਰ.ਐਸ.ਐਸ. ਤੋਂ ਅਗਵਾਈ ਲੈਂਦੀ ਹੈ ਭਾਵ ਆਰ.ਐਸ.ਐਸ. ਦੀ ਵਿਚਾਰਧਾਰਾ ਨੂੰ ਪ੍ਰਣਾਈ ਹੋਈ ਹੈ। ਇਸ ਲਈ ਥੋੜੀ ਜਿਹੀ ਗੱਲ ਆਰ.ਐਸ.ਐਸ. ਬਾਰੇ ਵੀ ਕਰ ਲਈਏ।

ਸੰਨ 1940 'ਚ ਹੈਡਗੇਵਾਰ ਤੋਂ ਬਾਅਦ ਇਸ ਦੀ ਗੱਦੀ ਐਮ.ਐਸ.ਗੋਲਵਾਲਕਰ (ਗੁਰੂ ਜੀ) ਕੋਲ ਚਲੀ ਗਈ।

ਗੋਲਵਾਲਕਾਰ ਨੇ ਲਿਖਿਆ ਕਿ ਮਨੂੰ ਮਨੁੱਖਤਾ ਦਾ ਪਹਿਲਾ ਤੇ ਸਭ ਤੋਂ ਮਹਾਨ ਕਾਨੂੰਨ-ਘਾੜਾ ਹੈ ਜਿਸ ਦੁਆਰਾ ਤਿਆਰ ਕੀਤਾ ਸਮਾਜਿਕ-ਜ਼ਾਬਤਾ ਕੋਡ (ਮਨੂੰ ਸਮ੍ਰਿਤੀ) ਸਾਰੀ ਦੁਨੀਆਂ ਦੇ ਲੋਕਾਂ ਨੂੰ ਸਨਾਤਨੀ ਬ੍ਰਾਹਮਣਾਂ ਕੋਲੋਂ ਸਿਆਣਪ ਸਿੱਖਣ ਲਈ ਕਹਿੰਦਾ ਹੈ। ਮਨੂੰ ਨੇ ਪਿਤਾ-ਪੁਰਖੀ ਕਿਰਤ-ਵੰਡ ਦੀ ਵਿਵਸਥਾ ਨੂੰ ਜਾਤੀ-ਵਿਵਸਥਾ ਵਿੱਚ ਤਬਦੀਲ ਕੀਤਾ।[2]

ਗੋਲਵਾਲਕਾਰ ਜਿਹੜੀ ਮਨੂੰ ਸਮ੍ਰਿਤੀ ਦੀ ਇੰਨੀ ਉਸਤਤ ਕਰਦਾ ਹੈ ਜ਼ਰਾ ਉਸਦੀ ਵੀ ਝਲਕ ਦੇਖ ਲਈਏ। ਮਨੂੰ ਸਮ੍ਰਿਤੀ ਅਨੁਸਾਰ:

ਸ਼ੂਦਰਾਂ ਦਾ ਕਰਤੱਵ: ਬ੍ਰਹਮਾ ਜੀ ਨੇ ਸ਼ੂਦਰ ਵਰਣ ਲਈ ਇੱਕ ਹੀ ਕਰਤੱਵ ਦੱਸਿਆ ਹੈ। ਇਹ ਕਰਤੱਵ ਹੈ ਈਰਖਾ ਅਤੇ ਦਵੇਸ਼ ਤੋਂ ਪਾਸੇ ਰਹਿੰਦੇ ਹੋਏ ਤਿੰਨੇ ਵਰਣਾਂ- ਬ੍ਰਾਹਮਣ, ਖੱਤਰੀ ਅਤੇ ਵੈਸ਼- ਦੀ ਸੇਵਾ ਕਰਨਾ।

ਵਿਅਕਤੀ ਦਾ ਨਾਮ: ਬ੍ਰਾਹਮਣ ਦਾ ਨਾਮ ਮੰਗਲ ਸੂਚਕ ਸ਼ਬਦ-ਯੁਕਤ ਹੋਣਾ ਚਾਹੀਦਾ ਜਿਵੇਂ ਆਨੰਦ ਪ੍ਰਕਾਸ਼, ਗਿਆਨ ਪ੍ਰਕਾਸ਼ ਰਾਮ ਸਰੂਪ ਆਦਿ, ਖੱਤਰੀ ਦਾ ਨਾਮ ਬਲਪੂਰਬਕ ਸ਼ਬਦ-ਯੁਕਤ ਹੋਣਾ ਚਾਹੀਦਾ ਹੈ ਜਿਵੇਂ ਅਜੈ, ਵਿਜੈ, ਸ਼ਕਤੀਮਾਨ ਆਦਿ, ਵੈਸ਼ ਦਾ ਨਾਮ ਧਨ-ਸੂਚਕ ਹੋਣਾ ਚਾਹੀਦਾ ਜਿਵੇਂ ਲਕਸ਼ਮੀ ਪ੍ਰਸਾਦ, ਧਨਪਤੀ, ਧਨਪਾਲ ਆਦਿ ਅਤੇ ਸ਼ੂਦਰ ਦਾ ਨਾਮ ਸੇਵਾਵਿਰਤੀ ਦਾ ਸੂਚਕ ਹੋਣਾ ਚਾਹੀਦਾ ਹੈ ਜਿਵੇਂ ਰਾਮ ਸੇਵਕ, ਕ੍ਰਿਸ਼ਨਾਦਾਸ, ਚੰਦਰਦਾਸ ਆਦਿ।

ਇਸਤਰੀਆਂ ਬਾਰੇ: ਇਸਤਰੀ ਨੂੰ ਬਚਪਨ 'ਚ ਆਪਣੇ ਪਿਤਾ ਦੇ ਅਧੀਨ, ਜਵਾਨ ਹੋਣ 'ਤੇ ਹੱਥ ਗ੍ਰਹਿਣ ਕਰਨ ਵਾਲੇ ਆਪਣੇ ਪਤੀ ਦੇ ਅਧੀਨ ਅਤੇ ਪਤੀ ਦੀ ਮੌਤ ਹੋ ਜਾਣ ਤੋਂ ਬਾਅਦ ਪੁੱਤਰ ਦੇ ਅਧੀਨ ਰਹਿਣਾ ਚਾਹੀਦਾ ਹੈ। ਉਸਨੂੰ ਅਜ਼ਾਦ ਕਦੇ ਵੀ ਨਹੀਂ ਰਹਿਣਾ ਚਾਹੀਦਾ।

ਇਸਤਰੀ ਨੂੰ ਪਿਤਾ, ਪਤੀ ਅਤੇ ਪੁੱਤਰ ਤੋਂ ਅਜ਼ਾਦ ਹੋਕੇ ਕਦੇ ਨਹੀਂ ਰਹਿਣਾ ਚਾਹੀਦਾ। ਇਨ੍ਹਾਂ ਤੋਂ ਅਲੱਗ ਹੋ ਕੇ ਰਹਿਣ ਵਾਲੀ ਅਜ਼ਾਦ ਇਸਤਰੀ ਦੋਨਾਂ ਕੁਲਾਂ-ਪਿਤਾ ਅਤੇ ਪਤੀ ਦੇ ਕੁਲ- ਨੂੰ ਕਲੰਕਿਤ ਕਰਦੀ ਹੈ।

ਵਿਆਹ: ਬ੍ਰਾਹਮਣ ਨੂੰ ਆਪਣੀ ਬ੍ਰਾਹਮਣ ਜਾਤੀ -ਵਰਣ- ਤੋਂ ਇਲਾਵਾ ਕਸ਼ੱਤਰੀਆਂ, ਵੈਸ਼ ਅਤੇ ਸ਼ੂਦਰ ਵਰਣ ਦੀਆਂ ਕੰਨਿਆਵਾਂ ਨਾਲ ਭੀ ਵਿਆਹ ਕਰਨ ਦਾ ਅਧਿਕਾਰ ਹੈ। ਕਸ਼ੱਤਰੀ ਨੂੰ ਆਪਣੇ ਕਸ਼ੱਤਰੀ ਵਰਣ ਤੋਂ ਇਲਾਵਾ ਵੈਸ਼ ਅਤੇ ਸ਼ੂਦਰ ਵਰਣ ਦੀ ਕੰਨਿਆ ਨਾਲ ਭੀ ਵਿਆਹ ਕਰਨ ਦਾ ਅਧਿਕਾਰ ਹੈ। ਵੈਸ਼ ਨੂੰ ਆਪਣੀ ਜਾਤੀ-ਵਰਣ- ਦੀ ਕੰਨਿਆ ਤੋਂ ਇਲਾਵਾ ਸ਼ੂਦਰ ਵਰਣ ਦੀ ਕੰਨਿਆ ਨਾਲ ਭੀ ਸ਼ਾਦੀ ਕਰਨ ਦਾ ਅਧਿਕਾਰ ਹੈ। ਪ੍ਰੰਤੂ ਸ਼ੂਦਰ ਨੂੰ ਕੇਵਲ ਸ਼ੂਦਰ ਕੰਨਿਆ ਨਾਲ ਹੀ ਸ਼ਾਦੀ ਕਰਨ ਦਾ ਅਧਿਕਾਰ ਹੈ।

ਸ਼ਰਾਧ ਦਾ ਅਸ਼ੁੱਧ ਹੋਣਾ: ਸੁੰਘਣ ਤੇ ਸੂਰ, ਆਪਣੇ ਖੰਭਾਂ ਦੀ ਹਵਾ ਨਾਲ ਮੁਰਗਾ, ਦੇਖਣ 'ਤੇ ਕੁੱਤਾ ਅਤੇ ਭੋਜਨ ਨੂੰ ਛੂਹਣ

’ਤੇ ਸ਼ੂਦਰ ਉਸਨੂੰ ਅਸ਼ੁੱਧ ਕਰ ਦਿੰਦੇ ਹਨ ਜਿਸ ਨਾਲ ਸ਼ਰਾਧ ਕਰਮ ਨੇਹਫਲ ਹੋ ਜਾਂਦਾ ਹੈ। ਇਨ੍ਹਾਂ ਸਭ ਨੂੰ ਸ਼ਰਾਧ ਸਥਾਨ ਤੋਂ ਦੂਰ ਰੱਖਿਆ ਜਾਵੇ।

ਬ੍ਰਾਹਮਣ ਦੀ ਮੌਤ ਹੋਣ ’ਤੇ: ਅਗਰ ਉਸਦੀ ਜਾਤੀ ਦੇ ਲੋਕ ਨਾ ਹੋਣ ਤਾਂ ਉਸ ਦੀ ਮ੍ਰਿਤਕ ਦੇਹ ਨੂੰ ਸ਼ੂਦਰ ਦੁਆਰਾ ਨਹੀਂ ਉਠਵਾਨਾ ਚਾਹੀਦਾ। ਸ਼ੂਦਰ ਦੀ ਛੂਹ ਨਾਲ ਦੂਸ਼ਿਤ ਹੋਈ ਆਹੂਤੀ ਬ੍ਰਾਹਮਣ ਨੂੰ ਸਵਰਗ ਜਾਣ ’ਚ ਰੁਕਾਵਟ ਪਾਉਂਦੀ ਹੈ।

ਸੋ ਇਹ ਵਿਚਾਰਧਾਰਾ, ਸ਼ੂਦਰਾਂ ਭਾਵ ਅੱਜ ਦੀਆਂ ਪਿਛੜੀਆਂ ਜਾਤੀਆਂ ਤੋਂ ਇਲਾਵਾ ਆਮ ਇਸਤਰੀਆਂ ਪ੍ਰਤੀ ਹੀ ਨਹੀਂ ਬਲਕਿ ਆਮ ਇਨਸਾਨਾਂ ਪ੍ਰਤੀ ਵੀ ਨਫਰਤ ਫੈਲਾਉਣ ਵਾਲੀ ਹੈ। ਜਿਹੜੀ ਪਾਰਟੀ ਇਹੋ-ਜਿਹੀ ਵਿਚਾਰਧਾਰਾ ਤੋਂ ਅਗਵਾਈ ਲੈਂਦੀ ਹੋਵੇ ਉਸਤੋਂ ਇੱਜ਼ਤ ਦੀ ਆਸ ਕਰਨਾ ਆਪਣੇ ਆਪਨੂੰ ਹੀ ਧੋਖਾ ਦੇਣਾ ਹੈ। ਜਦੋਂ ਇਹ ਸ਼ੂਦਰਾਂ ਅੱਜ ਦੇ (ਅਖੌਤੀ ਛੋਟੀਆਂ ਜਾਤੀਆਂ ਜਾਂ ਦਲਿਤਾਂ) ਨੂੰ ਇਨਸਾਨ ਸਮਝਦੇ ਹੀ ਨਹੀਂ ਤਾਂ ਇਨ੍ਹਾਂ ਤੋਂ ਇਨਸਾਨੀ ਵਿਵਹਾਰ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਇਸਤੋਂ ਇਹ ਵੀ ਦੇਖਿਆ ਜਾ ਸਕਦਾ ਹੈ ਕਿ ਇਹ ਹਿੰਦੂਤਵੀ ਸਿਆਸਤ ਵਾਲੇ ਸਾਡੇ ਦੇਸ਼ ਨੂੰ ਮੋੜ-ਘੋੜ ਕੇ ਹਿੰਦੂ ਕਹੇ ਜਾਂਦੇ ਮਨੂੰ-ਸਮ੍ਰਿਤੀ ਵਰਗੇ ਸ਼ਾਸਤਰਾਂ ਦੀ ਤਰਜ’ਤੇ ਬਣਾਉਣਾ ਲੋਚਦੀ ਹੈ। ਜਿਵੇਂ ਸਾਮਰਾਜੀਆਂ ਨਾਲ ਮਿਲਕੇ ਸਾਡੀ ਹਕੂਮਤ ਨੇ ਹਰੇ ਇਨਕਲਾਬ ਨੂੰ ਲਾਗੂ ਕਰਨ ਲਈ ਪੰਜਾਬ ਦੀ ਧਰਤੀ ਨੂੰ ਪ੍ਰਯੋਗਸ਼ਾਲਾ ਬਣਾਇਆ ਸੀ, ਇਵੇਂ ਹੁਣ ਹਿੰਦੂਤਵੀ, ਜਿਸ ’ਚ ਯੋਗੀ ਅਦਿੱਤਿਆ ਨਾਥ ਮੋਹਰੀਆਂ ’ਚ ਸ਼ਾਮਲ ਹੈ, ਯੂ.ਪੀ.ਨੂੰ ਆਪਣੀ ਸਿਆਸਤ ਦੀ ਪ੍ਰਯੋਗਸ਼ਾਲਾ ਬਣਾਉਣਾ ਚਾਹੁੰਦੇ ਹਨ। ਇਸੇ ਲਈ ਇਹ ਅਖੌਤੀ ਨੀਵੀਆਂ ਜਾਤੀਆਂ ਨੂੰ ਜ਼ਬਰ ਨਾਲ ਦਹਿਸ਼ਤਜ਼ਦਾ ਕਰਨ ਦੇ ਨਾਲ ਨਾਲ ਜੇ ਕੋਈ ਹੋਰ ਵੀ ਇਨ੍ਹਾਂ ਅਗੇ ਚੂੰ ਕਰਦਾ ਹੈ ਉਸਨੂੰ ਵੀ ਦਹਿਸ਼ਤਜਦਾ ਕਰਨਾ ਚਾਹੁੰਦੇ ਹਨ। ਇਉਂ ਕਰਦਿਆਂ ਇਹ ਸਿਰਫ ਤੇ ਸਿਰਫ ਸ੍ਰੇਸ਼ਟ ਕਹੀਆਂ ਜਾਂਦੀਆਂ ਜਾਤੀਆਂ ਤੱਕ ਨੂੰ ਹੀ ਨਾਗਰਿਕ ਹੋਣ ਦਾ ਅਧਿਕਾਰ ਸੁਘੇੜਦਿਆਂ ਬਾਕੀਆਂ ਨੂੰ ਦੂਸਰੇ ਦਰਜੇ ਦੇ ਨਾਗਰਿਕ ਬਣਾ ਦੇਣਾ ਚਾਹੁੰਦੇ ਹਨ। ਇਸ ਤਰ੍ਹਾਂ ਕਰਦਿਆਂ ਇਹ ਹਿੰਦੂ ਰਾਸ਼ਟਰ ਦਾ ਸੁਪਨਾ ਪੂਰਾ ਕਰਨ ਦੀ ਦਿਸ਼ਾ ਵੱਲ ਕਦਮ ਉਠਾ ਰਹੇ ਹਨ।

ਸਬਕ: ਸੋ ਇਹ ਘਟਨਾ ਤੋਂ ਸਾਰੀਆਂ ਜਮਹੂਰੀ ਤਾਕਤਾਂ ਨੂੰ ਸਬਕ ਲੈਣਾ ਚਾਹੀਦਾ ਹੈ। ਉਹ ਇਹ ਕਿ ਇਹ ਘਟਨਾ ਸਿਰਫ ਘਿਣਾਉਣੇ ਬਲਾਤਕਾਰ ਤੱਕ ਹੀ ਸਿਮਟੀ ਹੋਈ ਨਹੀਂ ਹੈ ਬਲਕਿ ਇਹ ਇੱਕ ਮਿਥੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਵੱਲ ਵਧਦੇ ਕਦਮਾਂ ਦਾ ਸਿੱਟਾ ਹੈ। ਇਸ ਲਈ ਸਾਰੇ ਜਮਹੂਰੀ ਤੇ ਅਗਾਂਹਵਧੂ ਹਲਕਿਆਂ ਨੂੰ ਇਸ ਸਿਆਸਤ ਦਾ ਡਟਕੇ ਵਿਰੋਧ ਕਰਨ ਲਈ ਆਮ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਜਥੇਬੰਦ ਕਰਨਾ ਚਾਹੀਦਾ ਹੈ। ਲੋਕਾਂ ਨੂੰ ਇਸ ਸਿਆਸਤ ਦੇ ਮਨਸੂਬਿਆਂ ਬਾਰੇ ਸਪੱਸ਼ਟ ਤੇ ਚੌਕਸ ਕਰਨਾ ਚਾਹੀਦਾ ਹੈ।

*ਨਾਰਕੋ ਟੈਸਟ: ਨਾਰਕੋ ਟੈਸਟ ਵਿੱਚ ਵਿਅਕਤੀ ਦੇ ਸਰੀਰ ਵਿਚ ਕੁਝ ਰਸਾਇਣਕ ਪਦਾਰਥ/ਦਵਾਈਆਂ ਦਾ ਟੀਕਾ ਲਗਾਇਆ ਜਾਂਦਾ ਹੈ। ਇਨ੍ਹਾਂ ਪਦਾਰਥਾਂ ਕਾਰਨ ਵਿਅਕਤੀ ਦਾ ਆਪਣੀ ਸੁਰਤ/ਚੇਤਨ ਮਨ ਤੋਂ ਕੰਟਰੋਲ ਕੁਝ ਘਟਦਾ ਹੈ ਅਤੇ ਇਹ ਸਮਝਿਆ ਜਾਂਦਾ ਹੈ ਕਿ ਉਸ ਵੇਲੇ ਉਹ ਜੋ ਵੀ ਬੋਲੇਗਾ, ਉਹ ਸੱਚ ਹੋਵੇਗਾ।

2- ਫਾਸ਼ਿਜ਼ਮ ਆਫ ਸੰਘ ਪਰਿਵਾਰ-ਰਾਮ ਪੁਨਿਆਨੀ, ਸਫਾ 79 (ਦੂਸਰਾ ਰੀਵਾਈਜ਼ਡ ਅਡੀਸ਼ਨ) ਮੀਡੀਆ ਹਾਊਸ 2002

ਹਵਾਲੇ: ਮਨੂੰ-ਸਮ੍ਰਿਤੀ (ਹਿੰਦੀ ਅਨੁਵਾਦ) ਸੁਰੇਂਦਰਨਾਥ ਸਕਸੈਨਾ, ਅੱਠਵਾਂ ਸੰਸਕਰਣ, ਜਯ ਮਾਇਆ ਆਫਸੈਟ, ਝਿਲਮਿਲ ਇੰਡਟਰੀਅਲ ਏਰੀਆ, ਦਿੱਲੀ-110095, ਸਫਾ 31, ਸਫਾ 46, ਸਫਾ 214, ਸਫਾ 135, ਸਫਾ 207

98769 53561

ਗ਼ਜ਼ਲ



ਭਾਰਤ ਦੇ ਜ਼ਖ਼ਮੀ ਤਨ ’ਤੇ
ਲੀਰਾਂ ਬੋਲਦੀਆਂ।
ਹਾਕਮ ਦੇ ਪ੍ਰਸ਼ਾਸਨ ਵਿੱਚ
ਤਸਵੀਰਾਂ ਬੋਲਦੀਆਂ।
ਰਿਸ਼ਤਾ-ਰਿਸ਼ਤਾ ਕਾਤਿਲ ਹੋਇਆ ਇੱਕ ਕਹਾਣੀ ਹੈ,
ਨਾਲ ਲਹੂ ਦੇ ਲਥ-ਪਥ ਇਹ ਸ਼ਮਸ਼ੀਰਾਂ ਬੋਲਦੀਆਂ।
ਭੁੱਖ ਦੇ ਹੱਥੋਂ ਬੱਚੇ ਮਰ ਗਏ ਹਾਕਮ ਬੇਪ੍ਰਵਾਹ,
ਬੇਵਸ ਨਿਰਧਨ ਲੋਕਾਂ ਵਿੱਚ ‘ਤਕਦੀਰਾਂ’ ਬੋਲਦੀਆਂ।
ਇੱਕ ਵਾਰੀ ਬਸ ਖੁਲਣ ਦਓ ਫੇਰ ਕ੍ਰਾਂਤੀ ਆਉਣੀ,
ਤੂਫ਼ਾਨਾਂ ਦੇ ਪੈਰਾਂ ਵਿੱਚ ਜ਼ੰਜੀਰਾਂ ਬੋਲਦੀਆਂ।
ਉੱਚੇ ਉੱਚੇ ਮਹਿਲ ਬਣਾ ਕੇ ਆਈਆਂ ਲਗਦੀਆਂ ਨੇ,
ਜ਼ਖ਼ਮੀ ਹੋਏ ਹੱਥਾਂ ਵਿੱਚ ਲਕੀਰਾਂ ਬੋਲਦੀਆਂ।
ਬੇਰੋਜ਼ਗਾਰੀ ਤੇ ਨਸ਼ਿਆਂ ਨੇ ਗੱਭਰੂ ਖਾ ਲਏ ਨੇ,
ਕਰਜ਼ੇ ਚੜ੍ਹੀਆਂ ਚੁੱਲੇ ਸੜ੍ਹੀਆਂ ਖੀਰਾਂ ਬੋਲਦੀਆਂ।
‘ਬਾਲਮ’ ਹੁਣ ਤਾਂ ਸਮਝਣ ਲੋਕ ਸਿਆਸਤ ਗੰਦੀ ਨੂੰ,
ਹੁਣ ਤਾਂ ਔਖੇ ਸਾਹਾਂ ਵਿੱਚ ਜ਼ਮੀਰਾਂ ਬੋਲਦੀਆਂ।

ਬਲਵਿੰਦਰ ਬਾਲਮ ਗੁਰਦਾਸਪੁਰ
98156 25409

ਨੌਜਵਾਨੋਂ ! ਉੱਠੋ ! ! ਯੁੱਗ ਪਲਟ ਰਿਹਾ ਹੈ।

ਬਾਬਾ ਸੋਹਣ ਸਿੰਘ ਭਕਨਾ

ਭਾਰਤੀ ਕੌਮੀ ਹਕੂਮਤ ਦੀ ਦੇਣ : ਯੋਲ ਕੈਂਪ ਦੀ ਨਜਾਇਜ਼ ਬੰਦਸ਼ ਅਤੇ ਭੁੱਖ ਹੜਤਾਲ ਨੇ ਮੇਰੀ ਕਮਰ ਜਲਦੀ ਹੀ ਟੇਢੀ ਕਰ ਦਿੱਤੀ। ਅੱਜ ਵੀ ਜੇ ਕੋਈ ਮੈਨੂੰ ਪੁੱਛਦਾ ਹੈ ਕਿ ਤੇਰੀ ਕਮਰ ਟੇਢੀ ਕਿਉਂ ਹੋ ਗਈ ਤਾਂ ਮੈਂ ਇਹ ਜਵਾਬ ਦਿੰਦਾ ਹਾਂ ਕਿ ਇਹ ਕੌਮੀ ਕਾਂਗਰਸ ਹਕੂਮਤ (ਭਾਰਤੀ ਸੱਤਾ) ਦੀ ਮੇਰੀ ਪਿੱਠ 'ਤੇ ਮੁਹਰ ਛਾਪ ਹੈ। ਇਹ ਆਖਰੀ (ਸੱਤਵੀਂ) ਭੁੱਖ ਹੜਤਾਲ ਸੀ ਜੋ ਜੇਲ੍ਹ ਸੰਗਰਾਮ ਵਿੱਚ ਮੈਨੂੰ ਕਰਨੀ ਪਈ।

ਮੇਰਾ ਅਕੀਦਾ : ਮੈਂ ਰੱਬ ਦੇ ਨਾਂ ਦੀ ਮਾਲਾ ਤਾਂ ਨਹੀਂ ਫੇਰਦਾ, ਪਰ ਉਹਨਾਂ ਦੁਨੀਆਂ ਭਰ ਦੇ ਸ਼ਹੀਦਾਂ– ਚਾਹੇ ਉਹ ਕਿਸੇ ਵੀ ਦੇਸ਼ ਜਾਂ ਕੌਮ ਵਿੱਚ ਪੈਦਾ ਹੋਏ ਹੋਣ, ਜਿਹਨਾਂ ਨੇ ਦੁਖੀ ਦੁਨੀਆਂ ਨੂੰ ਜ਼ਾਲਮਾਂ, ਠੱਗਾਂ ਤੇ ਵਹਿਮ ਪ੍ਰਸਤਾਂ ਦੇ ਪੰਜੇ ਤੋਂ ਛੁਡਾਉਣ ਲਈ ਆਪਣੀਆਂ ਕੁਰਬਾਨੀਆਂ ਦਿੱਤੀਆਂ– ਦੇ ਨਾਮ ਦੀ ਮਾਲਾ ਜਰੂਰ ਫੇਰਦਾ ਹਾਂ। ਇਹ ਮੇਰਾ ਅਕੀਦਾ ਹੈ ਅਤੇ ਇਹੀ ਮੇਰਾ ਧਰਮ ਹੈ।

> ਨੌਜਵਾਨੋਂ ! ਉੱਠੋ!!
> ਯੁੱਗ ਪਲਟ ਰਿਹਾ ਹੈ।
> ਆਪਣੇ ਕਰਤੱਵ ਨੂੰ ਪੂਰਾ ਕਰੋ।
> ਹਰ ਪ੍ਰਕਾਰ ਦੀ ਦਾਸਤਾ ਕੀ ਆਰਥਿਕ, ਕੀ ਰਾਜਨੀਤਕ ਤੇ ਕੀ ਸਮਾਜਿਕ ਜੜ੍ਹ ਤੋਂ ਉਖਾੜ ਸੁੱਟੋ। ਮਨੁੱਖਤਾ ਹੀ ਸੱਚਾ ਧਰਮ ਹੈ। ਜੈ ਜਨਤਾ!
> ਇਹ ਬੋਲ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਨੇ ਜੋ 98 ਵਰ੍ਹਿਆਂ ਦੇ ਸੰਗਰਾਮੀ ਜੀਵਨ ਸਫ਼ਰ 'ਤੇ ਵੀ ਨੌਜਵਾਨ ਹੋ ਕੇ ਹੀ ਇਨਕਲਾਬ ਦੇ ਰਾਹ 'ਤੇ ਅਡੋਲ ਰਹੇ।

ਗਊ ਰੱਖਿਆ : ਧਰਮ ਦੇ ਪੱਖ ਤੋਂ ਨਹੀਂ ਦੁੱਧ ਦੇ ਪੱਖ ਤੋਂ। ਜਿਸ ਤਰ੍ਹਾਂ ਦੂਸਰੇ ਮੁਲਕ ਕਰਦੇ ਹਨ। ਮੂੰਹ ਤੋਂ ਤਾਂ ਧਰਮ ਧਰਮ ਆਖੀ ਜਾਣਾ ਅਤੇ ਗਊ ਰੱਖਿਆ ਲਈ ਰੌਲਾ ਪਾਉਣਾ ਪਰ ਰੱਖਿਆ ਦੀ ਥਾਂ ਗਾਂ ਨੂੰ ਭੁੱਖਿਆ ਰੱਖ ਕੇ ਅਤੇ ਉਸਦੇ ਬੱਚਿਆਂ ਨੂੰ ਤਰਸਾ ਤਰਸਾ ਕੇ ਮਾਰਨਾ। ਅਜਿਹੇ ਗਊ ਰੱਖਿਅਕ ਧਰਮ ਦਾ ਕੀ ਅਰਥ ਹੈ ? ਕੀ ਇਹ ਧਰਮ ਹੈ ?

ਸਨਾਤਨ ਸੰਸਕ੍ਰਿਤੀ : ਸਾਡੇ ਜੋ ਨੌਜਵਾਨ/ਲੋਕ ਸਨਾਤਨ ਸੰਸਕ੍ਰਿਤੀ ਦਾ ਨਾਹਰਾ ਲਾਉਂਦੇ ਹਨ, ਅਮਲ ਤਾਂ ਇਹ ਹੈ ਕਿ ਸਵੇਰ ਤੋਂ ਸ਼ਾਮ ਤੱਕ ਭੋਲੇ ਭਾਲੇ ਗਰੀਬਾਂ ਨੂੰ ਝੂਠ ਬੋਲ ਕੇ ਕਸਮਾਂ ਖਾ ਕੇ ਠੱਗਿਆ ਜਾਂਦਾ ਹੈ ਤਾਂ ਫਿਰ ਕੀ ਇਹ ਹੈ ਸਨਾਤਨ ਸੰਸਕ੍ਰਿਤੀ ? ਐ ਗਰੀਬਾਂ ਨੂੰ ਗੁਲਾਮ ਰੱਖਣ ਵਾਲਿਓ ! ਇਹ ਚੰਗੀ ਤਰ੍ਹਾਂ ਸਮਝ ਲਵੋ ਕਿ ਇਹ ਕਾਫਲਾ ਉਸ ਵਕਤ ਤੱਕ ਨਹੀਂ ਰੁਕੇਗਾ ਜਦ ਤੱਕ ਦੁਨੀਆਂ ਵਿੱਚ ਗਰੀਬੀ ਖਤਮ ਨਹੀਂ ਕਰ ਲਵੇਗਾ। ਹੁਣ ਦੁਨੀਆਂ ਦੀ ਦੁਖੀ ਜਨਤਾ ਜਾਗ ਪਈ ਹੈ ਅਤੇ ਏਕਤਾ ਦੇ ਬਲ ਨਾਲ ਗੁਲਾਮੀ ਤੇ ਗਰੀਬੀ ਦੀਆਂ ਜੰਜ਼ੀਰਾਂ ਤੋੜਿਆਂ ਬਗੈਰ ਨਹੀਂ ਠਹਿਰ ਸਕਦੀ।

ਵਹਿਮ : ਤੁਹਾਨੂੰ ਵਹਿਮਾਂ ਵਿੱਚ ਨਹੀਂ ਫਸਣਾ ਚਾਹੀਦਾ। ਜਿੰਦਾ ਮਨੁੱਖ ਦੀ ਇੱਜ਼ਤ ਕਰੋ। ਬਿਮਾਰ ਨੂੰ ਸੰਭਾਲੋ ਅਤੇ ਮਰਨ ਦੇ ਬਾਅਦ ਸਿਰਫ ਮੁਰਦਾ ਦੇਹ ਨੂੰ ਠਿਕਾਣੇ ਲਾ ਕੇ ਜਲ ਪਰਵਾਹ ਕਰ ਦੇਵੋ, ਜਾਂ ਮਿੱਟੀ ਪੁੱਟ ਕੇ ਦਬਾ ਦਿਉ। ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਪੁਜਾਰੀਆਂ ਦੇ ਪਰਲੋਕ ਦੇ ਸਿਧਾਂਤ ਤੋਂ ਬਚੋ। ਪਾਠ, ਗੀਤਾ, ਕੁਰਾਨ ਤੇ ਅੰਜੀਲ, ਕਿਸੇ ਦਾ ਫਲ ਮਰਨ ਵਾਲੇ ਨੂੰ ਨਹੀਂ ਪਹੁੰਚਦਾ, ਇਹ ਸਭ ਭੁਲੇਖਾ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਵਹਿਮ ਪ੍ਰਸਤੀ ਦਾ ਸ਼ਿਕਾਰ ਨਾ ਹੋਵੋ।

ਰੱਬ : ਮਾਦਾ ਸ਼ਕਤੀ ਜੋ ਆਪਣੇ ਆਪ ਵਿੱਚ ਖੁਦਮੁਖਤਾਰ ਹੈ ਅਤੇ ਆਪਣੇ ਕੁਦਰਤੀ ਨਿਯਮਾਂ ਅਨੁਸਾਰ ਬਗੈਰ ਕਿਸੇ ਹੋਰ ਬਾਹਰੀ ਦਖਲ ਦੇ ਵਜੂਦ ਵਿੱਚ ਆਈ ਹੈ। ਇਸ ਦੇ ਬਨਾਉਣ ਵਾਲਾ ਕੋਈ ਰੱਬ ਨਹੀਂ ਹੈ, ਨਾ ਹੀ ਕੋਈ ਐਸਾ ਰੱਬ ਹੈ ਜੋ ਪਿੱਛੇ ਬੈਠਾ ਇਹਦੀ ਤਾਰ ਹਿਲਾਉਂਦਾ ਹੈ, ਅਤੇ ਆਪਣੀ ਇੱਛਾ ਅਨੁਸਾਰ ਨਚਾਉਂਦਾ ਹੈ।

ਭਗਤ ਸਿੰਘ ਦਾ ਸੁਨੇਹਾ : ਭਗਤ ਸਿੰਘ ਨੂੰ ਇਹ ਸੁਣ ਕੇ ਬੜੀ ਚਿੰਤਾ ਹੋਈ। ਉਸ ਨੇ ਮੈਨੂੰ ਸੁਨੇਹਾ ਭੇਜਿਆ, 'ਬਾਬਾ ਜੀ ! ਤੁਸੀਂ ਅੱਗੇ ਕਾਫੀ ਜੇਲ੍ਹਾਂ ਦੇ ਕਸ਼ਟ ਭੋਗ ਚੁੱਕੇ ਹੋ, ਹੁਣ ਭੁੱਖ ਹੜਤਾਲ ਨਾ ਕਰੋ।'' ਮੈਂ ਪਿਆਰ ਨਾਲ ਜਵਾਬ ਦਿੱਤਾ, ''ਭਗਤ ਸਿੰਘ ! ਜਦ ਤੁਸੀਂ ਨੌਜਵਾਨ ਆਪਣੀਆਂ ਜਾਨਾਂ ਦੀ ਬਾਜੀ ਲਾ ਚੁੱਕੇ ਹੋ ਤਾਂ ਮੈਂ ਬਾਹਰ ਕੰਢੇ ਬੈਠਾ ਤੁਹਾਡੀ ਭੁੱਖ ਹੜਤਾਲ ਨੂੰ ਕਿਵੇਂ ਵੇਖ ਸਕਦਾ ਹਾਂ ?''

ਸੁਨੇਹਾ ਲੋਕਾਂ ਦੇ ਨਾਂ (ਪਿੰਡ ਭਕਨਾ ਵਿਖੇ ਗ਼ਦਰ ਪਾਰਟੀ ਦੇ ਯਾਦਗਾਰੀ ਸ਼ਿਲਾਲੇਖ 'ਤੇ ਉਕਰੇ ਸ਼ਬਦ) :

1. **ਏਕਤਾ ਦਾ ਫਲ** – ਸ਼ਕਤੀ ਤੇ ਸਵਤੰਤਰਤਾ (ਆਜ਼ਾਦੀ)
2. **ਅਨੇਕਤਾ ਦਾ ਸਿੱਟਾ** – ਦੁਰਬਲਤਾ ਤੇ ਪਰਤੰਤਰਤਾ (ਗੁਲਾਮੀ)
3. **ਏਕਤਾ ਦਾ ਮੂਲ** – ਸਮਾਜਵਾਦ
4. **ਅਨੇਕਤਾ ਦਾ ਮੂਲ** – ਸਾਮਰਾਜਵਾਦ

(ਸ੍ਰੋਤ - ਕਿਤਾਬ 'ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ- ਬਾਬਾ ਸੋਹਣ ਸਿੰਘ ਭਕਨਾ' - ਸੰਪਾਦਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ)

ਯਾਦ ਕਰਦਿਆਂ

ਕੀ ਕਹਿੰਦੇ ਹਨ ਪੇਰੀਆਰ



ਈ. ਵੀ. ਰਾਮਾਸਾਮੀ ਨਾਯਕਰ ਪੇਰੀਆਰ (17 ਸਤੰਬਰ 1879 – 24 ਦਸੰਬਰ 1973) ਵੀਹਵੀਂ ਸਦੀ ਦੇ ਮਹਾਨ ਚਿੰਤਕਾਂ ਅਤੇ ਵਿਚਾਰਕਾਂ ਵਿੱਚੋਂ ਇੱਕ ਹਨ। ਉਹਨਾਂ ਨੂੰ 'ਦੱਖਣ-ਪੂਰਬੀ ਏਸ਼ੀਆ ਦਾ ਸੁਕਰਾਤ', 'ਸਮਾਜ ਸੁਧਾਰਵਾਦੀ ਅੰਦੋਲਨਾਂ ਦਾ ਪਿਤਾਮਾ' ਅਤੇ 'ਰੂੜੀਆਂ, ਅੰਧ-ਵਿਸ਼ਵਾਸਾਂ ਅਤੇ ਰੱਬ ਦਾ ਕੱਟੜ ਦੁਸ਼ਮਣ' ਆਦਿ ਦੇ ਤੌਰ 'ਤੇ ਜਾਣਿਆ ਜਾਂਦਾ ਹੈ।

ਮੈਂ ਕੌਣ ਹਾਂ :

ਮੇਰਾ ਪਰਿਵਾਰ ਇੱਕ ਰੂੜੀਵਾਦੀ ਪਰਿਵਾਰ ਹੈ। ਇਸ ਨੇ ਮੰਦਿਰ ਅਤੇ ਸਰਾਵਾਂ ਬਣਾਉਣ ਅਤੇ ਭੁੱਖਿਆਂ ਨੂੰ ਭੋਜਨ ਮੁਹੱਈਆ ਕਰਾਉਣ ਦੇ ਕੰਮ ਕੀਤੇ। ਪਰਿਵਾਰ ਦੇ ਮੈਂਬਰਾਂ ਨੇ ਅਜਿਹੇ ਕੰਮਾਂ ਲਈ ਖੁੱਲ੍ਹ ਕੇ ਦਾਨ ਦਿੱਤੇ। ਇੱਕ ਅਜਿਹੇ ਪਰਿਵਾਰ ਵਿੱਚ ਪੈਦਾ ਹੋਣ ਦੇ ਬਾਵਜੂਦ ਲੋਕ ਮੈਨੂੰ ਕ੍ਰਾਂਤੀਕਾਰੀ ਕਹਿੰਦੇ ਹਨ। ਉਹਨਾਂ ਦੇ ਇਸ ਵਿਚਾਰ ਦੇ ਪਿੱਛੇ ਕਾਰਣ ਇਹ ਹੈ ਕਿ ਮੈਂ ਆਪਣੇ ਸਮਾਜ ਦੇ ਕੁੱਝ ਅਜਿਹੇ ਪਹਿਲੂਆਂ 'ਤੇ ਚੋਟ ਕਰਦਾ ਹਾਂ ਜੋ ਸਾਨੂੰ ਨੀਚਾ ਵਿਖਾਉਂਦੇ ਹਨ। ਮੇਰਾ ਜ਼ੋਰ ਇਸ ਗੱਲ 'ਤੇ ਹੈ ਕਿ ਜਦ ਤੱਕ ਸਾਡਾ ਭਰੋਸਾ ਧਰਮ ਵਿਸ਼ੇਸ਼ ਤੌਰ 'ਤੇ ਹਿੰਦੂ-ਧਰਮ, ਹਿੰਦੂ ਦੇਵਤਿਆਂ, ਹਿੰਦੂ ਸ਼ਾਸਤਰਾਂ, ਪੁਰਾਣਾਂ, ਵੇਦਾਂ ਅਤੇ ਇਸ ਦੇ ਇਤਿਹਾਸ ਵਿੱਚ ਹੈ ਅਤੇ ਜਦ ਤੱਕ ਇਹਨਾਂ ਦੀ ਪੂਜਾ ਕਰਦੇ ਹਾਂ, ਉਦੋਂ ਤੱਕ ਸਾਡੀ ਲੁੱਟ ਅਤੇ ਸ਼ੋਸ਼ਣ ਜਾਰੀ ਰਹੇਗਾ। ਸਾਡਾ ਸਮਾਜ ਇਹਨਾਂ ਨਾ-ਬਰਾਬਰੀ ਵਾਲੀਆਂ ਸਥਿਤੀਆਂ ਵਿੱਚੋਂ ਕਦੇ ਉੱਭਰ ਨਹੀਂ ਸਕੇਗਾ। ਅਜਿਹੀ ਸੜੀ ਹੋਈ ਸਥਿਤੀ ਵਿੱਚੋਂ ਬਾਹਰ ਨਿਕਲਣ ਦੀ ਥਾਂ ਅਸੀਂ ਸਿਰਫ਼ ਇਸਦਾ ਪਾਲਣ ਕਰਨ ਵਿੱਚ ਲੱਗੇ ਰਹਾਂਗੇ। ਜੇ ਅਸੀਂ ਚੰਗੀ ਆਰਥਿਕ ਸਥਿਤੀ ਵਿੱਚ ਵੀ ਆ ਜਾਈਏ ਤਾਂ ਵੀ ਖ਼ੁਦ ਨੂੰ ਮਾਨਸਿਕ ਗੁਲਾਮੀ ਵਿੱਚੋਂ ਕੱਢ ਨਹੀਂ ਸਕਾਂਗੇ। ਮੇਰਾ ਕਹਿਣਾ ਸਿਰਫ਼ ਇਹ ਹੈ ਕਿ ਹਰ ਉਹ ਵਿਅਕਤੀ, ਜੋ ਖ਼ੁਦ ਨੂੰ ਸੁਧਾਰਵਾਦੀ ਕਹਿੰਦਾ ਹੈ, ਉਸ ਨੂੰ ਇਹ ਸਮਝਣਾ ਹੀ ਚਾਹੀਦਾ। *(ਇੱਕ ਭਾਸ਼ਣ ਵਿੱਚੋਂ)*

ਧਰਮ ਅਤੇ ਰੱਬ :

ਮੈਂ ਅਕਸਰ ਰੱਬ ਅਤੇ ਉਸ ਨਾਲ ਜੁੜੇ ਸਵਾਲਾਂ ਦੀ ਤੁਲਨਾ ਪਿਆਜ ਨਾਲ ਕਰਦਾ ਹਾਂ। ਪਿਆਜ ਵਿੱਚ ਬੀਜ ਨਹੀਂ ਹੁੰਦਾ। ਸਿਰਫ਼ ਛਿਲਕਾ ਹੀ ਛਿਲਕਾ। ਪੂਰਾ ਛਿਲਕਾ ਉਤਾਰਦੇ ਜਾਵੋ, ਅਖੀਰ ਵਿੱਚ ਤੁਹਾਨੂੰ ਕੁੱਝ ਨਹੀਂ ਮਿਲੇਗਾ। ਰੱਬ ਅਤੇ ਧਰਮ ਵੀ ਇਸੇ ਤਰ੍ਹਾਂ ਹੀ ਹਨ। ਰੱਬ ਦਾ ਸੰਕਲਪ ਮਨੁੱਖ ਰਚਿਤ ਹੈ। ਉਸ ਨੇ ਹੀ ਅਖੌਤੀ ਰੱਬ ਨੂੰ ਸਭ ਕੁੱਝ ਰਚਣ ਦਾ ਸਿਹਰਾ ਦਿੱਤਾ ਅਤੇ ਕਿਹਾ ਕਿ ਉਹ ਹੀ ਦੁਨੀਆਂ ਦਾ ਸਭ ਕੁੱਝ ਚਲਾ ਰਿਹਾ ਹੈ। ਕਹਿਣ ਦਾ ਭਾਵ ਕੀ ਇਹ ਨਹੀਂ ਬਣਦਾ ਕਿ ਤੁਸੀਂ ਚੰਗਾ ਕਰੋ ਜਾਂ ਬੁਰਾ, ਤੁਹਾਨੂੰ ਅਜਿਹਾ ਕਰਨ ਲਈ ਰੱਬ ਵੱਲੋਂ ਹੀ ਕਿਹਾ ਗਿਆ ਹੈ। ਕੀ ਇਹ ਵਿਚਾਰ ਕਿਸੇ ਲਈ ਕਿਸੇ ਵੀ ਤਰ੍ਹਾਂ ਮੱਦਦਗਾਰ ਹੈ?

ਜਦ ਤੱਕ ਲੋਕ ਮੂਰਖ ਜਾਂ ਅਗਿਆਨੀ ਹਨ, ਜਦ ਤੱਕ ਉਹ ਸੋਚਣ ਦੀ ਸਮਰੱਥਾ ਨਹੀਂ ਪੈਦਾ ਕਰਨਗੇ, ਇਸੇ ਤਰ੍ਹਾਂ ਰੱਬ ਸਰਬ-ਸ਼ਕਤੀਮਾਨ ਅਤੇ ਸਾਰੀਆਂ ਗਤੀਵਿਧੀਆਂ ਕੰਟਰੋਲ ਕਰਨ ਵਾਲਾ ਬਣਿਆ ਰਹੇਗਾ। ਸਿਰਫ਼ ਰੱਬ ਰਹਿਤ ਭਾਵਨਾਵਾਂ ਵਾਲਾ ਮਨੁੱਖ ਹੀ ਸਾਰਿਆਂ ਨੂੰ ਸਮਾਨ ਸਮਝ ਸਕਦਾ ਹੈ। ਜੇ ਅੱਜ ਇੱਥੇ ਅਜਿਹੀ ਸਥਿਤੀ ਨਹੀਂ ਹੈ ਤਾਂ ਇਸਦਾ ਕਾਰਣ ਹੈ ਕਿ ਰੱਬ ਅਤੇ ਧਰਮ ਦੀਆਂ ਗੱਲਾਂ, ਦੈਵੀ ਗੁਣਾਂ ਵਾਲੇ ਮਨੁੱਖਾਂ ਦੀਆਂ ਗੱਲਾਂ ਇੱਥੇ ਮੌਜੂਦ ਹਨ।

(ਲੇਖ 'ਰੱਬ ਅਤੇ ਧਰਮ' ਵਿੱਚੋਂ)

ਧਰਮ :

ਧਰਮ ਲੋਕਾਂ ਨੂੰ ਪਿਛਲੱਗ ਬਣਾਉਂਦਾ ਹੈ। ਧਰਮ ਚਾਹੇ ਕਿੰਨਾ ਅਨਿਆ ਕਰੇ, ਲੋਕਾਂ ਨੂੰ ਉਸੇ ਧਰਮ ਦਾ ਭੈਅ ਵਿਖਾ ਕੇ ਅਜਿਹੀਆਂ ਘਟਨਾਵਾਂ ਨਾਲ ਜੁੜਿਆ ਸੱਚ ਨਹੀਂ ਜਾਨਣ ਦਿੱਤਾ ਜਾਂਦਾ। ਇਹ ਇੱਕ ਵਿਅਕਤੀ ਦੇ ਖ਼ੂਨ-ਪਸੀਨੇ ਨਾਲ ਕਮਾਏ ਪੈਸੇ 'ਤੇ ਕਿਸੇ ਦੂਜੇ ਹੋਰ ਨੂੰ ਅੱਯਾਸ਼ੀ ਕਰਨ ਲਈ ਉਤਸਾਹਿਤ ਕਰਦਾ ਹੈ। ਕਿਸੇ ਮਾੜੇ ਬੰਦੇ ਦੇ ਤਮਾਮ ਛਲ, ਧੋਖੇ, ਲੁੱਟ ਦੇ ਬਾਵਜੂਦ ਜੇ ਪਵਿੱਤਰ ਪਾਣੀ ਜਾਂ ਭਭੂਤੀ ਉਸ 'ਤੇ ਛਿੜਕ ਦਿੱਤੀ ਜਾਵੇ ਤਾਂ ਉਹ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ, ਧਰਮ ਇਹੀ ਕਹਿੰਦਾ ਹੈ ਨ? ਹਰੇਕ ਧਰਮ ਆਪਣੀ ਮਹਾਨਤਾ ਦਾ ਦਾਅਵਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਇੱਕ ਮਾਤਰ ਉਹੀ ਸੱਚਾ ਧਰਮ ਹੈ।

(ਲੇਖ 'ਕਰਮਕਾਂਡਾਂ ਦਾ ਸਮੁੱਚ ਹੈ ਧਰਮ' ਵਿੱਚੋਂ)

...ਬਾਕੀ ਪੰਨਾ 14 'ਤੇ

ਜਗਿਆਸਾ

ਕੀ ਪਿੱਪਲ, ਨਿੰਮ ਜਾਂ ਤੁਲਸੀ ਵਰਗੇ ਪੌਦੇ ਰਾਤ ਨੂੰ ਆਕਸੀਜਨ ਛੱਡਦੇ ਹਨ ?

ਪ੍ਰਾਚੀਨ ਮਨੁੱਖ ਦਾ ਜੀਵਨ ਕੁਦਰਤ ਉੱਤੇ ਬਹੁਤ ਨਿਰਭਰ ਸੀ ਜਿਸ ਕਰਕੇ ਉਸ ਵਿੱਚ ਕੁਦਰਤ ਦੀ ਪੂਜਾ ਕਰਨ ਦਾ ਰੁਝਾਨ ਪੈਦਾ ਹੋ ਗਿਆ। ਉਸ ਦੀ ਇੱਛਾ ਹੁੰਦੀ ਸੀ ਕਿ ਕੁਦਰਤੀ ਸਾਧਨਾਂ ਤੋਂ ਉਸ ਨੂੰ ਪ੍ਰਾਪਤ ਹੋਣ ਵਾਲੀਆਂ ਸਹੂਲਤਾਂ ਮਿਲਦੀਆਂ ਰਹਿਣ। ਉਹ ਕੁਝ ਕੁਦਰਤੀ ਸ਼ਕਤੀਆਂ ਜਿਵੇਂ ਵਰਖਾ, ਨਦੀਆਂ, ਸੂਰਜ, ਅਗਨੀ, ਸੱਪ ਆਦਿ ਦੀ ਪੂਜਾ ਇਹ ਸੋਚ ਕੇ ਕਰਦਾ ਸੀ ਕਿ ਉਹ ਉਸ ਉੱਤੇ ਮਿਹਰਬਾਨ ਰਹਿਣ ਅਤੇ ਉਸਦਾ ਨੁਕਸਾਨ ਨਾ ਕਰਨ; ਜਦ ਕਿ ਕੁਝ ਚੀਜਾਂ ਦੀ ਪੂਜਾ ਉਨ੍ਹਾਂ ਤੋਂ ਪ੍ਰਾਪਤ ਹੋ ਰਹੀਆਂ ਸਹੂਲਤਾਂ ਦਾ ਧੰਨਵਾਦ ਕਰਨ ਦੀ ਭਾਵਨਾ ਵਿਚੋਂ ਪੈਦਾ ਹੋਈ, ਜਿਵੇਂ ਕੁਝ ਪੌਦਿਆਂ ਅਤੇ ਜੰਤੂਆਂ ਦੀ ਪੂਜਾ। ਭਾਰਤੀ ਸਭਿਅਤਾ ਵਿੱਚ ਦਰਖਤਾਂ ਵਿਚੋਂ ਪਿੱਪਲ, ਨਿੰਮ, ਤੁਲਸੀ ਅਤੇ ਕੁਝ ਹੋਰ ਪੌਦਿਆਂ ਨਾਲ ਕੁਝ ਵਿਸ਼ੇਸ਼ ਰਸਮਾਂ ਵੀ ਜੁੜ ਗਈਆਂ। ਅਸਲ ਵਿੱਚ ਇਨ੍ਹਾਂ ਰਸਮਾਂ ਦਾ ਮਕਸਦ ਇਨ੍ਹਾਂ ਪੌਦਿਆਂ ਦੀ ਮਹੱਤਤਾ ਦਾ ਅਹਿਸਾਸ ਕਰਵਾਉਣਾ ਅਤੇ ਆਮ ਲੋਕਾਂ ਨੂੰ ਇਨ੍ਹਾਂ ਦੀ ਸਾਂਭ ਸੰਭਾਲ ਵੱਲ ਪ੍ਰੇਰਣਾ ਸੀ।

ਆਧੁਨਿਕ ਯੁੱਗ ਵਿੱਚ ਗਿਆਨ ਵਿਗਿਆਨ ਦੇ ਵਿਕਾਸ ਨਾਲ ਇਹ ਸਵਾਲ ਖੜ੍ਹਾ ਹੋਣ ਲੱਗਾ ਕਿ ਠੀਕ ਹੈ, ਦਰਖਤ ਅਤੇ ਪੌਦੇ ਸਾਨੂੰ ਲਾਭ ਦਿੰਦੇ ਹਨ, ਇਨ੍ਹਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ, ਇਨ੍ਹਾਂ ਨੂੰ ਐਂਵੇ ਨਹੀਂ ਕੱਟਣਾ ਜਾਂ ਪੁਟਣਾ ਚਾਹੀਦਾ, ਪਰ ਇਨ੍ਹਾਂ ਦੀ ਪੂਜਾ ਕਰਨ ਦਾ ਕੀ ਮਤਲਬ ? ਦਰਖਤ ਤਾਂ ਹੋਰ ਵੀ ਬਹੁਤ ਹਨ, ਉਨ੍ਹਾਂ ਤੋਂ ਵੀ ਬਹੁਤ ਲਾਭ ਹੁੰਦੇ ਹਨ, ਇਨ੍ਹਾਂ ਪਿੱਪਲ ਵਰਗੇ ਦਰਖਤਾਂ ਵਿੱਚ ਕੀ ਖਾਸ ਗੱਲ ਹੈ ?

ਅੱਜ ਦੇ ਦੌਰ ਵਿੱਚ, ਜੋ ਹਿੰਦੂਤਵ ਵਾਲੀ ਲਹਿਰ ਚੱਲੀ ਹੋਈ ਹੈ, ਇਸਦਾ ਇੱਕ ਨਿਸ਼ਾਨਾ ਭਾਰਤ ਵਿੱਚ ਪ੍ਰਚਲਿਤ ਪੁਰਾਤਨ ਵਿਚਾਰਾਂ ਨੂੰ ਸਰਵੋਤਮ ਕਰਾਰ ਦੇ ਕੇ ਆਧੁਨਿਕ ਵਿਗਿਆਨਕ ਸੋਚ ਦਾ ਵਿਰੋਧ ਕਰਨਾ ਹੈ। ਇਸੇ ਕਰਕੇ ਉਸ ਨੇ ਪ੍ਰਚੀਨ ਮਨੁੱਖ ਦੇ ਸੀਮਿਤ ਗਿਆਨ ਵਿਚੋਂ ਪੈਦਾ ਹੋਈਆਂ ਰਸਮਾਂ ਨੂੰ ਹਿੰਦੂ ਧਰਮ ਨਾਲ ਜੋੜ ਲਿਆ ਤਾਂ ਜੋ ਇਨ੍ਹਾਂ ਵੇਲਾ ਵਿਹਾ ਚੁੱਕੀਆਂ ਰਸਮਾਂ ਨੂੰ ਧਰਮ ਦਾ ਠੁੰਮ੍ਹਣਾ ਦੇ ਕੇ ਕਾਇਮ ਰੱਖਿਆ ਜਾਵੇ। ਪਰ ਅੱਜ ਦਾ ਚਿੰਤਨਸ਼ੀਲ ਮਨੁੱਖ ਕਿਸੇ ਵੀ ਵਰਤਾਰੇ ਪਿੱਛੇ ਵਿਗਿਆਨਕ ਤਰਕ ਬਿਆਨ ਕੀਤੇ ਜਾਣ ਦੀ ਮੰਗ ਕਰਦਾ ਹੈ।

ਸੋ ਹਿੰਦੂਤਵਵਾਦੀਆਂ ਨੇ ਇਹ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਦੂਸਰੇ ਦਰੱਖਤ ਕੇਵਲ ਦਿਨ ਨੂੰ ਹੀ ਆਕਸੀਜਨ ਛਡਦੇ ਹਨ ਜਦ ਕਿ ਇਹ ਦਰੱਖਤ ਰਾਤ ਨੂੰ ਵੀ ਆਕਸੀਜਨ ਛਡਦੇ ਹਨ। ਪਹਿਲਾਂ ਇਹ ਗੱਲ ਕੇਵਲ ਪਿੱਪਲ ਬਾਰੇ ਹੀ ਪ੍ਰਚਾਰੀ ਗਈ, ਪਰ ਫਿਰ ਹਿੰਦੂ ਧਰਮ ਵਿੱਚ ਪਵਿੱਤਰ ਮੰਨੇ ਜਾਂਦੇ ਨਿੰਮ ਦੇ ਦਰਖਤ ਅਤੇ ਤੁਲਸੀ ਵਰਗੇ ਪੌਦਿਆਂ ਨਾਲ ਵੀ ਇਹ ਗੱਲ ਜੋੜ ਦਿੱਤੀ ਗਈ। ਇਸਦਾ ਕਾਰਣ ਇਹ ਸੀ ਕਿ ਨਿੰਮ ਅਤੇ ਤੁਲਸੀ ਨੂੰ ਕੇਵਲ ਮੈਡੀਕਲ ਗੁਣਾਂ ਦੇ ਆਧਾਰ ਉੱਤੇ ਹੀ ਪਵਿੱਤਰ ਨਹੀਂ ਮੰਨਿਆ ਜਾ ਸਕਦਾ ਸੀ, ਦਵਾਈਆਂ ਤਾਂ ਹੋਰ ਵੀ ਬਹੁਤ ਸਾਰੇ ਪੌਦਿਆਂ ਤੋਂ ਪ੍ਰਾਪਤ ਹੁੰਦੀਆਂ ਹਨ। ਸੋ ਇੰਟਰਨੈੱਟ ਉੱਤੇ ਇਸ ਪ੍ਰਚਾਰ ਦੀ ਹਨੇਰੀ ਲਿਆਂਦੀ ਹੋਈ ਹੈ ਕਿ ਇਹ ਦਰਖਤ 24 ਘੰਟੇ ਆਕਸੀਜਨ ਛੱਡਦੇ ਹਨ।

ਹੁਣ ਇਹ ਗੱਲ ਤਾਂ ਆਮ ਸਕੂਲੀ ਵਿਦਿਆਰਥੀ ਵੀ ਜਾਣਦਾ ਹੈ ਕਿ ਪੌਦਿਆਂ ਵਿੱਚ ਸੂਰਜ ਦੀ ਰੋਸ਼ਨੀ ਵਿੱਚ ਪ੍ਰਕਾਸ਼ ਸੰਸਲੇਸ਼ਣ ਕਿਰਿਆ ਹੁੰਦੀ ਹੈ। ਇਸ ਕਿਰਿਆ ਵਿੱਚ ਪੌਦੇ, ਧਰਤੀ ਤੋਂ ਪਾਣੀ ਅਤੇ ਖਣਿਜ ਪਦਾਰਥ ਅਤੇ ਹਵਾ ਵਿਚੋਂ ਕਾਰਬਨ ਡਾਈਆਕਸਾਈਡ ਲੈ ਕੇ, ਪੱਤਿਆਂ ਵਿੱਚ ਮੌਜੂਦ ਕਲੋਰੋਫਿਲ ਦੀ ਸਹਾਇਤਾ ਨਾਲ, ਸੂਰਜ ਦੀ ਰੋਸ਼ਨੀ ਦੀ ਊਰਜਾ ਨੂੰ ਜਜ਼ਬ ਕਰਕੇ ਆਪਣਾ ਭੋਜਨ ਬਣਾਉਂਦੇ ਹਨ। ਇਸ ਕਿਰਿਆ ਵਿੱਚ ਕਾਰਬਨ ਡਾਇਆਕਸਾਈਡ ਵਿਚਲੀ ਕਾਰਬਨ ਪੌਦਿਆਂ ਵਿੱਚ ਕਾਰਬੋਹਾਈਡ੍ਰੇਟ ਵਰਗੇ ਪਦਾਰਥ ਬਨਾਉਣ ਵਿੱਚ ਵਰਤੀ ਜਾਂਦੀ ਹੈ ਜਦ ਕਿ ਆਕਸੀਜਨ ਪੌਦੇ ਬਾਹਰ ਛੱਡ ਦਿੰਦੇ ਹਨ, ਜਿਸ ਨੂੰ ਸਾਰੇ ਜੀਵ ਜੰਤੂ ਸਾਹ ਲੈਣ ਲਈ ਵਰਤਦੇ ਹਨ। ਇਸ ਤਰ੍ਹਾਂ ਕੁਦਰਤ ਵਿੱਚ ਆਕਸੀਜਨ ਅਤੇ ਕਾਰਬਨ ਡਾਇਆਕਸਾਈਡ ਦਾ ਚੱਕਰ ਚਲਦਾ ਰਹਿੰਦਾ ਹੈ। ਸੋ ਥੋੜ੍ਹਾ ਬਹੁਤ ਪੜ੍ਹੇ, ਆਮ ਵਿਅਕਤੀ ਕੋਲ ਵੀ ਇਹ ਜਾਣਕਾਰੀ ਹੋਣ ਕਾਰਣ ਇਹ ਸਵਾਲ ਖੜ੍ਹਾ ਹੋਣ ਲੱਗ ਪਿਆ ਕਿ ਇਹ ਪੌਦੇ ਰਾਤ ਨੂੰ ਆਕਸੀਜਨ ਕਿਵੇਂ ਛੱਡ ਦਿੰਦੇ ਹਨ ਜਦ ਕਿ ਰਾਤ ਨੂੰ ਤਾਂ ਪ੍ਰਕਾਸ਼ ਸੰਸਲੇਸ਼ਣ ਕਿਰਿਆ ਹੁੰਦੀ ਹੀ ਨਹੀਂ। ਇਸ ਦਾ ਜਵਾਬ ਦੇਣ ਲਈ ਇਨ੍ਹਾਂ ਭਰਮ-ਪ੍ਰਚਾਰਕਾਂ ਨੇ ਕੁਝ ਹੋਰ ਪੌਦਿਆਂ ਵਿੱਚ ਹੁੰਦੇ ਇੱਕ ਵਰਤਾਰੇ ਨੂੰ ਇਨ੍ਹਾਂ ਪੌਦਿਆਂ ਲਈ ਨਜਾਇਜ਼ ਹੀ ਵਰਤਣਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਵਿਗਿਆਨਕ ਵਿਆਖਿਆ ਮੰਗਣ ਵਾਲੇ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਇਆ ਜਾ ਸਕੇ । ਉਹ ਵਰਤਾਰਾ ਹੈ CAM (Crassulacean Acid Metabolism)

ਇਹ ਵਰਤਾਰਾ (CAM) ਕੀ ਹੈ ?

ਅਸੀਂ ਜਾਣਦੇ ਹਾਂ ਕਿ ਲੱਖਾਂ ਸਾਲ ਦੇ ਜੀਵ-ਵਿਕਾਸ ਦੌਰਾਨ ਪੌਦਿਆਂ ਅਤੇ ਜੰਤੂਆਂ ਨੇ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਅਨੁਸਾਰ ਢਾਲ ਲਿਆ। ਜਿਹੜੇ ਪੌਦੇ ਜਾਂ ਜੰਤੂ ਇਸ ਤਰ੍ਹਾਂ ਨਹੀਂ ਢਲ ਸਕੇ ਉਹ ਖਤਮ ਹੋ ਗਏ। ਇਸ ਅਮਲ ਵਿੱਚ ਜਿਹੜੇ ਪੌਦੇ ਬਹੁਤ ਘੱਟ ਪਾਣੀ ਵਾਲੇ ਮਾਰੂਥਲੀ ਇਲਾਕਿਆਂ ਵਿੱਚ ਉਗਦੇ ਸਨ ਉਨ੍ਹਾਂ ਵਿੱਚ ਪਾਣੀ ਬਚਾਉਣ ਲਈ ਬਹੁਤ ਸਾਰੀਆਂ ਜੁਗਤਾਂ ਵਿਕਸਿਤ ਹੋ ਗਈਆਂ। ਪੱਤਿਆਂ ਵਿੱਚ ਗੈਸਾਂ ਦੇ ਆਦਾਨ ਪ੍ਰਦਾਨ ਲਈ ਛੋਟੇ ਛੋਟੇ ਛੇਕ ਹੁੰਦੇ ਹਨ ਜਿਨ੍ਹਾਂ ਨੂੰ ਸਟੋਮੈਟਾ ਕਿਹਾ ਜਾਂਦਾ ਹੈ। ਇਨ੍ਹਾਂ ਸਟੋਮੈਟਾ ਰਾਹੀਂ ਹੀ ਪੌਦੇ ਕਾਰਬਨ ਡਾਇਆਕਸਾਈਡ ਅੰਦਰ ਲੈਂਦੇ ਅਤੇ ਆਕਸੀਜਨ ਬਾਹਰ ਛੱਡਦੇ ਹਨ। ਪਰ ਅਜਿਹਾ ਕਰਦੇ ਹੋਏ, ਇਨ੍ਹਾਂ ਛੇਕਾਂ (ਸਟੋਮੈਟਾ) ਰਾਹੀਂ ਪੌਦਿਆਂ ਵਿਚੋਂ ਪਾਣੀ ਬਾਹਰ ਵਾਸ਼ਪ ਬਣ ਕੇ ਉਡਦਾ ਰਹਿੰਦਾ ਹੈ। ਇਸੇ ਕਰਕੇ ਮਾਰੂਥਲੀ ਪੌਦਿਆਂ ਦੇ ਪੱਤੇ ਬਹੁਤ ਛੋਟੇ ਹੁੰਦੇ ਹਨ ਤਾਂ ਜੋ ਉਨ੍ਹਾਂ ਉੱਤੇ ਸਟੋਮੈਟਾ ਘੱਟ ਹੋਣ ਜਾਂ ਕੁਝ ਪੌਦੇ ਖੁਸ਼ਕ ਰੁੱਤ ਵਿੱਚ ਆਪਣੇ ਪੱਤੇ ਝਾੜ ਦਿੰਦੇ ਹਨ ਜਿਸ ਨਾਲ ਪਾਣੀ ਨੂੰ ਬਚਾਇਆ ਜਾ ਸਕੇ। ਪਰ ਵਿਗਿਆਨਕ ਖੇਤਰ ਵਿੱਚ Crassulaceae ਪਰਿਵਾਰ ਵਜੋਂ ਜਾਣੇ ਜਾਂਦੇ ਵਰਗ ਦੇ ਪੌਦੇ, ਆਪਣੇ ਪੱਤਿਆਂ ਦੇ ਸਟੋਮੈਟਾ ਦਿਨ ਦੇ ਸਮੇਂ ਬੰਦ ਰਖਦੇ ਹਨ ਤਾਂ ਜੋ ਦਿਨ ਦੀ ਗਰਮੀ ਵਿੱਚ ਹੋਣ ਵਾਲੀ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ। ਕਾਰਬਨ ਡਾਇਆਕਸਾਈਡ ਲੈਣ ਲਈ ਇਨ੍ਹਾਂ ਪੌਦਿਆਂ ਦੇ ਸਟੋਮੈਟਾ ਰਾਤ ਸਮੇਂ ਖੁਲ੍ਹਦੇ ਹਨ ਜਦ ਠੰਡ ਕਾਰਣ ਪਾਣੀ ਦੇ ਵਾਸ਼ਪੀਕਰਨ ਹੋਕੇ ਉੱਡ ਜਾਣ ਦਾ ਖਤਰਾ ਘੱਟ ਹੁੰਦਾ ਹੈ। ਰਾਤ ਸਮੇਂ ਹਾਸਲ ਕੀਤੀ ਇਹ ਕਾਰਬਨ ਡਾਇਆਕਸਾਈਡ ਪੌਦੇ ਵਿੱਚ ਜਮਾਂ ਰਹਿੰਦੀ ਹੈ ਅਤੇ ਉਹ ਦਿਨ ਸਮੇਂ ਪ੍ਰਕਾਸ਼ ਸੰਸਲੇਸ਼ਣ ਕਿਰਿਆ ਵਿੱਚ ਵਰਤੀ ਜਾਂਦੀ ਹੈ। ਸੋ ਕੁਝ ਪੌਦੇ ਅਜਿਹੇ ਤਾਂ ਹੁੰਦੇ ਹਨ ਜੋ ਰਾਤ ਸਮੇਂ ਕਾਰਬਨ ਡਾਇਆਕਸਾਈਡ ਲੈਂਦੇ ਹਨ ਪਰ ਅਜਿਹਾ ਕੋਈ ਪੌਦਾ ਨਹੀਂ ਜੋ ਰਾਤ ਸਮੇਂ ਆਕਸੀਜਨ ਛਡਦਾ ਹੋਵੇ। ਦੂਸਰੀ ਗੱਲ ਇਹ ਕਿਰਿਆ ਕਰਨ ਵਾਲੇ ਪੌਦੇ, ਗੁੱਦੇਦਾਰ ਪੱਤਿਆਂ ਵਾਲੇ ਛੋਟੇ ਛੋਟੇ ਮਾਰੂਥਲੀ ਪੌਦੇ ਹੁੰਦੇ ਹਨ, ਜਿਨ੍ਹਾਂ ਨੂੰ ਅੱਜ ਕੱਲ੍ਹ ਗਮਲਿਆਂ ਵਿੱਚ ਲਗਾ ਕੇ ਸਜਾਵਟੀ ਪੌਦਿਆਂ ਵਜੋਂ ਵੀ ਵਰਤਿਆ ਜਾਂਦਾ ਹੈ। ਪਿੱਪਲ, ਨਿੰਮ, ਤੁਲਸੀ ਵਰਗੇ ਪੌਦਿਆਂ ਦਾ ਇਸ ਪ੍ਰਕਿਰਿਆ ਨਾਲ ਕੋਈ ਸਬੰਧ ਹੀ ਨਹੀਂ ਹੈ, ਨਾ ਹੀ ਕੋਈ ਪੌਦਾ 24 ਘੰਟੇ ਆਕਸੀਜਨ ਛਡਦਾ ਹੈ।

ਇਸ ਨਾਲ ਜੁੜਦਾ ਇੱਕ ਹੋਰ ਸਵਾਲ ਪੈਦਾ ਹੋ ਸਕਦਾ ਹੈ ਕਿ ਫਿਰ ਪਿੱਪਲ ਦੀ ਹੀ ਪੂਜਾ ਕਿਉਂ ਕੀਤੀ ਜਾਂਦੀ ਹੈ। ਪਹਿਲੀ ਗੱਲ ਤਾਂ ਕਿਸੇ ਚੀਜ ਦੀ ਪੂਜਾ ਸ਼ੁਰੂ ਹੋਣ ਪਿੱਛੇ ਬਹੁਤ ਸਾਰੇ ਆਰਥਿਕ ਜਾਂ ਸਮਾਜਿਕ-ਸਭਿਆਚਾਰਕ ਕਾਰਣ ਹੁੰਦੇ ਹਨ ਅਤੇ ਇਹ ਰਸਮਾਂ ਸੈਂਕੜੇ ਸਾਲਾਂ ਵਿੱਚ ਹੌਲੀ ਹੌਲੀ ਸਥਾਪਿਤ ਹੋਈਆਂ ਹੁੰਦੀਆਂ ਹਨ, ਸੋ ਇਨ੍ਹਾਂ ਰਸਮਾਂ ਦੀਆਂ ਪੂਰੀਆਂ ਪੈੜਾਂ ਕੱਢ ਸਕਣਾ ਐਨਾ ਸਿੱਧਾ ਕਾਰਜ ਨਹੀਂ ਹੁੰਦਾ। ਇਹ ਖੇਤਰ ਸਭਿਆਚਾਰ ਵਿਗਿਆਨੀਆਂ ਤੋਂ ਗੰਭੀਰ ਖੋਜ ਦੀ ਮੰਗ ਕਰਦਾ ਹੈ। ਫਿਰ ਵੀ ਇਸ ਸੰਦਰਭ ਵਿੱਚ ਕੁਝ ਗੱਲਾਂ ਧਿਆਨ ਖਿਚਦੀਆਂ ਹਨ। ਭਾਰਤ ਦੇ ਜਿਹੜੇ ਮੂਲ ਦਰਖਤ ਹਨ ਉਨ੍ਹਾਂ ਵਿਚੋਂ ਪਿੱਪਲ ਤੋਂ ਬਿਨ੍ਹਾਂ ਹੋਰ ਵੀ ਬਹੁਤ ਸਾਰੇ ਦਰਖਤਾਂ ਦੀ ਪੂਜਾ ਕੀਤੀ ਜਾਂਦੀ ਸੀ/ਹੈ। ਜਿਵੇਂ ਖੁਸ਼ਕ ਇਲਾਕਿਆਂ ਵਿੱਚ ਇਥੋਂ ਦੇ ਦਰਖਤ ਜੰਡ ਦੀ ਪੂਜਾ ਕੀਤੀ ਜਾਂਦੀ ਹੈ। ਪਰ ਜੰਡ ਦੀ ਪੂਜਾ ਕਰਨ ਵਾਲਾ ਵਰਗ ਜਿਆਦਾਤਰ ਗਰੀਬ ਕਿਰਤੀ ਵਰਗ ਵਿਚੋਂ ਆਉਂਦਾ ਹੈ ਉਸ ਕੋਲ ਇੰਟਰਨੈੱਟ ਉੱਤੇ ਜੰਡ ਦੇ ਕਲਪਿਤ ਗੁਣਾਂ ਦਾ ਪ੍ਰਚਾਰ ਕਰਨ ਦੀ ਪਹੁੰਚ ਨਹੀਂ ਹੈ, ਜੋ ਪਿੱਪਲ ਦੀ ਪੂਜਾ ਕਰਨ ਵਾਲਿਆਂ ਕੋਲ ਹੈ। ਫਿਰ ਵੀ ਜੰਡ ਖੁਸ਼ਕ ਇਲਾਕੇ ਦੇ ਆਪਣੇ ਦੂਸਰੇ ਮੁਕਾਬਲੇਬਾਜ ਕਿੱਕਰ ਤੋਂ ਬਾਜੀ ਮਾਰ ਗਿਆ ਕਿਉਂਕਿ ਕਿੱਕਰ ਨਾਲ ਸੂਲਾਂ ਦੇ ਰੂਪ ਵਿੱਚ ਬਹੁਤ ਵੱਡੇ ਕੰਡੇ ਆਦਿ ਲੱਗੇ ਹੁੰਦੇ ਹਨ, ਜੋ ਉਸਦੇ ਹੇਠ ਵੀ ਖਿਲਰੇ ਰਹਿੰਦੇ ਹਨ, ਕੀੜੇ ਆਦਿ ਵੀ ਬਹੁਤ ਹੁੰਦੇ ਹਨ ਅਤੇ ਕਿੱਕਰ ਦੀ ਛਾਂ ਵੀ ਗੂੜ੍ਹੀ ਨਹੀਂ ਹੁੰਦੀ। ਸੋ ਇਸ ਪ੍ਰਤੀ ਪੂਜਾ ਦੀ ਭਾਵਨਾ ਪੈਦਾ ਨਾ ਹੋਈ। ਟਾਹਲੀ ਚਾਹੇ ਬਹੁਤ ਵਧੀਆ ਛਾਂਦਾਰ ਦਰਖਤ ਹੈ ਪਰ ਇਸਦੀ ਲੱਕੜ ਬਹੁਤ ਕੰਮ ਦੀ ਹੁੰਦੀ ਹੈ। ਸੋ ਜੇ ਇਸ ਨੂੰ ਪਵਿੱਤਰ ਕਰਾਰ ਦੇ ਦਿੰਦੇ ਤਾਂ ਇਸਦੀ ਲੱਕੜ ਵਰਤਣ ਤੋਂ ਮਨਾਹੀ ਹੋ ਜਾਣੀ ਸੀ, ਜੋ ਆਰਥਿਕ ਪੱਖ ਤੋਂ ਠੀਕ ਨਹੀਂ ਬੈਠਦੀ ਸੀ। ਪਿੱਪਲ ਦੀ ਲੱਕੜ ਕਿਸੇ ਕੰਮ ਨਹੀਂ ਆਉਂਦੀ, ਕੰਡੇ ਵਗੈਰਾ ਵੀ ਨਹੀਂ ਹੁੰਦੇ, ਛਾਂ ਵੀ ਚੰਗੀ ਦੇ ਦਿੰਦਾ ਹੈ, ਸੋ ਪੂਜਾ ਲਈ ਇਹ ਢੁਕਵਾਂ ਸੀ। ਕਹਿਣ ਦਾ ਭਾਵ ਕਿ ਪਿੱਪਲ ਵਰਗੇ ਦਰਖਤਾਂ ਦੀ ਪੂਜਾ ਸ਼ੁਰੂ ਹੋਣ ਪਿੱਛੇ ਇਹੋ ਜਿਹੇ ਸਾਧਾਰਣ ਕਾਰਣ ਸਨ ਨਾ ਕਿ ਕੋਈ ਵਿਗਿਆਨਕ ਸੂਝ। ਵਿਗਿਆਨਕ ਸੂਝ ਤਾਂ ਇਹ ਕਹਿੰਦੀ ਹੈ ਕਿ ਸਾਰੇ ਪੌਦੇ ਪ੍ਰਕਾਸ਼ ਸੰਸਲੇਸ਼ਣ ਦੀ ਕਿਰਿਆ ਕਾਰਣ ਆਕਸੀਜਨ ਛਡਦੇ ਹਨ ਜੋ ਦਿਨ ਵੇਲੇ ਹੀ ਸੰਭਵ ਹੁੰਦੀ ਹੈ, ਪੌਦੇ ਵਾਤਾਵਰਣ ਨੂੰ ਸ਼ੁੱਧ ਰਖਦੇ ਹਨ, ਕੁਦਰਤੀ ਸਮਤੋਲ ਬਣਾ ਕੇ ਰਖਦੇ ਹਨ, ਹੋਰ ਵੀ ਸੈਂਕੜੇ ਲਾਭ ਹੁੰਦੇ ਹਨ। ਸੋ ਦਰਖਤਾਂ ਦੀ ਬੇਲੋੜੀ ਕਟਾਈ ਨਹੀਂ ਕਰਨੀ ਚਾਹੀਦੀ, ਜੜ੍ਹਾਂ ਵਿੱਚ ਤੇਲ ਦੇਣ ਅਤੇ ਤਣੇ ਦੁਆਲੇ ਖੰਮ੍ਹਣੀ ਲਪੇਟਣ ਦੀ ਬਜਾਏ, ਗਾਵਾਂ ਵਰਗੇ ਆਵਾਰਾ ਪਸ਼ੂਆਂ ਤੋਂ ਬਚਾਉਣ ਅਤੇ ਪਾਣੀ ਆਦਿ ਦਾ ਪ੍ਰਬੰਧ ਕਰਕੇ ਵੱਧ ਤੋਂ ਵੱਧ ਸਾਂਭ ਸੰਭਾਲ ਕਰਨੀ ਚਾਹੀਦੀ ਹੈ।

ਰਾਜਪਾਲ ਸਿੰਘ
98767-10809

ਮਨੋਰੋਗ ਮਾਹਿਰ ਦੀ ਕਲਮ ਤੋਂ

ਮਾਨਸਿਕ ਤਣਾਅ (Stress)



ਡਾ. ਬਲਵੰਤ ਸਿੰਘ ਸਿੱਧੂ

ਅੱਜ-ਕੱਲ੍ਹ ਅਕਸਰ ਹੀ ਇਸ ਵਿਸ਼ੇ ਬਾਰੇ ਇਹ ਗੱਲਬਾਤ ਚਲਦੀ ਹੈ ਕਿ ਮਾਨਸਿਕ ਤਣਾਅ ਬਹੁਤ ਵਧ ਰਿਹਾ ਹੈ। ਕਈ ਮਾਂ-ਬਾਪ ਮਹਿਸੂਸ ਕਰਦੇ ਹਨ ਕਿ ਬੱਚਿਆਂ ਨੂੰ ਕਈ ਕਾਰਣਾਂ ਕਰਕੇ ਪ੍ਰੇਸ਼ਾਨੀ ਹੋ ਰਹੀ ਹੈ; ਜਿਵੇਂ ਕਿ ਕੋਵਿਡ, ਲਾਕਡਾਊਨ ਆਦਿ ਕਰਕੇ। ਬੇਸ਼ਕ ਅਕਸਰ ਹੀ ਸਾਰੇ ਕਹਿੰਦੇ ਰਹਿੰਦੇ ਹਨ ਕਿ ਅੱਜ-ਕੱਲ੍ਹ ਦੁਨੀਆਂ ਭਰ ਵਿੱਚ ਮਾਨਸਿਕ ਤਣਾਅ ਵਧ ਰਿਹਾ ਹੈ, ਕੀ ਇਹ ਸਿਰਫ ਅਖਾਣ ਹੀ ਹੈ ਜਾਂ ਵਾਕਿਆ ਹੀ ਇਸ ਤਰ੍ਹਾਂ ਹੋ ਰਿਹਾ ਹੈ? ਆਓ ਆਪਾਂ ਇਸ ਵਿਸ਼ੇ ਬਾਰੇ ਗੱਲਬਾਤ ਕਰੀਏ।

ਤਣਾਅ ਕਿਸ ਨੂੰ ਆਖਦੇ ਹਾਂ?



ਤਣਾਅ ਕਿਸੇ ਵੀ ਕਿਸਮ ਦੇ ਦਬਾਅ ਜਾਂ ਖਿਚਾਅ ਨੂੰ ਆਖਿਆ ਜਾਂਦਾ ਹੈ, ਜਿਵੇਂ ਕਿ ਮਕਾਨ ਦੀਆਂ ਕੰਧਾਂ ਉੱਪਰ ਹਰ ਵਕਤ ਉਪਰਲੀ ਛੱਤ ਦਾ ਦਬਾਅ ਰਹਿੰਦਾ ਹੈ ਜਾਂ ਜਦੋਂ ਰੇਲ ਦੀ ਪਟੜੀ ਤੋਂ ਰੇਲਗੱਡੀ ਲੰਘਦੀ ਹੈ ਤਾਂ ਉਸ ਉੱਤੇ ਵਕਤੀ ਤੌਰ 'ਤੇ ਬਹੁਤ ਦਬਾਅ ਪਾਉਂਦੀ ਹੈ। ਇਸੇ ਤਰ੍ਹਾਂ ਹੀ ਦਰੱਖਤ ਦੇ ਟਾਹਣੇ 'ਤੇ ਪਾਈ ਪੀਂਘ ਵੀ ਦਰੱਖਤ 'ਤੇ ਖਿਚਾਅ ਦੇ ਰੂਪ ਵਿੱਚ ਤਣਾਅ ਪਾਉਂਦੀ ਹੈ। ਪਰ ਇਸ ਵਕਤ ਅਸੀਂ ਮਨੁੱਖੀ ਮਾਨਸਿਕ ਤਣਾਅ ਦਾ ਜ਼ਿਕਰ ਕਰ ਰਹੇ ਹਾਂ। ਤਣਾਅ ਇੱਕ ਮਾਨਸਿਕ ਦਬਾਅ ਹੈ ਜੋ ਹਰ ਸ਼ਖਸ ਜ਼ਿੰਦਗੀ ਵਿੱਚ ਕਦੇ ਨਾ ਕਦੇ ਮਹਿਸੂਸ ਕਰਦਾ ਹੈ। ਇਹ ਇੱਕ ਵਿਅਕਤੀਗਤ ਅਹਿਸਾਸ ਹੈ ਜੋ ਅਣ-ਸੁਖਾਵਾਂ ਲਗਦਾ ਹੈ ਅਤੇ ਪ੍ਰੇਸ਼ਾਨੀ ਪੈਦਾ ਕਰਦਾ ਹੈ। ਸਮੇਂ ਦੇ ਮਾਪਦੰਡ ਅਨੁਸਾਰ ਤਣਾਅ ਦੋ ਤਰ੍ਹਾਂ ਦੇ ਹੋ ਸਕਦੇ ਹਨ। ਪਹਿਲੀ ਕਿਸਮ ਹੈ (ਇਕਦਮ) ਤੀਬਰ ਕਿਸਮ (Acute type) ਜਿਸ ਵਿੱਚ ਤਣਾਅ ਕੁਝ ਥੋੜ੍ਹੀ ਦੇਰ ਲਈ ਹੀ ਹੁੰਦਾ ਹੈ ਜਿਵੇਂ ਕਿ ਕਿਸੇ ਵਿਅਕਤੀ ਨੂੰ ਆਪਰੇਸ਼ਨ ਦੀ ਲੋੜ ਪੈਣਾ, ਜਿਵੇਂ ਕਿ ਅਪੈਨਡਿਕਸ ਜਾਂ ਗੁਰਦੇ ਦੀਆਂ ਪੱਥਰੀਆਂ ਦਾ ਆਪਰੇਸ਼ਨ ਦੀ ਲੋੜ ਪੈਣਾ ਆਦਿ ਜਿਸ ਵਿੱਚ ਔਖਾ ਸਮਾਂ ਲੰਘਣ ਤੋਂ ਬਾਅਦ ਤਣਾਅ ਖਤਮ ਹੋ ਜਾਂਦਾ ਹੈ। ਦੂਜੀ ਕਿਸਮ ਹੈ ਲੰਬੇ ਸਮੇ ਲਈ ਤਣਾਅ (ਗੰਭੀਰ ਸਥਿਤੀ) ਜਾਂ ਲਮੇਰਾ ਤਣਾਅ (Chronic type)। ਇਸ ਵਿੱਚ ਤਣਾਅ ਲੰਮੇ ਸਮੇ ਲਈ ਜਾਰੀ ਰਹਿੰਦਾ ਹੈ ਜਿਵੇਂ ਕਿ ਗਰੀਬੀ ਜਾਂ ਲੰਬੀਆਂ ਲਾ ਇਲਾਜ ਬਿਮਾਰੀਆਂ ਆਦਿ ਨਾਲ ਪੈਦਾ ਹੋਇਆ ਤਣਾਅ। ਇਸ ਤੋਂ ਇਲਾਵਾ ਤਣਾਅ ਨੂੰ ਉਸ ਦੀ ਤਾਕਤ ਅਨੁਸਾਰ ਹਲਕਾ ਤਣਾਅ (Mild Stress), ਦਰਮਿਆਨਾ (Moderate Stress) ਜਾਂ ਜ਼ਿਆਦਾ ਤਣਾਅ (Severe Stress), ਦਾ ਦਰਜਾ ਦਿੱਤਾ ਜਾਂਦਾ ਹੈ।

ਇਹ ਸਹਿਜ ਹੀ ਸੁਆਲ ਪੈਦਾ ਹੁੰਦਾ ਹੈ ਕਿ ਮਨੁੱਖ ਨੂੰ ਤਣਾਅ ਕਿਉਂ ਹੁੰਦਾ ਹੈ। ਇਸ ਦਾ ਸਪੱਸ਼ਟ ਜੁਆਬ ਹੈ ਕਿ ਹਰ ਇੱਕ ਜੀਵ ਨੂੰ ਇਹ ਮਹਿਸੂਸ ਹੁੰਦਾ ਹੈ, ਇਹ ਜੀਵਨ ਦਾ ਅਭਿੰਨ ਅੰਗ ਹੈ, ਇਸ ਤੋਂ ਬਿਨ੍ਹਾਂ ਜੀਵਨ ਦੀ ਕਲਪਨਾ ਕਰਨਾ ਹੀ ਮੁਸ਼ਕਿਲ ਹੈ। ਤਣਾਅ ਮਨੁੱਖ ਜਾਂ ਕਿਸੇ ਵੀ ਜੀਵ ਦੀ ਹੋਂਦ ਜਾਂ ਸੁਰੱਖਿਆ ਲਈ ਜ਼ਰੂਰੀ ਅਤੇ ਬੁਨਿਆਦੀ ਲੋੜ ਹੈ। ਇਹ ਸਾਨੂੰ ਕਿਸੇ ਵੀ ਖਤਰੇ ਤੋਂ ਆਗਾਹ ਕਰਦਾ ਹੈ ਅਤੇ ਇਸ ਨੂੰ ਨਜਿੱਠਣ ਲਈ ਪ੍ਰੇਰਦਾ ਹੈ। ਜੰਗਲੀ ਮਨੁੱਖ ਵੀ ਜਦ ਕਿਸੇ ਖਤਰੇ ਤੋਂ ਡਰਦਾ ਸੀ ਤਾਂ ਉਸ ਤੋਂ ਬਚਣ ਲਈ ਉਸ ਖਤਰੇ ਨਾਲ ਲੜਾਈ ਕਰਦਾ ਸੀ (ਜਿਵੇਂ ਕਿਸੇ ਖਤਰਨਾਕ ਜਾਨਵਰ ਨਾਲ ਟਾਕਰਾ), ਪਰ ਜੇ ਉਸਨੂੰ ਇਹ ਭਾਸੇ ਕਿ ਉਹ ਸਾਹਮਣੇ ਆਏ ਖਤਰੇ ਨਾਲ ਸਫਲਤਾ ਨਾਲ ਮੁਕਾਬਲਾ ਨਹੀਂ ਕਰ ਸਕਦਾ ਤਾਂ ਉਹ ਖਤਰੇ ਤੋਂ ਭੱਜ ਕੇ ਬਚਣ ਦੀ ਕੋਸ਼ਿਸ਼ ਕਰਦਾ ਸੀ। ਇਸ ਸਾਰੇ ਕੰਮ (ਡਰ, ਲੜਾਈ/ਸੰਘਰਸ਼ ਜਾਂ ਭਾਜੜ) ਵਿੱਚ ਤਣਾਅ ਦੀ ਅਹਿਮ ਭੂਮਿਕਾ ਹੁੰਦੀ ਸੀ। ਬੇਸ਼ਕ ਆਧੁਨਿਕ ਮਨੁੱਖ ਦੇ ਹਾਲਾਤ ਬਹੁਤ ਬਦਲ ਚੁੱਕੇ ਹਨ। ਪਰ ਅੱਜ ਵੀ ਕਿਸੇ ਵੀ ਖਤਰੇ ਨੂੰ ਨਜਿੱਠਣ ਦੇ ਬੁਨਿਆਦੀ ਨਿਯਮ ਉਹੀ ਹਨ ਅਤੇ ਤਣਾਅ ਦਾ ਇਸ ਵਿੱਚ ਬਹੁਤ ਅਹਿਮ ਰੋਲ ਹੈ। ਕਿਸੇ ਵੀ ਖਤਰੇ ਜਾਂ ਸੰਘਰਸ਼ ਵੇਲੇ ਤਣਾਅ ਮਨੁੱਖ ਦੀ ਕਾਰਗੁਜ਼ਾਰੀ ਨੂੰ ਬਹੁਤ ਵਧਾ ਦਿੰਦਾ ਹੈ ਅਤੇ ਦਬਾਅ ਨੂੰ ਝੱਲਣ ਦੀ ਸਮਰੱਥਾ ਵੀ ਬਹੁਤ ਵਧ ਜਾਂਦੀ ਹੈ। ਇਸ ਲਈ ਮਨੁੱਖ ਦੀ ਸਫਲਤਾ ਲਈ ਤਣਾਅ ਦੀ ਬਹੁਤ ਅਹਿਮ ਭੂਮਿਕਾ ਹੈ। ਇਸ ਲਈ ਕਿਸੇ ਵੀ ਇਮਤਿਹਾਨ ਤੋਂ ਪਹਿਲਾਂ ਜਾਂ ਕਿਸੇ ਖੇਡ ਜਾਂ ਮੈਚ ਆਦਿ ਦੇ ਮੁਕਾਬਲੇ ਤੋਂ

ਪਹਿਲਾਂ ਵਿਅਕਤੀ ਨੂੰ ਤਣਾਅ ਮਹਿਸੂਸ ਹੋਣ ਲੱਗ ਜਾਂਦਾ ਹੈ ਅਤੇ ਇਸ ਨਾਲ ਉਸ ਦੀ ਕਾਰਗੁਜ਼ਾਰੀ ਵਧ ਜਾਂਦੀ ਹੈ। ਜੋ ਵਿਅਕਤੀ ਅਜਿਹੇ ਮੌਕੇ 'ਤੇ ਬਿਲਕੁਲ ਵੀ ਤਣਾਅ ਮਹਿਸੂਸ ਨਹੀਂ ਕਰਦੇ ਭਾਵ ਲਾਪਰਵਾਹ ਹੁੰਦੇ ਹਨ, ਉਨ੍ਹਾਂ ਦੀ ਕਾਰਗੁਜ਼ਾਰੀ ਸੁਭਾਵਕ ਤੌਰ 'ਤੇ ਉਹਨਾਂ ਦੀ ਸਮਰੱਥਾ ਤੋਂ ਘੱਟ ਹੋਵੇਗੀ। ਸੋ ਅਜਿਹੇ ਲੋੜੀਂਦੇ ਅਤੇ ਲਾਭਵੰਦ ਤਣਾਅ ਨੂੰ ਸਕਰਾਤਮਕ ਤਣਾਅ (Eustress) ਵੀ ਕਿਹਾ ਜਾਂਦਾ ਹੈ। ਪਰ ਜਦੋਂ ਇਹੀ ਤਣਾਅ ਲੋੜ ਤੋਂ ਜ਼ਿਆਦਾ ਹੋ ਜਾਂਦਾ ਹੈ ਤਾਂ ਇਸ ਦਾ ਅਸਰ ਸਕਾਰਾਤਮਕ (ਚੰਗਾ) ਹੋਣ ਦੀ ਬਜਾਏ ਨਕਾਰਾਤਮਕ (ਮੰਦਾ) ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਵਿਅਕਤੀ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਅਜਿਹੇ ਤਣਾਅ ਨੂੰ ਨਕਰਾਤਮਕ ਤਣਾਅ (Distress) ਵੀ ਕਿਹਾ ਜਾਂਦਾ ਹੈ। ਇਸ ਦੀ ਉਦਾਹਰਣ ਹੈ ਕਿ ਕਈ ਵਿਅਕਤੀ ਕਿਸੇ ਵੀ ਮੁਕਾਬਲੇ ਤੋਂ ਪਹਿਲਾਂ ਬਹੁਤ ਘਬਰਾ ਜਾਂਦੇ ਹਨ ਅਤੇ ਉਨ੍ਹਾਂ ਦਾ ਆਤਮਵਿਸ਼ਵਾਸ ਵੀ ਡਿੱਗ ਜਾਂਦਾ ਹੈ ਅਤੇ ਇਸ ਨਾਲ ਕਾਰਗੁਜਾਰੀ ਵੀ ਅਸਲੀ ਸਮਰੱਥਾ ਦੇ ਮੁਕਾਬਲਤਨ ਬਹੁਤ ਘੱਟ ਜਾਂਦੀ ਹੈ। ਕਈ ਵਿਅਕਤੀ ਤਾਂ ਏਨੇ ਘਬਰਾ ਜਾਂ ਡਰ ਜਾਂਦੇ ਹਨ ਕਿ ਉਹ ਮੈਦਾਨ ਹੀ ਛੱਡ ਕੇ ਮੁਕਾਬਲੇ ਤੋਂ ਭੱਜ ਜਾਂਦੇ ਹਨ। ਸਕਾਰਾਤਮਕ ਤਣਾਅ ਥੋੜੀ ਦੇਰ ਲਈ ਜਾਂ ਲੋੜੀਂਦੇ ਸਮੇਂ ਲਈ ਹੀ ਰਹਿੰਦਾ ਹੈ। ਇਸ ਨਾਲ ਤਾਕਤ ਅਤੇ ਫੁਰਤੀ ਮਿਲਦੀ ਹੈ, ਇਹ ਪ੍ਰੇਰਣਾ ਵਧਾਉਂਦਾ ਹੈ। ਇਹ ਵਿਅਕਤੀਗਤ ਸਮਰੱਥਾ ਅਤੇ ਮਾਨਸਿਕਤਾ ਦੇ ਮੁਤਾਬਕ ਹੁੰਦਾ ਹੈ। ਇਸ ਨਾਲ ਕਾਰਗੁਜ਼ਾਰੀ ਵਧਾਉਣ ਲਈ ਧਿਆਨ ਕੇਂਦਰਿਤ ਕਰਨ ਅਤੇ ਸਮਰੱਥਾ ਨੂੰ ਬੇਹਤਰ ਤਰੀਕੇ ਨਾਲ ਵਰਤੋਂ ਕਰਨ ਦੀ ਹਿੰਮਤ ਆਉਂਦੀ ਹੈ। ਇਸ ਦੇ ਉਲਟ ਨਕਾਰਾਤਮਕ ਤਣਾਅ ਵਿੱਚ ਲੋੜ ਤੋਂ ਜ਼ਿਆਦਾ ਘਬਾਰਹਟ ਅਤੇ ਪ੍ਰੇਸ਼ਾਨੀ ਹੁੰਦੀ ਹੈ। ਇਸ ਵਿੱਚ ਤਣਾਅ ਵਿਅਕਤੀਗਤ ਸਮਰੱਥਾ ਅਤੇ ਮਾਨਸਿਕਤਾ ਤੋਂ ਬਾਹਰ ਹੋ ਕੇ ਗਲਬਾ ਪਾਉਂਦਾ ਹੈ। ਇਸ ਵਿੱਚ ਕੰਮ ਕਰਨ ਲਈ ਧਿਆਨ ਕੇਂਦਰਿਤ ਕਰਨ ਦੀ ਅਤੇ ਕਾਰਗੁਜ਼ਾਰੀ ਦੀ ਸਮਰੱਥਾ ਘਟਦੀ ਹੈ। ਜ਼ਿਆਦਾ ਦੇਰ ਤੱਕ ਇਸ ਦੇ ਚਲਣ ਨਾਲ ਮਾਨਸਿਕ ਅਤੇ ਸਰੀਰਿਕ ਮੁਸ਼ਕਿਲਾਂ ਪੈਦਾ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

ਦੁਨੀਆਂ ਭਰ ਵਿੱਚ ਇਹ ਵੇਖਿਆ ਗਿਆ ਹੈ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਵਿੱਚ ਤਣਾਅ ਜ਼ਿਆਦਾ ਹੁੰਦਾ ਹੈ। ਇਸ ਦੇ ਬਹੁਤ ਸਾਰੇ ਕਾਰਣ ਹਨ ਪਰ ਸੁਭਾਵਿਕ ਤੌਰ 'ਤੇ ਸਭ ਤੋਂ ਵੱਡਾ ਕਾਰਣ ਲਿੰਗ ਭੇਦ ਭਾਵ ਹੈ। ਕੁੱਝ ਸਾਲ ਪਹਿਲਾਂ ਵਿਸ਼ਵ ਭਰ ਦੇ ਅੰਕੜਿਆਂ ਅਨੁਸਾਰ ਬੇਸ਼ੱਕ ਔਰਤਾਂ ਦੀ ਗਿਣਤੀ ਦੁਨੀਆਂ ਭਰ ਵਿੱਚ ਤਕਰੀਬਨ 50 ਫੀਸਦੀ ਹੈ ਪਰ ਉਹ ਦੁਨੀਆਂ ਦਾ ਤਕਰੀਬਨ 2/3 ਕੰਮ ਕਰਦੀਆਂ ਹਨ, ਪਰ ਉਹਨਾਂ ਨੂੰ 10 ਫੀਸਦੀ ਮਿਹਨਤਾਨਾ ਮਿਲਦਾ ਹੈ ਅਤੇ ਉਹ ਸਿਰਫ ਦੁਨੀਆਂ ਦੀ 1 ਫੀਸਦੀ ਜਾਇਦਾਦ ਦੀ ਮਲਕੀਅਤ ਰੱਖਦੀਆਂ ਹਨ। ਜੇ ਇਸ ਨੂੰ ਉਲਟਾ ਕੇ ਕਹੀਏ ਤਾਂ ਇਸ ਦਾ ਇਹ ਮਤਲਬ ਹੈ ਕਿ ਦੁਨੀਆਂ ਦੇ ਸਾਰੇ ਮਰਦ (ਗਿਣਤੀ 50 ਫੀਸਦੀ, ਔਰਤਾਂ ਦੇ ਬਰਾਬਰ) ਸਿਰਫ 1/3 ਕੰਮ ਕਰਦੇ ਹਨ ਪਰ 90 ਫੀਸਦੀ ਮਿਹਨਤਾਨਾ ਲੈਂਦੇ ਹਨ ਅਤੇ ਦੁਨੀਆਂ ਦੀ ਕੁੱਲ ਸੰਪਤੀ ਦੇ 99 ਫੀਸਦੀ ਹਿੱਸੇ ਦੇ ਮਾਲਕ ਹਨ।

ਜ਼ਿਆਦਾਤਰ ਵਿਗਿਆਨੀਆਂ ਦਾ ਮਤ ਹੈ ਕਿ ਦੁਨੀਆਂ ਵਿੱਚ ਤਣਾਅ ਪਹਿਲਾਂ ਦੇ ਮੁਕਾਬਲੇ ਵਧ ਰਿਹਾ ਹੈ। ਇਕ ਅਧਿਐਨ ਅਨੁਸਾਰ ਪਿਛਲੇ ਪੰਜ ਦਹਾਕਿਆਂ ਵਿੱਚ ਤਣਾਅ ਤਕਰੀਬਨ 50% ਵਧ ਚੁਕਿਆ ਹੈ। ਅੱਜ-ਕੱਲ੍ਹ ਕਿਸੇ ਵੀ ਜਨਰਲ ਹਸਪਤਾਲ ਵਿੱਚ ਤਕਰੀਬਨ 25 ਤੋਂ 40% ਮਰੀਜ਼ ਤਣਾਅ ਨਾਲ ਸੰਬੰਧਿਤ ਰੋਗਾਂ ਨਾਲ ਪੀੜਤ ਹੁੰਦੇ ਹਨ। ਅੱਜ-ਕੱਲ੍ਹ ਦੁਨੀਆਂ ਭਰ ਵਿੱਚ ਕੋਵਿਡ-19 ਵਾਇਰਸ ਫੈਲਣ ਕਾਰਣ ਇਸ ਬਿਮਾਰੀ ਦੇ ਡਰ ਅਤੇ ਇਸ ਬਿਮਾਰੀ ਦੇ ਬਚਾਅ ਲਈ ਕੀਤੇ ਜਾਂਦੇ ਲਾਕਡਾਊਨ ਕਾਰਣ ਤਣਾਅ ਬਹੁਤ ਜ਼ਿਆਦਾ ਵਧ ਰਿਹਾ ਹੈ। ਬੱਚਿਆਂ ਦੇ ਸਕੂਲ ਅਤੇ ਕਾਲਜ ਬੰਦ ਹੋਣ ਕਾਰਣ ਅਤੇ ਉਨ੍ਹਾਂ ਦੇ ਹੋਰ ਮਨੋਰੰਜਨ ਅਤੇ ਖੇਡਾਂ ਦੀਆਂ ਗਤੀਵਿਧੀਆਂ ਬੰਦ ਹੋਣ ਕਾਰਣ ਬੱਚਿਆਂ ਅਤੇ ਨੌਜਵਾਨਾਂ ਵਿੱਚ ਵੀ ਤਣਾਅ ਦੀ ਦਰ ਬਹੁਤ ਵਧ ਰਹੀ ਹੈ।

ਤਣਾਅ ਦੇ ਲੱਛਣ:- ਵੱਖ ਵੱਖ ਵਿਅਕਤੀਆਂ ਵਿੱਚ ਤਣਾਅ ਦੇ ਲੱਛਣ ਬਹੁਤ ਹੀ ਵੱਖ ਵੱਖ ਹੋ ਸਕਦੇ ਹਨ। ਇਹ ਲੱਛਣ ਸਰੀਰਕ ਅਤੇ ਮਾਨਸਿਕ ਦੋਵੇਂ ਹੀ ਹੋ ਸਕਦੇ ਹਨ। ਕਿਸੇ ਵਿਅਕਤੀ ਵਿੱਚ ਸਿਰਫ ਮਾਨਸਿਕ ਲੱਛਣ ਵੀ ਹੋ ਸਕਦੇ ਹਨ ਅਤੇ ਕਿਸੇ ਵਿੱਚ ਸਿਰਫ ਸਰੀਰਕ, ਪਰ ਜਿਆਦਾਤਰ ਲੋਕਾਂ ਵਿੱਚ ਦੋਵੇਂ ਇਕੱਠੇ ਹੁੰਦੇ ਹਨ।

ਮਾਨਸਿਕ ਲੱਛਣ:- ਮਾਨਸਿਕ ਦਬਾਅ ਜਾਂ ਤਣਾਅ, ਬੇਚੈਨੀ, ਕਾਹਲ, ਬਾਰ-ਬਾਰ ਤਣਾਅ ਦੇ ਵਿਚਾਰ ਆਉਣੇ, ਮਾਨਸਿਕ ਇਕਾਗਰਤਾ ਦਾ ਘਟਣਾ, ਚਿੜਚੜਾਪਣ ਹੋਣਾ, ਨੀਂਦ ਦਾ ਘਟਣਾ (ਨੀਂਦ ਨਾ ਆਉਣਾ, ਬਹੁਤ ਦੇਰ ਨਾਲ ਆਉਣਾ, ਸਵੇਰੇ ਬਹੁਤ ਜਲਦੀ ਜਾਗ ਆਉਂਣਾ ਜਾ ਨੀਂਦ ਵਿੱਚ ਵਿਘਨ ਪੈਣਾ ਆਦਿ), ਯਾਦਦਾਸ਼ਤ ਦਾ ਘਟਣਾ ਮਹਿਸੂਸ ਹੋਣਾ, ਜਲਦੀ ਤ੍ਰਭਕਣਾ, ਮਨ ਦੋਚਿੱਤੀ ਵਿੱਚ ਰਹਿਣਾ, ਆਤਮ ਵਿਸ਼ਵਾਸ ਦਾ ਘਟਣਾ, ਦਿਲਚਸਪੀ ਵਾਲੀਆਂ ਚੀਜਾਂ ਵਿੱਚ ਰੁਚੀ ਘਟਣਾ, ਸੈਕਸ ਵਿੱਚ ਦਿਲਚਸਪੀ ਖਤਮ ਹੋ ਜਾਣਾ ਆਦਿ ਆਦਿ। ਇਸ ਤੋਂ ਬਿਨ੍ਹਾਂ ਨਸ਼ਿਆਂ

ਵਿੱਚ ਪੈਣਾ-ਸ਼ਰਾਬ , ਅਫੀਮ ਭੁੱਕੀ, ਚਰਸ, ਗਾਂਜਾ, ਗੋਲੀਆਂ ਜਾਂ ਹੋਰ ਤਰ੍ਹਾਂ ਦਾ ਨਸ਼ਾ ਆਦਿ, ਉਦਾਸੀ ਰੋਗ ਹੋਣਾ, ਜਾਂ ਹੋਰ ਮਨੋਰੋਗ ਹੋਣਾ (ਤ੍ਰਾਸ ਰੋਗ, ਖੱਬਤੀ-ਬੱਨਣ ਰੋਗ ਆਦਿ ਜਾਂ ਖੁਦਕਸ਼ੀ ਦੀ ਕੋਸ਼ਿਸ਼)। ਇਨ੍ਹਾਂ ਦੇ ਨਾਲ ਨਾਲ ਜਾਂ ਇਕੱਲੇ ਸਰੀਰਕ ਲੱਛਣ ਵੀ ਹੋ ਸਕਦੇ ਹਨ।

ਸਰੀਰਕ ਲੱਛਣ:- ਸਰੀਰ ਦਾ ਜਾਂ ਹੱਥਾਂ ਦਾ ਕੰਬਣਾ(ਕੰਪਨ), ਸਰੀਰ ਵਿੱਚ ਜਾਂ ਸਿਰ ਵਿੱਚ ਖਿਚਾਅ ਮਹਿਸੂਸ ਹੋਣਾ, ਦਿਲ ਦੀ ਧੜਕਣ ਦਾ ਤੇਜ਼ ਹੋਣਾ, ਦਿਲ ਦੀ ਧੜਕਣ ਮਹਿਸੂਸ ਹੋਣਾ, ਮੂੰਹ ਸੁੱਕਣਾ, ਜੀ ਕੱਚਾ ਹੋਣਾ, ਬਿਨ੍ਹਾਂ ਦਸਤ ਲਗਿਆਂ ਬਾਰ-ਬਾਰ ਹਾਜਤ ਹੋਣਾ, ਪੇਟ ਵਿੱਚ ਗੋਲਾ ਮਹਿਸੂਸ ਕਰਨਾ, ਸਿਰ 'ਤੇ ਭਾਰ ਜਾਂ ਸਿਰ ਦੁਆਲੇ ਖਿੱਚ ਮਹਿਸੂਸ ਕਰਨਾ, ਦੰਦ ਕਰੀਚਣੇ, ਸਾਹ ਖਿੱਚ ਕੇ ਲੈਣਾ, ਸਾਹ ਘੁਟਣਾ, ਬੰਦ ਜਗ੍ਹਾ ਵਿੱਚ ਸਾਹ ਰੁਕਣਾ/ਘੁਟਣਾ, ਤ੍ਰੇਲੀਆਂ ਆਉਣਾ, ਬਿਨ੍ਹਾਂ ਕਿਸੇ ਚਮੜੀ ਦੇ ਰੋਗ ਤੋਂ ਬਾਰ-ਬਾਰ ਖਾਰਿਸ਼ ਕਰਨਾ, ਆਦਿ ਆਦਿ। ਇੱਥੇ ਇਹ ਗੱਲ ਯਾਦ ਰੱਖਣੀ ਬਹੁਤ ਜ਼ਰੂਰੀ ਹੈ ਕਿ ਇਹਨਾਂ ਸਾਰੇ ਸਰੀਰਕ ਲੱਛਣਾਂ ਦਾ ਕਾਰਣ ਕੋਈ ਹੋਰ ਰੋਗ ਵੀ ਹੋ ਸਕਦਾ ਹੈ, ਇਸ ਲਈ ਸਰੀਰਕ ਲੱਛਣਾਂ ਨੂੰ ਤਣਾਅ ਦੇ ਲੱਛਣ ਕਹਿਣ ਤੋਂ ਪਹਿਲਾਂ ਡਾਕਟਰੀ ਸਲਾਹ ਬਹੁਤ ਜ਼ਰੂਰੀ ਹੈ।

ਮਨੋ-ਸਰੀਰਕ (Psycho-somatic) ਲੱਛਣ:- ਇਸ ਵਿੱਚ ਸਰੀਰਕ ਰੋਗਾਂ ਦੇ ਲੱਛਣ ਤਣਾਅ ਕਾਰਣ ਜ਼ਿਆਦਾ ਵਧ ਜਾਂਦੇ ਹਨ। ਭਾਵ ਇਹ ਆਮ ਰੋਗ ਨਹੀਂ ਰਹਿੰਦੇ ਜਿਵੇ; ਸਾਹ ਦੇ ਰੋਗ-ਦਮਾ ਆਦਿ, ਦਿਲ ਦੇ ਕਈ ਰੋਗ, ਮੂੰਹ ਦੇ ਛਾਲੇ, ਪੇਟ ਦੇ ਕਈ ਰੋਗ, ਐਲਰਜੀ ਰੋਗ, ਮਹੁਕੇ ਆਦਿ ।

ਉਪਰੋਕਤ ਸਾਰੇ ਜਾਂ ਹੋਰ ਇਸ ਤਰ੍ਹਾਂ ਦੇ ਲੱਛਣ ਤਣਾਅ ਕਾਰਣ ਸ਼ੁਰੂ ਹੋ ਸਕਦੇ ਹਨ। ਪਰ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਕਿਸੇ ਵੀ ਸਰੀਰਕ ਲੱਛਣਾਂ ਨੂੰ ਤਣਾਅ ਨਾਲ ਸੰਬੰਧਿਤ ਕਹਿਣ ਤੋਂ ਪਹਿਲਾਂ ਉਸ ਲੱਛਣ ਸੰਬੰਧੀ ਸਰੀਰਕ ਰੋਗਾਂ ਬਾਰੇ ਕਿਸੇ ਚੰਗੇ ਡਾਕਟਰ ਦੀ ਸਲਾਹ ਲੈ ਕੇ ਕਿਸੇ ਵੀ ਸੰਬੰਧਿਤ ਰੋਗ ਬਾਰੇ ਸ਼ੱਕ ਦੂਰ ਕਰ ਲੈਣਾ ਚਾਹੀਦਾ ਹੈ। ਕਈ ਵਾਰ ਥਾਇਰਾਇਡ ਗ੍ਰੰਥੀ ਦੇ ਰੋਗ (Thyroid Disorders) ਵੀ ਅਜਿਹੇ ਲੱਛਣ ਪੈਦਾ ਕਰ ਸਕਦੇ ਹਨ।

ਘਬਰਾਹਟ ਦਾ ਦੌਰਾ ਜਾਂ ਪੈਨਿਕ ਅਟੈਕ (Panic attack) :- ਕਈ ਵਾਰ ਵਿਅਕਤੀ ਨੂੰ ਇੱਕਦਮ ਇੰਨੀ ਜ਼ਿਆਦਾ ਘਬਰਾਹਟ ਹੁੰਦੀ ਹੈ ਕਿ ਉਹ ਬਹੁਤ ਬੇਚੈਨ/ਪ੍ਰੇਸ਼ਾਨ ਹੋ ਜਾਂਦਾ ਹੈ ਅਤੇ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਨੂੰ ਕੁਝ ਨਾ ਕੁੱਝ ਹੋ ਜਾਇਗਾ ਜਾਂ ਉਹ ਮਰ ਜਾਏਗਾ।

ਬੱਚਿਆਂ ਵਿੱਚ ਤਣਾਅ ਦੇ ਲੱਛਣ:- ਬੇਸ਼ਕ ਬੱਚਿਆਂ ਵਿੱਚ ਵੱਡਿਆਂ ਵਾਲੇ ਉਪਰੋਕਤ ਕੋਈ ਵੀ ਲੱਛਣ ਹੋ ਸਕਦੇ ਹਨ, ਪਰ ਉਨ੍ਹਾਂ ਵਿੱਚ ਕੁੱਝ ਵਿਸ਼ੇਸ਼ ਲੱਛਣ ਹੋ ਸਕਦੇ ਹਨ, ਜਿਵੇਂ ਕਿ ਸਕੂਲ ਜਾਂ ਕਾਲਜ ਜਾਣ ਤੋਂ ਘਬਰਾਉਣਾ, ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਬਾਵਜੂਦ ਵੀ ਪੜ੍ਹਾਈ ਵਿੱਚ ਮਨ ਨਾ ਲੱਗਣਾ ਜਾਂ ਪੜ੍ਹਾਈ ਛੱਡਣੀ, ਅਚਾਨਕ ਵਿਵਹਾਰ ਵਿੱਚ ਤਬਦੀਲੀ ਆਉਣਾ, ਬਹੁਤ ਚੁੱਪ-ਚੁੱਪ ਰਹਿਣਾ, ਹਰ ਵਕਤ ਉਦਾਸ ਰਹਿਣਾ, ਡਰਾਉਣੇ ਸੁਪਨੇ ਬਾਰ-ਬਾਰ ਆਉਂਣਾ ਸ਼ੁਰੂ ਹੋ ਜਾਣਾ, ਨੀਂਦ ਨਾ ਆਉਂਣਾ, ਜਾਂ ਬਹੁਤ ਜ਼ਿਆਦਾ ਸੌਣਾ, ਭੁੱਖ ਨਾ ਲੱਗਣਾ ਜਾਂ ਬਹੁਤ ਜ਼ਿਆਦਾ ਲੱਗਣਾ, ਬੇਧਿਆਨਾ ਰਹਿਣਾ ਜਾਂ ਖੋਏ-ਖੋਏ ਜਿਹੇ ਰਹਿਣਾ, ਖਾਣਾ ਨਾ ਖਾਣਾ, ਚਿੜਚਿੜਾ ਪਣ, ਦਿਮਾਗ ਵਿੱਚ ਗੱਲਾਂ ਬਾਰ-ਬਾਰ ਘੁੰਮੀ ਜਾਣੀਆਂ, ਬਾਰ-ਬਾਰ ਗੁੱਸਾ ਕਰਨਾ, ਬਹੁਤ ਜ਼ਿਆਦਾ ਰਿਹਾੜ ਕਰਨਾ, ਡਰਨਾ, ਰੋਂਦੇ ਰਹਿਣਾ, ਸੁਸਤ ਰਹਿਣਾ, ਲੋਕਾਂ ਨੂੰ ਮਿਲਣ ਤੋਂ ਡਰਨਾ ਜਾਂ ਘਬਾਰਉਣਾ, ਮਾਂ ਬਾਪ ਨੂੰ ਅੱਖੋਂ ਉਹਲੇ ਨਾ ਹੋਣ ਦੇਣਾ, ਵੱਡੇ ਬੱਚਿਆਂ ਵੱਲੋਂ ਬਿਸਤਰੇ 'ਤੇ ਪਿਸ਼ਾਬ ਕਰਨਾ, ਸਿਰ ਦੇ ਵਾਲ ਪੁੱਟਦੇ ਰਹਿਣਾ, ਖਤਰਾ ਮੁੱਲ ਲੈਣਾ, ਨਸ਼ਾ ਵਰਤਣਾ, ਆਪਣੇ ਆਪ ਨੂੰ ਮਾਰਨਾ, ਖੁਦਕਸ਼ੀ ਦੀ ਕੋਸ਼ਿਸ਼ ਕਰਨਾ ਜਾਂ ਆਪਣਾ ਨੁਕਸਾਨ ਕਰਨਾ ਆਦਿ ਆਦਿ।

ਤਣਾਅ ਦੇ ਕਾਰਣ, ਪ੍ਰਭਾਵ ਅਤੇ ਬਚਾਅ ਬਾਰੇ ਅਗਲੇ ਅੰਕ ਵਿੱਚ

ਸਾਬਕਾ ਪ੍ਰਿੰਸੀਪਲ/ਪ੍ਰੋਫੈਸਰ ਤੇ ਮੁਖੀ,
ਸਾਇਕੈਟਰੀ / ਨਸ਼ਾ ਛੁਡਾਊ ਵਿਭਾਗ,
ਰਾਜਿੰਦਰਾ ਹਸਪਤਾਲ, ਪਟਿਆਲਾ।

ਸ਼ੋਕ ਮਤਾ

ਤਰਕਸ਼ੀਲ ਸੁਸਾਇਟੀ ਪੰਜਾਬ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਜੀ ਦੇ ਸਹੁਰਾ ਸਾਹਿਬ ਹੈੱਡ ਮਾਸਟਰ ਰਤਨ ਸਿੰਘ ਘੋਲੀਆ, ਜਲੰਧਰ ਜ਼ੋਨ ਸਾਬਕਾ ਮੁਖੀ ਜਸਵਿੰਦਰ ਸਿੰਘ (ਨਾਇਬ ਤਹਿਸੀਲਦਾਰ) ਦੇ ਸਤਿਕਾਰਤ ਮਾਤਾ ਸਵਰਨ ਕੌਰ ਜੀ, ਇਕਾਈ ਫਗਵਾੜਾ ਦੇ ਮੈਂਬਰ ਚਰਨ ਦਾਸ ਜੀ ਦੇ ਵੱਡੇ ਭੈਣ ਮਹਿੰਦਰ ਕੌਰ ਤੇ ਜੀਜਾ ਹਰਵਿਲਾਸ ਚੰਦ ਜੀ ਅਤੇ ਅੰਮ੍ਰਿਤਸਰ ਇਕਾਈ ਦੇ ਮੈਂਬਰ ਨਾਗਰ ਮੱਲ ਦੀ ਜੀਵਣ ਸਾਥਣ ਭਾਗਵੰਤੀ ਜੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਸਮਕਾਲੀ ਲਿਖਤ

ਰੱਬ, ਮਨੁੱਖ ਅਤੇ ਜ਼ਿੰਮੇਵਾਰੀ

ਸਵਰਾਜਬੀਰ

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਦੇਸ਼ ਦੇ ਅਰਥਚਾਰੇ ਨੂੰ ਕਰੋਨਾਵਾਇਰਸ ਦੀ ਮਹਾਮਾਰੀ ਦੇ ਰੂਪ ਵਿਚ "ਰੱਬ ਦੀ ਕਰਨੀ (Act of God)"ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਾਰਨ ਅਰਥਚਾਰਾ ਹੋਰ ਸੁੰਗੜ ਜਾਵੇਗਾ ਭਾਵ ਮੰਦੀ ਵੱਲ ਜਾਵੇਗਾ। ਮਨੁੱਖ ਨੂੰ ਜਦ ਵੀ ਵੱਡੀਆਂ ਮੁਸੀਬਤਾਂ ਜਾਂ ਕਹਿਰ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਬਹੁਤ ਸਾਰੇ ਧਾਰਮਿਕ ਲੋਕ ਉਸ ਨੂੰ 'ਰੱਬ ਦੀ ਕਰਨੀ', 'ਰੱਬ ਦੀ ਮਰਜ਼ੀ', 'ਪਰਮਾਤਮਾ ਦੀ ਰਜ਼ਾ' ਆਦਿ ਸਮਝ ਕੇ ਸਵੀਕਾਰ ਕਰਦੇ ਹਨ।

ਪ੍ਰਮੁੱਖ ਸਮੱਸਿਆ ਇਹ ਹੈ ਕਿ ਸਿਆਸਤਦਾਨ ਆਪਣੇ ਅਮਲਾਂ, ਕਾਰਵਾਈਆਂ, ਹਿੱਤਾਂ ਅਤੇ ਟੀਚਿਆਂ ਨੂੰ ਛਪਾਉਣ ਲਈ ਅਖੌਤੀ ਪਰਮਾਤਮਾ ਦੇ ਨਾਮ ਦੀ ਵਰਤੋਂ ਕਰਦੇ ਹਨ। ਜਾਰਜ ਬੁਸ਼ ਨੇ 2003 ਵਿਚ ਇਰਾਕ 'ਤੇ ਹਮਲਾ ਕਰਕੇ ਲੱਖਾਂ ਲੋਕਾਂ 'ਤੇ ਕਹਿਰ ਢਾਹਿਆ। ਉਸ ਦੇਸ਼ ਨੂੰ ਬਰਬਾਦ ਕਰ ਦਿੱਤਾ ਤੇ ਲੋਕਾਂ ਨੂੰ ਆਪਸ ਵਿੱਚ ਵੰਡ ਕੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਬਣਾ ਦਿੱਤਾ। ਲੱਖਾਂ ਲੋਕ ਬੇਘਰ ਅਤੇ ਬੱਚੇ ਯਤੀਮ ਹੋਏ। ਇਹ ਜੰਗ ਅਜੇ ਵੀ ਜਾਰੀ ਹੈ। ਉਸ ਦੇਸ਼ ਦੇ ਕੁਦਰਤੀ ਖ਼ਜ਼ਾਨੇ ਲੁੱਟੇ ਜਾ ਰਹੇ ਹਨ। ਬੁਸ਼ ਨੇ 2003 ਵਿਚ ਫ਼ਲਸਤੀਨੀ ਆਗੂਆਂ ਨਾਲ ਗੱਲਬਾਤ ਕਰਦਿਆਂ ਇਹ ਦਾਅਵਾ ਕੀਤਾ ਕਿ ਪਰਮਾਤਮਾ ਨੇ ਉਸ ਨੂੰ ਹੁਕਮ ਦਿੱਤਾ ਸੀ ਕਿ ਉਹ ਇਰਾਕ 'ਤੇ ਹਮਲਾ ਕਰੇ।

ਨਿਰਮਲਾ ਸੀਤਾਰਮਨ ਦੀ ਆਪਣੀ ਪਾਰਟੀ ਦੇ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਇਹ ਸਵਾਲ ਪੁੱਛਿਆ ਹੈ, "ਕੀ ਕੁੱਲ ਘਰੇਲੂ ਉਤਪਾਦਨ (Gross Domestic Product - GDP) ਦਾ ਵਿੱਤੀ ਸਾਲ 2015 ਵਿਚ 8 ਫ਼ੀਸਦੀ ਤੋਂ ਕੋਵਿਡ ਦੇ ਸਮਿਆਂ ਤੋਂ ਪਹਿਲਾਂ (2020 ਵਿਚ) 3.1 ਫੀਸਦੀ ਤੱਕ ਡਿੱਗ ਪੈਣਾ ਵੀ ਰੱਬ ਦੀ ਕਰਨੀ ਸੀ ?" ਏਹੀ ਨਹੀਂ, ਲੋਕ ਇਹ ਸਵਾਲ ਪੁੱਛਣ ਦਾ ਹੱਕ ਵੀ ਰੱਖਦੇ ਹਨ ਕਿ ਨੋਟਬੰਦੀ ਬਾਅਦ ਕਰੋੜਾਂ ਲੋਕਾਂ ਨੂੰ ਜੋ ਦੁੱਖ-ਦੁਸ਼ਵਾਰੀਆਂ ਪੇਸ਼ ਆਈਆਂ, ਕੀ ਉਹ ਵੀ ਰੱਬ ਦੀ ਕਰਨੀ ਸੀ ? 30 ਜੂਨ-1 ਜੁਲਾਈ ਦੀ ਅੱਧੀ ਰਾਤ ਨੂੰ ਸੰਸਦ ਦਾ ਸੈਸ਼ਨ ਕਰਵਾ ਕੇ ਗੁੱਡਜ਼ ਐਂਡ ਸਰਵਿਸ ਟੈਕਸ (Goods and Service Tax- ਜੀ.ਐੱਸ.ਟੀ.) ਨੂੰ ਸ਼ੁਰੂ ਕਰਨ ਦਾ ਐਲਾਨ ਕਰਨਾ ਵੀ ਰੱਬ ਦੀ ਕਰਨੀ ਸੀ ? ਇਨ੍ਹਾਂ ਦੋਹਾਂ ਕਾਰਵਾਈਆਂ ਨਾਲ ਅਰਥਚਾਰਾ ਮੰਦੀ ਵੱਲ ਵਧਿਆ, ਲੱਖਾਂ ਨੌਕਰੀਆਂ ਗਈਆਂ, ਬੇਰੁਜ਼ਗਾਰੀ ਸਿਖ਼ਰਾਂ 'ਤੇ ਪਹੁੰਚੀ, ਮਜ਼ਦੂਰ, ਕਿਸਾਨ, ਵਿਦਿਆਰਥੀ ਅਤੇ ਹੋਰ ਲੋਕ ਆਤਮਹੱਤਿਆ ਕਰਨ ਲਈ ਮਜਬੂਰ ਹੋਏ; ਕੀ ਇਹ ਸਭ ਕੁੱਝ ਰੱਬ ਦੀ ਕਰਨੀ ਸੀ ?

ਇਸੇ ਤਰ੍ਹਾਂ 24 ਮਾਰਚ ਨੂੰ ਸ਼ਾਮ ਦੇ ਅੱਠ ਵਜੇ ਪ੍ਰਧਾਨ ਮੰਤਰੀ ਨੇ ਸਿਰਫ਼ ਸਾਢੇ ਚਾਰ ਘੰਟੇ ਦੀ ਮੁਹਲਤ ਦਿੰਦਿਆਂ ਦੁਨੀਆਂ ਦੇ ਇਤਿਹਾਸ ਦੀ ਸਭ ਤੋਂ ਵੱਡੀ ਤਾਲਾਬੰਦੀ ਕਰਨ ਦਾ ਐਲਾਨ ਕੀਤਾ। ਐਲਾਨ ਕਰਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਮਹਾਭਾਰਤ ਦੀ ਜੰਗ 18 ਦਿਨਾਂ ਵਿੱਚ ਜਿੱਤੀ ਗਈ ਸੀ ਅਤੇ ਕਰੋਨਾਵਾਇਰਸ ਵਿਰੁੱਧ ਜੰਗ 21 ਦਿਨਾਂ ਵਿਚ ਜਿੱਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਸੜਕਾਂ 'ਤੇ ਨਾ ਆਉਣ ਅਤੇ ਸਰੀਰਕ ਦੂਰੀ ਦੇ ਅਸੂਲ ਦੀ ਪਾਲਣਾ ਕਰਨ ਲਈ ਕਹਿੰਦਿਆਂ ਕਿਹਾ ਕਿ ਉਹ ਆਪਣੇ ਘਰ ਦੀ 'ਲਕਸ਼ਮਣ ਰੇਖਾ' ਤੋਂ ਬਾਹਰ ਨਾ ਆਉਣ। ਇਹ ਤਾਲਾਬੰਦੀ ਵਧਦੀ ਗਈ ਅਤੇ ਕਰੋੜਾਂ ਲੋਕਾਂ ਨੂੰ ਅਕਹਿ ਦੁੱਖ ਝੱਲਣੇ ਪਏ। ਸੈਂਕੜੇ ਮੀਲ ਆਪਣੇ ਘਰਾਂ ਨੂੰ ਪੈਦਲ ਤੁਰੇ ਜਾਂਦੇ ਭੁੱਖੇ-ਭਾਣੇ ਪਰਵਾਸੀ ਮਜ਼ਦੂਰ ਅਤੇ ਉਨ੍ਹਾਂ ਦੇ ਪਰਿਵਾਰ ਇਸ ਦੁਖਾਂਤ ਦਾ ਵੱਡਾ ਪ੍ਰਤੀਕ ਬਣ ਕੇ ਉੱਭਰੇ। ਬੇਰੁਜ਼ਗਾਰੀ 23 ਫ਼ੀਸਦੀ ਤਕ ਵਧ ਗਈ। ਪ੍ਰਸ਼ਨ ਇਹ ਹੈ ਕਿ ਕੀ ਅਚਾਨਕ, ਬਿਨ੍ਹਾਂ ਮੁਹਲਤ ਤੋਂ ਕੀਤੀ ਗਈ ਤਾਲਾਬੰਦੀ ਰੱਬ ਦੀ ਕਰਨੀ ਸੀ ?

ਵੀਹਵੀਂ ਸਦੀ ਵਿੱਚ ਪੱਛਮੀ ਯੂਰੋਪ ਵਿਚ ਦੁਨੀਆਂ ਵਿਚ ਮਨੁੱਖ ਦੀ ਜ਼ਿੰਮੇਵਾਰੀ ਬਾਰੇ ਵੱਡੀ ਬਹਿਸ ਹੋਈ ਜਿਸ ਵਿਚ ਹੋਂਦਵਾਦੀ ਚਿੰਤਕਾਂ ਨੇ ਇਹ ਦਲੀਲ ਪੇਸ਼ ਕੀਤੀ ਕਿ ਮਨੁੱਖ ਆਪਣੇ ਸਾਰੇ ਕੰਮਾਂ-ਕਾਰਾਂ ਵਾਸਤੇ ਖ਼ੁਦ ਜ਼ਿੰਮੇਵਾਰ ਹੈ। ਇਸ ਤਰ੍ਹਾਂ ਮਨੁੱਖ ਆਪਣੀ ਹੋਣੀ ਖ਼ੁਦ ਘੜਦਾ/ਬਣਾਉਂਦਾ ਹੈ। ਵਿਆਪਕ ਪੱਧਰ 'ਤੇ ਲੋਕ-ਸਮੂਹਾਂ ਸਾਹਮਣੇ ਵੀ ਕਈ ਬਦਲ ਹੁੰਦੇ ਹਨ ਅਤੇ ਉਹ ਚੋਣ ਕਰਦੇ ਹਨ ਅਤੇ ਇਸ ਤਰ੍ਹਾਂ ਉਸ ਚੋਣ ਤੋਂ ਉਪਜੇ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਅਸਰਾਂ ਤੇ ਨਤੀਜਿਆਂ ਲਈ ਸਮਾਜ ਖ਼ੁਦ ਜ਼ਿੰਮੇਵਾਰ ਹੁੰਦਾ ਹੈ। ਇਸ ਸਬੰਧ ਵਿਚ ਮਾਰਕਸਵਾਦੀ ਦਲੀਲ ਇਹ ਹੈ ਕਿ ਮਨੁੱਖ ਆਪਣੀ ਸਮਾਜਿਕ ਚੇਤਨਾ ਖ਼ੁਦ ਨਹੀਂ ਬਣਾਉਂਦੇ ਸਗੋਂ ਉਨ੍ਹਾਂ ਦੀ ਸਮਾਜਿਕ ਚੇਤਨਾ/ਵਿਚਾਰਧਾਰਾ ਉਨ੍ਹਾਂ ਦੀਆਂ ਸਮਾਜਿਕ ਸਥਿਤੀਆਂ ਦੁਆਰਾ ਬਣਾਈ ਜਾਂਦੀ ਹੈ। ਇਸ ਦੇ ਬਾਵਜੂਦ

ਮਨੁੱਖ ਨੂੰ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦੀ ਚੋਣ ਕਰਨ ਅਤੇ ਇਹ ਚੋਣ ਕਰਨ ਕਿ ਉਹ ਕੰਮ ਕਿਸ ਤਰੀਕੇ ਨਾਲ ਅਤੇ ਕਦੋਂ ਕੀਤਾ ਜਾਵੇ, ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਮਨੁੱਖ ਨੂੰ ਆਪਣੀ ਕੀਤੀ ਚੋਣ, ਕੀਤੇ ਗਏ ਕੰਮ ਅਤੇ ਉਸ ਤੋਂ ਪਏ ਪ੍ਰਭਾਵਾਂ ਦੀ ਜ਼ਿੰਮੇਵਾਰੀ ਲੈਣੀ ਪੈਂਦੀ ਹੈ। ਆਪਣੇ ਕੀਤੇ ਕੰਮਾਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਰੱਬ ਉੱਤੇ ਸੁੱਟਣਾ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਨਾ ਹੈ। ਨਿਰਮਲਾ ਸੀਤਾਰਮਨ ਅਤੇ ਉਸ ਦੀ ਸਰਕਾਰ ਵੀ ਇਸੇ ਸਥਿਤੀ ਵਿਚ ਹਨ। ਉਹ ਰੱਬ/ਪਰਮਾਤਮਾ/ਭਗਵਾਨ ਦੇ ਨਾਮ ਦੀ ਆੜ ਨਹੀਂ ਲੈ ਸਕਦੇ। ਉਨ੍ਹਾਂ ਕੋਲ ਸੱਤਾ ਸੀ, ਉਹ ਫ਼ੈਸਲਾ ਲੈਣ ਲਈ ਆਜ਼ਾਦ ਸਨ। ਉਨ੍ਹਾਂ ਫ਼ੈਸਲੇ ਲਏ, ਉਨ੍ਹਾਂ ਫ਼ੈਸਲਿਆਂ ਦੇ ਮਾਰੂ ਅਸਰਾਂ ਲਈ ਉਹ ਜ਼ਿੰਮੇਵਾਰ ਹਨ। ਕਈ ਹਾਕਮਾਂ, ਜੇਤੂਆਂ ਅਤੇ ਲੁਟੇਰਿਆਂ ਨੇ ਰੱਬ ਦਾ ਨਾਂ ਵਰਤਦਿਆਂ ਲੋਕਾਂ 'ਤੇ ਅਕਹਿ ਜ਼ੁਲਮ ਢਾਹੇ ਤੇ ਲੁੱਟ-ਮਾਰ ਕੀਤੀ ਹੈ।

ਇਸ ਤਰ੍ਹਾਂ ਨਿਰਮਲਾ ਸੀਤਾਰਮਨ ਕੋਵਿਡ-19 ਨੂੰ ਰੱਬ ਦੀ ਕਰਨੀ ਕਹਿ ਕੇ ਭਾਵੇਂ ਲੋਕਾਂ ਦੇ ਇੱਕ ਹਿੱਸੇ ਨੂੰ ਮਾਨਸਿਕ ਤਸੱਲੀ ਦੇ ਦੇਵੇ ਪਰ ਉਹ ਆਪਣੀ ਸਰਕਾਰ ਨੂੰ ਨੋਟਬੰਦੀ, ਜੀ.ਐੱਸ.ਟੀ. ਨੂੰ ਖ਼ਰਾਬ ਤਰੀਕੇ ਨਾਲ ਲਾਗੂ ਕਰਨ, ਵੱਖ ਵੱਖ ਸੰਸਥਾਵਾਂ (ਜਿਵੇਂ ਯੋਜਨਾ ਕਮਿਸ਼ਨ, ਰਿਜ਼ਰਵ ਬੈਂਕ ਆਫ਼ ਇੰਡੀਆ, ਸੀ.ਬੀ.ਆਈ.) ਨੂੰ ਖ਼ੋਰਾ ਲਗਾਉਣ, ਤਾਲਾਬੰਦੀ, ਧਾਰਾ 370 ਨੂੰ ਮਨਸੂਖ਼ ਕਰਨ ਆਦਿ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰਾ ਸਕਦੀ। ਪਿਛਲੇ ਛੇ ਸਾਲਾਂ ਵਿਚ ਹਜੂਮੀ ਹਿੰਸਾ ਦੀਆਂ ਕਾਰਵਾਈਆਂ ਵਿੱਚ ਘੱਟਗਿਣਤੀ ਫ਼ਿਰਕੇ ਦੇ ਲੋਕਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਉਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ ਦਾ ਸੱਤਾ ਵਿਚ ਬੈਠੇ ਲੋਕਾਂ ਨੇ ਮਾਣ-ਸਨਮਾਨ ਕੀਤਾ; ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਆਗੂਆਂ ਨੇ ਨਫ਼ਰਤ ਤੇ ਫ਼ਿਰਕਾਪ੍ਰਸਤੀ ਵਧਾਉਣ ਅਤੇ ਹਿੰਸਾ ਭੜਕਾਉਣ ਵਾਲੇ ਬਿਆਨ ਦਿੱਤੇ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਗੁੰਡਿਆਂ ਨੇ ਗੁੰਡਾਗਰਦੀ ਕੀਤੀ ਅਤੇ ਜਾਮੀਆ ਮਿਲੀਆ ਇਸਲਾਮੀਆ ਵਿਚ ਪੁਲੀਸ ਨੇ ਵਧੀਕੀਆਂ ਕੀਤੀਆਂ। ਜਮਹੂਰੀ ਕਾਰਕੁੰਨਾਂ, ਚਿੰਤਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੂੰ ਭੀਮਾ ਕੋਰੇਗਾਉਂ ਕੇਸ ਵਿਚ ਨਜ਼ਰਬੰਦ ਕੀਤਾ ਗਿਆ ਅਤੇ ਹੁਣ ਅਜਿਹੇ ਵਿਅਕਤੀਆਂ ਨੂੰ ਦਿੱਲੀ ਦੰਗਿਆਂ ਨਾਲ ਸਬੰਧਿਤ ਕੇਸਾਂ ਵਿਚ ਘਸੀਟਿਆ ਜਾ ਰਿਹਾ ਹੈ। ਕੀ ਇਹ ਸਭ ਕੁਝ ਰੱਬ ਦੀ ਕਰਨੀ ਹੈ? ਨਹੀਂ। ਇਤਿਹਾਸ ਇਹ ਜਵਾਬ ਮੰਗੇਗਾ ਕਿ ਇਹ ਕਾਰਵਾਈਆਂ ਕਿਉਂ ਅਤੇ ਕਿਸ ਸਮੇਂ ਦੌਰਾਨ ਹੋਈਆਂ। ਸੱਤਾਧਾਰੀ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਇਨ੍ਹਾਂ ਸਮਿਆਂ ਦੌਰਾਨ ਉਨ੍ਹਾਂ ਦੁਆਰਾ ਨਿਭਾਈ ਗਈ ਆਪੋ-ਆਪਣੀ ਭੂਮਿਕਾ ਲਈ ਲੋਕਾਂ ਅਤੇ ਇਤਿਹਾਸ ਨੂੰ ਜਵਾਬ ਦੇਣਾ ਪਵੇਗਾ।

95010-13006

ਪੰਨਾ 7 ਦਾ ਬਾਕੀ...

ਅਖੌਤੀ ਰੱਬ ਨੂੰ ਸਵਾਲ :

1. ਕੀ ਤੂੰ ਖੁਸ਼ਾਮਦ ਪ੍ਰਸਤ ਹੈ ਜੋ ਲੋਕਾਂ ਤੋਂ ਦਿਨ-ਰਾਤ ਪੂਜਾ ਕਰਵਾਉਂਦਾ ਹੈ?
2. ਕੀ ਤੂੰ ਕਾਇਰ ਹੈ ਜੋ ਸਾਹਮਣੇ ਨਹੀਂ ਆਉਂਦਾ?
3. ਕੀ ਤੂੰ ਹਮੇਸ਼ਾ ਭੁੱਖਾ ਰਹਿੰਦਾ ਹੈ ਜੋ ਲੋਕਾਂ ਤੋਂ ਦੁੱਧ, ਮਠਿਆਈ ਆਦਿ ਲੈਂਦਾ ਰਹਿੰਦਾ ਹੈ?
4. ਕੀ ਤੂੰ ਮਾਸਾਹਾਰੀ ਹੈ ਜੋ ਪਸ਼ੂਆਂ ਦੀ ਬਲੀ ਮੰਗਦਾ ਹੈ?
5. ਕੀ ਤੂੰ ਸੋਨੇ ਦਾ ਵਪਾਰੀ ਹੈ ਜੋ ਮੰਦਿਰਾਂ ਵਿੱਚ ਲੱਖਾਂ ਟਨ ਸੋਨਾ ਦਬਾਈ ਬੈਠਾ ਹੈ?
6. ਕੀ ਤੂੰ ਐਨਾ ਕਮਜ਼ੋਰ ਹੈ ਕਿ ਹਰ ਚੜ੍ਹਦੇ ਦਿਨ ਹੋਣ ਵਾਲੇ ਬਲਾਤਕਾਰਾਂ ਨੂੰ ਨਹੀਂ ਰੋਕਦਾ ਜਾਂ ਉਹ ਤੇਰੀ ਇੱਛਾ ਨਾਲ ਹੁੰਦੇ ਹਨ?
7. ਕੀ ਤੂੰ ਅੱਤਵਾਦੀਆਂ ਨਾਲ ਮਿਲਿਆ ਹੋਇਆ ਹੈ ਜੋ ਧਰਮ ਦੇ ਨਾਮ 'ਤੇ ਲੋਕਾਂ 'ਤੇ ਗੋਲੀਆਂ ਚਲਾਉਂਦੇ ਹਨ?
8. ਕੀ ਤੂੰ ਭ੍ਰਿਸ਼ਟਾਚਾਰੀ ਹੈ ਜੋ ਗਰੀਬਾਂ ਨੂੰ ਕਦੇ ਕੁੱਝ ਨਹੀਂ ਦਿੰਦਾ ਜਦਕਿ ਗਰੀਬ ਪਸ਼ੂਆਂ ਵਾਂਗ ਕੰਮ ਕਰਕੇ ਕਮਾਏ ਪੈਸੇ ਦਾ ਕਤਰਾ-ਕਤਰਾ ਤੇਰੇ 'ਤੇ ਵਾਰਦੇ ਰਹਿੰਦੇ ਹਨ? ਆਦਿ

ਪਹਾੜ ਉਲਟਾਓ :

ਮੈਂ ਪੂਰੀ ਤਰ੍ਹਾਂ ਜਾਤ ਨੂੰ ਖਤਮ ਕਰਨ ਲਈ ਸਮਰਪਿਤ ਹਾਂ ਤਾਂ ਹੀ ਮੈਂ ਇਸ ਪਾਸੇ ਤੁਰਿਆ ਕਿ ਰੱਬ, ਧਰਮ, ਸ਼ਾਸਤਰਾਂ ਅਤੇ ਬ੍ਰਾਹਮਣਵਾਦ ਦੇ ਖਾਤਮੇ ਲਈ ਅੰਦੋਲਨ ਕਰਾਂ। ਜਾਤ ਦਾ ਸਮੁੱਚਾ ਖਾਤਮਾ ਤਾਂ ਹੀ ਸੰਭਵ ਹੈ ਜੇ ਇਨ੍ਹਾਂ ਚਾਰਾਂ ਦਾ ਖਾਤਮਾ ਹੋਵੇ। ਜੇ ਇਹਨਾਂ ਵਿੱਚੋਂ ਇੱਕ ਵੀ ਬਚਦਾ ਹੈ ਤਾਂ ਜਾਤੀ ਦਾ ਪੂਰਾ ਖਾਤਮਾ ਸੰਭਵ ਨਹੀਂ ਕਿਉਂਕਿ ਜਾਤ ਦੀ ਇਮਾਰਤ ਇਹਨਾਂ ਚਾਰਾਂ 'ਤੇ ਟਿਕੀ ਹੋਈ ਹੈ। ਆਦਮੀ ਨੂੰ ਗੁਲਾਮ ਅਤੇ ਮੂਰਖ ਬਣਾਉਣ ਬਾਅਦ ਹੀ ਜਾਤ ਨੂੰ ਸਮਾਜ 'ਤੇ ਥੋਪਿਆ ਜਾ ਸਕਦਾ ਸੀ, ਜੋ ਇਹਨਾਂ ਰਾਹੀਂ ਸੰਭਵ ਹੋਇਆ। ਇਹ ਚਾਰੇ ਜਾਤ-ਪ੍ਰਬੰਧ ਨੂੰ ਮਜ਼ਬੂਤੀ ਬਖਸ਼ਦੇ ਹਨ।


(93ਵੇਂ ਜਨਮ ਦਿਵਸ 'ਤੇ ਪ੍ਰਕਾਸ਼ਿਤ ਸਮਾਰਿਕਾ ਵਿੱਚੋਂ)

ਵਿਗਿਆਨਕ ਸੋਚ ਅਪਣਾਓ
'ਤਰਕਸ਼ੀਲ' ਦਾ ਇੱਕ ਪਾਠਕ ਹੋਰ ਬਣਾਓ।

ਭੂਤਾਂ ਪ੍ਰੇਤਾਂ ਦੇ ਡਰ ਤੋਂ ਛੁਟਕਾਰਾ ਪਾਓ।
'ਤਰਕਸ਼ੀਲ' ਦਾ ਇੱਕ ਪਾਠਕ ਹੋਰ ਬਣਾਓ।

ਚੀਨੀ ਦੰਤ ਕਥਾ

ਬਦਕਿਸਮਤੀ - ਖੁਸ਼ਕਿਸਮਤੀ



ਐਲਨ ਵਾਟਸ



ਇੱਕ ਵਾਰ ਇੱਕ ਗਰੀਬ ਕਿਸਾਨ ਦਾ ਘੋੜਾ ਕਿਤੇ ਦੌੜ ਗਿਆ (ਗਵਾਚ ਗਿਆ)। ਸ਼ਾਮ ਨੂੰ ਕਿਸਾਨ ਦੇ ਗੁਆਂਢੀ ਉਸਦੇ ਘਰ ਅਫਸੋਸ ਕਰਨ ਵਾਸਤੇ ਆਏ ਅਤੇ ਕਿਸਾਨ ਨੂੰ ਕਹਿਣ ਲੱਗੇ, ਇਹ ਤਾਂ ਬਹੁਤ ਮਾੜਾ ਹੋਇਆ।

ਕਿਸਾਨ ਨੇ ਅੱਗਿਓਂ ਜਵਾਬ ਦਿੱਤਾ "ਪਤਾ ਨਹੀਂ... ਸ਼ਾਇਦ।"

ਅਗਲੇ ਦਿਨ ਕਿਸਾਨ ਦਾ ਘੋੜਾ ਵਾਪਸ ਆ ਗਿਆ ਅਤੇ ਘੋੜੇ ਦੇ ਮਗਰ-ਮਗਰ ਸੱਤ ਜੰਗਲੀ ਘੋੜੇ ਵੀ ਆ ਗਏ। ਫੇਰ ਸਾਮ ਨੂੰ ਕਿਸਾਨ ਦੇ ਗੁਆਂਢੀ ਆਏ, ਤੇ ਕਹਿਣ ਲੱਗੇ "ਇਹ ਤਾਂ ਬਹੁਤ ਵਧੀਆ ਹੋ ਗਿਆ।"

ਕਿਸਾਨ ਨੇ ਜਵਾਬ ਦਿੱਤਾ "ਪਤਾ ਨਹੀਂ... ਸ਼ਾਇਦ।"

ਅਗਲੇ ਦਿਨ, ਇੱਕ ਜੰਗਲੀ ਘੋੜੇ 'ਤੇ ਕਾਠੀ ਪਾਉਣ ਲੱਗਿਆਂ ਕਿਸਾਨ ਦਾ ਮੁੰਡਾ ਤਿਲਕ ਕੇ ਡਿੱਗ ਗਿਆ ਅਤੇ ਉਸਦੀ ਲੱਤ ਟੁੱਟ ਗਈ।

ਸ਼ਾਮ ਨੂੰ ਕਿਸਾਨ ਦੇ ਗੁਆਂਢੀ ਫੇਰ ਅਫਸੋਸ ਕਰਨ ਆਏ ਤੇ ਕਿਸਾਨ ਨੂੰ ਕਹਿਣ ਲੱਗੇ "ਇਹ ਤਾਂ ਬਹੁਤ ਮਾੜਾ ਹੋਇਆ।"

ਕਿਸਾਨ ਨੇ ਫੇਰ ਉਹੀ ਜਵਾਬ ਦਿੱਤਾ "ਪਤਾ ਨਹੀ... ਸ਼ਾਇਦ।"

ਅਗਲੇ ਦਿਨ ਪਿੰਡ ਵਿੱਚ ਬਾਦਸ਼ਾਹ ਦੇ ਫੌਜੀ ਅਫਸਰ, ਫੌਜ ਦੀ ਲਾਜ਼ਮੀ ਭਰਤੀ (ਧੱਕੇ ਨਾਲ) ਕਰਨ ਵਾਸਤੇ ਆਏ, ਤੇ ਕਿਸਾਨ ਦੇ ਮੁੰਡੇ ਨੂੰ ਟੁੱਟੀ ਲੱਤ ਕਰਕੇ ਆਪਣੇ ਨਾਲ ਨਹੀਂ ਲੈਕੇ ਗਏ।

ਫੇਰ ਸ਼ਾਮ ਨੂੰ ਕਿਸਾਨ ਦੇ ਗੁਆਂਢੀ ਆਏ ਤੇ ਕਹਿਣ ਲੱਗੇ "ਇਹ ਤਾਂ ਬਹੁਤ ਵਧੀਆ ਹੋ ਗਿਆ।"

ਕਿਸਾਨ ਨੇ ਮੁੜ ਉਹੀ ਜਵਾਬ ਦਿੱਤਾ "ਪਤਾ ਨਹੀ... ਸ਼ਾਇਦ।"

ਏਸੇ ਤਰ੍ਹਾਂ ਹਰ ਚੀਜ ਅਤੇ ਘਟਨਾ ਦੇ ਇੱਕ ਦੂਜੇ 'ਤੇ ਬਹੁਤ ਗੁੰਝਲਦਾਰ ਤਰੀਕੇ ਨਾਲ ਨਿਰਭਰ ਹੋਣ ਕਰਕੇ ਇਹ ਕਹਿਣਾ ਲਗਭਗ ਨਾਮੁਮਕਿਨ ਹੈ ਕਿ ਕਿਹੜੀ ਘਟਨਾ 'ਚੰਗੀ' – 'ਮਾੜੀ' ਜਾਂ 'ਠੀਕ' – 'ਗਲਤ' ਹੈ;

ਅਸੀਂ ਕਿਸੇ ਵੀ ਘਟਨਾ ਨੂੰ ਖੁਸਕਿਸਮਤੀ ਜਾਂ ਬਦਕਿਸਮਤੀ ਨਹੀਂ ਕਹਿ ਸਕਦੇ।

(ਐਲਨ ਵਾਟਸ ਦੁਆਰਾ ਦਿੱਤੇ ਗਏ ਪੂਰਬੀ ਫਿਲਾਸਫੀ ਉੱਤੇ ਲੈਕਚਰਾਂ ਵਿੱਚੋਂ)


ਗੁਲਾਮ

ਉਹ ਵੱਡੇ ਨਹੀਂ ਸਨ ਹੋਏ, ਅਸੀਂ ਆਪਣੇ-ਆਪ ਨੂੰ ਛੋਟਾ ਕਰ ਲਿਆ ਸੀ। ਉਹ ਸਿਆਣੇ ਨਹੀਂ ਸਨ, ਅਸੀਂ ਅੰਧਵਿਸ਼ਵਾਸੀ ਸਾਂ। ਅਸੀਂ ਹੀ ਨਿਰਣਾ ਕਰ ਲਿਆ ਸੀ ਕਿ ਚੌਲਾਂ ਵਰਗਾ ਰੰਗ, ਕਣਕ ਵਾਲੇ ਰੰਗ ਨਾਲੋਂ ਸੋਹਣਾ ਹੁੰਦਾ ਹੈ। ਅਸੀਂ ਸਾਬਤ ਕਰ ਵਿਖਾਇਆ ਹੈ ਕਿ ਪਤਲੂਨ ਪਾਉਣਾ, ਪਜ਼ਾਮੇ ਅਤੇ ਤਹਿਮਤ ਨਾਲੋਂ ਉਚੇਰੀ ਸਭਿਅਤਾ ਹੈ। ਆਪਣੇ ਦੇਸ਼ ਵਿੱਚ ਸਾਡਾ ਘਰ ਸਾਫ ਕਰਨਾ ਨੀਵੀਂ ਜਾਤ ਦਾ ਕੰਮ ਹੈ ਪਰ ਪ੍ਰਦੇਸ਼ ਵਿੱਚ ਸੜਕ ਸਾਫ ਕਰਦਿਆਂ, ਸਾਡੀ ਜਾਤ ਨੂੰ ਕੋਈ ਫਰਕ ਨਹੀਂ ਪੈਂਦਾ। ਪੜ੍ਹਿਆ ਲਿਖਿਆ ਮਨੁੱਖ ਅਸੀਂ ਉਸ ਨੂੰ ਸਮਝਦੇ ਹਾਂ, ਜਿਹੜਾ ਆਪਣੀ ਜੁਬਾਨ ਵਿਚ ਗੱਲ ਨਾ ਕਰੇ। ਅਸੀਂ ਸਮਝਦੇ ਹਾਂ ਆਪਣੀ ਕਾਰ ਵਿਚ ਜਾਂਦਾ ਬੰਦਾ , ਬੱਸ ਗੱਡੀ ਵਿਚ ਜਾਣ ਵਾਲੇ ਨਾਲੋਂ ਉੱਚਾ ਹੁੰਦਾ ਹੈ। ਵਿਕਾਸ ਕਰਨ ਦਾ ਅਰਥ ਮਾਂ ਨੂੰ ਖਤ ਲਿਖਣ ਦੀ ਥਾਂ ਮਦਰਜ਼-ਡੇ ਦਾ ਕਾਰਡ ਭੇਜ ਦੇਣਾ ਸਮਝ ਲਿਆ ਗਿਆ ਹੈ। ਸਾਡੇ ਨਿਰਣਾ ਕਰਨ ਦੀ ਦੇਰ ਸੀ, ਆਪਣੇ- ਆਪ ਨੂੰ ਛੋਟਾ ਮੰਨਣ ਦੀ ਦੇਰ ਸੀ, ਫਿਰ ਉਨ੍ਹਾਂ ਨੂੰ ਸਾਡੇ ਤੋਂ ਵੱਡੇ ਬਣਨ ਵਿੱਚ ਕੋਈ ਦੇਰ ਨਹੀਂ ਲੱਗੀ। ਸਾਡੇ ਝੁਕਣ ਦੀ ਦੇਰ ਸੀ, ਉਹ ਪਲਾਕੀ ਮਾਰ ਕੇ ਸਾਡੇ 'ਤੇ ਸਵਾਰ ਹੋ ਗਏ ਸਨ। ਸਾਨੂੰ ਝੁਕਾਉਣ ਲਈ ਇੱਥੇ ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਹੁਨ ਆਏ, ਮੁਗਲ ਆਏ, ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ??

ਜੇ ਉਹ ਆ ਜਾਂਦੇ ਤਾਂ ਉਨ੍ਹਾਂ ਨੇ ਵੀ ਸਾਡੇ 'ਤੇ ਰਾਜ ਹੀ ਕਰਨਾ ਸੀ, ਕਿਉਂਕਿ ਅਸੀਂ ਗੁਲਾਮ ਬਣਨ ਵਿਚ ਮਾਹਿਰ ਸਾਂ।


ਨਰਿੰਦਰ ਸਿੰਘ ਕਪੂਰ

ਬੋਲ ਸਦੀਵੀਂ



ਲਿਖੀ ਜਾ ਰਹੀ ਹੈ ਕਵਿਤਾ

ਸੜਕਾਂ
ਚੌਰਾਹਿਆਂ
ਰੇਲ ਪਟੜੀਆਂ 'ਤੇ
ਲਿਖੀ ਜਾ ਰਹੀ ਹੈ
ਸਾਡੇ ਸਮਿਆਂ ਦੀ
ਅਸਲ ਕਵਿਤਾ
ਅਸੀਂ
ਸ਼ਬਦਾਂ ਦਾ ਵਣਜ ਕਰਨ ਵਾਲੇ
ਪਛੜ ਗਏ ਹਾਂ
ਵਾਧਾ ਘਾਟਾ
ਨਫ਼ਾ ਨੁਕਸਾਨ ਜੋਖਦਿਆਂ
ਵਕਤ ਗੁਆ ਲਿਆ
ਪੈਰਾਂ ਦੇ ਛਾਲਿਆਂ ਚੋਂ
ਵਗਦਾ ਮਵਾਦ
ਸਿਆਹ ਸੜਕਾਂ 'ਤੇ
ਲਫ਼ਜ਼ ਉਲੀਕ ਰਿਹਾ ਹੈ
ਹਰ ਨਵੀਂ ਸਵੇਰ
ਸਿਰਜੀ ਜਾ ਰਹੀ ਹੈ ਨਵੀਂ ਕਵਿਤਾ
ਤਣੇ ਮੁੱਕਿਆਂ
ਤੇ ਫਰਕਦੇ ਡੌਲਿਆਂ ਨਾਲ
ਹਵਾ ਚ ਲਹਿਰਾ ਰਹੀ ਹੈ ਨਵੀਂ ਕਵਿਤਾ
ਜਦੋਂ ਜਜ਼ਬਾ ਸੁੱਚਾ
ਸਿਦਕ ਮੁਕੰਮਲ
ਬੰਦਾ ਨਿਰਭਉ ਨਿਰਵੈਰ ਹੋਵੇ
ਉਦੋਂ
ਕਵਿਤਾ
ਕਾਗਜ਼
ਕਲਮ
ਤੇ ਲਫ਼ਜ਼ਾਂ ਦੀ ਮੁਥਾਜ ਕਦ ਹੁੰਦੀ ਹੈ।





ਹਰਮੀਤ ਵਿਦਿਆਰਥੀ

ਧਰਮ



ਧਰਮ, ਜੋ ਸਾਨੂੰ ਇਹ ਕਹਿੰਦੇ ਨੇ
ਮੰਦਰ ਦੇ ਵਿੱਚ ਸੰਖ ਵਜਾਵੋ
ਵੱਟਿਆਂ ਦੇ ਵਿੱਚ ਸ਼ਰਧਾ ਰੱਖੋ
ਪੱਥਰਾਂ ਅੱਗੇ ਧੂਫ ਧੁਖਾਵੋ।

ਪਰ ਜੇ ਮਾਨਵ ਮਰਦਾ ਹੋਵੇ
ਮਰਦੇ ਮੂੰਹ ਵਿੱਚ ਬੂੰਦ ਨਾ ਪਾਵੋ
ਇਕ ਦੂਜੇ ਦੇ ਲਹੂਆਂ ਦੇ ਵਿਚ
ਆਪਣੇ ਆਪਣੇ ਹੱਥ ਡੁਬਾਵੋ।



ਆਉਂਦੇ ਮਾਨਵ ਜੋਗਾ ਰਲ ਕੇ
ਖੇਤੀਂ ਰੱਜ ਕੇ ਕੋਝ ਉਗਾਵੋ
ਤਵਾਰੀਖ਼ ਦੀ ਛਾਤੀ ਉੱਤੇ
ਰੰਗਾਂ ਵਾਲੇ ਨਾਗ ਲੜਾਵੋ।

ਸਮਿਆਂ ਦੇ ਸਮਸ਼ਾਨ-ਘਾਟ 'ਤੇ
ਆਪਣੀ ਆਪਣੀ ਮੜ੍ਹੀ ਬਣਾਵੇ
ਕਿਹੜਾ ਧਰਮ ਤੇ ਕਿਹੜਾ ਰੰਗ ਹੈ ?
ਸੰਗਮਰਮਰ ਦੇ ਖੁਤਵੇ ਲਾਵੇ।

ਧਰਮ, ਤਾਂ ਮੇਰੇ ਮਿੱਤਰ ਉਹ ਹੈ
ਜੋ ਨਾ ਲਹੂ ਦਾ ਰੰਗ ਪਛਾਣੇ
ਜੋ ਸਭਨਾਂ ਨੂੰ ਇਕ ਕਰ ਜਾਣੇ
ਮਾਨਵ ਦੀ ਪੀੜਾ ਨੂੰ ਸਮਝੇ
ਮਾਨਵ ਦੀ ਪੀੜਾ ਨੂੰ ਜਾਣੇ।

ਸ਼ਿਵ ਕੁਮਾਰ ਬਟਾਲਵੀ
('ਲੂਣਾ' 'ਚੋਂ)

ਅਹਿਦ

ਆ ਕੁੱਜੇ ਪਾਈਏ ਦਰਿਆ ਨੂੰ,
ਚੰਨ ਮੁੱਠੀਆਂ ਵਿੱਚ ਕਰ ਲਈਏ।
ਲੈ ਤਾਰੇ ਕੁੱਝ ਰੀਝਾਂ ਗੁੰਦੀਏ,
ਫੜ ਸੂਰਜ ਵਿਹੜੇ ਧਰ ਲਈਏ।
ਹਿੱਕ ਅੰਬਰ ਦੀ ਕਰੀਏ ਖੇਤੀ,
ਚਾਅ ਭੜੋਲੇ ਸਭ ਭਰ ਲਈਏ।
ਔੜ ਰੁੱਤਾਂ ਨੂੰ ਸਬਕ ਸਿਖਾਈਏ,
ਕੋਈ ਬੱਦਲੀ ਬਣ ਵਰ੍ਹ ਲਈਏ।

ਸ਼ਿਵਰਾਜ ਖੁੰਡੇ ਹਲਾਲ

ਸ਼ੋਸ਼ਲ ਮੀਡੀਆ ਅਤੇ ਇੰਟਰਨੈੱਟ

ਰਾਜਪਾਲ ਸਿੰਘ



ਇਸ ਸਾਲ ਅਗਸਤ ਮਹੀਨੇ ਵਿੱਚ ਸ਼ੋਸਲ ਮੀਡੀਆ ਵਰਤਣ ਵਾਲੇ ਬਹੁਤੇ ਪਾਠਕਾਂ ਨੇ ਇਕ ਵੀਡੀਓ ਜ਼ਰੂਰੀ ਦੇਖੀ ਹੋਵੇਗੀ ਜਿਸ ਵਿੱਚ ਇਕ ਗੁਲਾਬੀ ਕਮੀਜ਼ ਵਾਲਾ ਲੜਕਾ ਕਿਸੇ ਡੇਅਰੀ ਵਿੱਚ ਮੱਝ ਦੀ ਧਾਰ ਕੱਢਣ ਬਾਅਦ ਬਾਲਟੀ ਵਿੱਚੋਂ ਕੱਪ ਭਰ ਕੇ ਮੂੰਹ ਨੂੰ ਲਾ ਲੈਂਦਾ ਹੈ, ਕੱਪ ਵਿੱਚੋਂ ਬਚਿਆ ਜੂਠਾ ਦੁੱਧ ਫਿਰ ਬਾਲਟੀ ਵਿੱਚ ਪਾ ਦਿੰਦਾ ਹੈ ਅਤੇ ਫਿਰ ਘਟਿਆ ਦੁੱਧ ਪੂਰਾ ਕਰਨ ਲਈ, ਜਿਸ ਖੇਲ ਵਿੱਚੋਂ ਮੱਝਾਂ ਪਾਣੀ ਪੀਂਦੀਆਂ ਹਨ, ਉਸ ਵਿੱਚੋਂ ਕੱਪ ਭਰ ਕੇ ਬਾਲਟੀ ਵਿੱਚ ਪਾ ਦਿੰਦਾ ਹੈ। ਇਹ ਘਟਨਾ ਸੱਚੀ ਸੀ ਅਤੇ ਹੈਦਰਾਬਾਦ ਦੀ ਇੱਕ ਡੇਅਰੀ ਦੀ ਸੀ, ਜਿੱਥੇ ਰਾਜੂ ਨਾਮ ਦੇ ਮੁੰਡੇ ਨੇ ਇਹ ਹਰਕਤ ਕੀਤੀ ਸੀ।



ਬਿਨ੍ਹਾਂ ਸ਼ੱਕ ਇਹ ਮਾੜੀ ਹਰਕਤ ਸੀ, ਪਰ ਇਸ ਤੋਂ ਮਾੜੀ ਹਰਕਤ ਅਸ਼ੀਸ਼ ਜੱਗੀ ਨਾਂ ਦੇ ਫਿਰਕਾਪ੍ਰਸਤ ਅਨਸਰ ਨੇ ਸਮਾਜਿਕ ਭਾਈਚਾਰੇ ਵਿੱਚ ਫਿਰਕੂ ਜ਼ਹਿਰ ਦੀ ਮਿਲਾਵਟ ਕਰਕੇ ਕੀਤੀ। ਉਸ ਨੇ ਇਹ ਵੀਡੀਓ ਸ਼ੇਅਰ ਕਰਦੇ ਹੋਏ ਨਾਲ ਟਵੀਟ ਕੀਤਾ – "ਇੱਕ ਮੁਸਲਿਮ ਦੁੱਧ ਵੇਚਣ ਵਾਲਾ ਓਹੀ ਕਰ ਰਿਹਾ ਹੈ ਜੋ ਉਨ੍ਹਾਂ ਦੀ ਧਾਰਮਿਕ ਕਿਤਾਬ ਉਨ੍ਹਾਂ ਨੂੰ ਸਿਖਾਉਂਦੀ ਹੈ। ਇਹ ਭੈੜੀ ਵੀਡੀਓ ਉਨ੍ਹਾਂ ਤੱਕ ਜਰੂਰ ਪਹੁੰਚਣੀ ਚਾਹੀਦੀ ਹੈ ਜੋ ਹਿੰਦੂ-ਮੁਸਲਿਮ ਭਾਈਚਾਰੇ ਅਤੇ ਸਾਂਝੀ ਗੰਗਾ-ਜਮਨੀ ਤਹਿਜੀਬ ਦੀਆਂ ਗੱਲਾਂ ਕਰਦੇ ਹਨ।" ਹਾਲਾਂਕਿ ਇਹ ਘਟੀਆ ਹਰਕਤ ਕਰਨ ਵਾਲੇ ਲੜਕੇ ਰਾਜੂ ਦਾ ਮੁਸਲਿਮ ਧਰਮ ਨਾਲ ਕੋਈ ਸਬੰਧ ਨਹੀਂ ਸੀ, ਪਰ ਹਿੰਦੀ ਬੈਲਟ ਵਿੱਚ ਇਸ ਵੀਡੀਓ ਨਾਲ ਅਸ਼ੀਸ਼ ਜੱਗੀ ਵਾਲੀ ਇਹ ਸ਼ਬਦਾਵਲੀ ਵੀ ਵਾਰ-ਵਾਰ ਅੱਗੇ ਭੇਜੀ ਗਈ। (ਪੰਜਾਬ ਵਿੱਚ ਇਹ ਵੀਡੀਓ ਆਪਣੇ ਮੂਲ ਰੂਪ ਵਿੱਚ ਹੀ ਵਾਇਰਲ ਹੋਈ ਕਿਉਂਕਿ ਇੱਥੇ ਮੁਸਲਿਮ ਵਿਰੋਧੀ ਫਿਰਕਾਪ੍ਰਸਤੀ ਦੇ ਗਾਹਕ ਘੱਟ ਹਨ।) ਇਹ ਤਾਂ ਇੱਕ ਉਦਾਹਰਣ ਸੀ, ਇਸ ਤਰ੍ਹਾਂ ਦੀਆਂ ਚੰਗੀਆਂ-ਮਾੜੀਆਂ ਘਟਨਾਵਾਂ ਹਜ਼ਾਰਾਂ ਦੀ ਗਿਣਤੀ ਵਿੱਚ ਵਾਪਰਦੀਆਂ ਰਹਿੰਦੀਆਂ ਹਨ। ਬਹੁਤ ਸਾਰੀਆਂ ਘਟਨਾਵਾਂ ਮੋਬਾਈਲ ਜਾਂ ਸੀ.ਸੀ.ਟੀ.ਵੀ. ਕੈਮਰਿਆਂ ਵਿੱਚ ਕੈਦ ਹੋ ਜਾਂਦੀਆਂ ਹਨ। ਪਰ ਇਨ੍ਹਾਂ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਦੀ ਥਾਂ ਇਨ੍ਹਾਂ ਨੂੰ ਇੱਕ ਫਿਰਕੇ ਪ੍ਰਤੀ ਨਫ਼ਰਤ ਫੈਲਾਉਣ ਲਈ ਵਰਤਿਆ ਜਾਂਦਾ ਹੈ। ਜਿਵੇਂ ਦੱਖਣੀ ਅਮਰੀਕਾ ਦੇ ਦੇਸ਼ ਗੁਆਟੇਮਾਲਾ ਵਿੱਚ ਇੱਕ ਔਰਤ ਅਤੇ ਉਸਦੇ ਦੋ ਸਾਥੀਆਂ ਨੇ ਇੱਕ ਟੈਕਸੀ ਡਰਾਈਵਰ ਨੂੰ ਗੋਲੀ ਮਾਰ ਦਿੱਤੀ। ਉੱਥੇ ਮੌਕੇ 'ਤੇ ਇਕੱਠੀ ਹੋਈ ਭੜਕੀ ਭੀੜ ਨੇ ਉਸ ਔਰਤ ਨੂੰ ਫੜ੍ਹ ਲਿਆ ਅਤੇ ਕੁੱਟਮਾਰ ਕਰਕੇ ਜਿਉਂਦੀ ਨੂੰ ਸਾੜ ਦਿੱਤਾ। ਇਸ ਮਨ-ਹਲੂੰਣਵੀ ਘਟਨਾ ਦੀ ਵੀਡੀਓ ਨੂੰ ਇਹ ਕਹਿਕੇ ਸ਼ੇਅਰ ਕੀਤਾ ਗਿਆ ਕਿ ਇਹ ਹਿੰਦੂ ਔਰਤ ਸੀ ਜਿਸ ਨੂੰ ਮੁਸਲਮਾਨਾਂ ਨੇ ਸਾੜ ਦਿੱਤਾ। ਇਸੇ ਤਰ੍ਹਾਂ ਅੰਮ੍ਰਿਤਸਰ ਵਿਖੇ ਦੁਸ਼ਹਿਰਾ ਦੇਖ ਕੇ ਮੁੜ ਰਹੀ ਭੀੜ ਉੱਪਰ ਜੋ ਟ੍ਰੇਨ ਚੜ੍ਹ ਜਾਣ ਦਾ ਭਿਆਨਕ ਹਾਦਸਾ ਹੋਇਆ, ਉਸ ਟ੍ਰੇਨ ਦਾ ਡਰਾਈਵਰ ਅਰਵਿੰਦ ਕੁਮਾਰ ਸੀ; ਪਰ ਉਸਦਾ ਨਾਮ ਇਮਤਿਆਜ਼ ਅਲੀ ਪ੍ਰਚਾਰਿਆ ਗਿਆ ਅਤੇ ਕਿਹਾ ਗਿਆ ਕਿ ਉਸ ਨੇ ਜਾਣ-ਬੁੱਝ ਕੇ ਟ੍ਰੇਨ ਨਹੀਂ ਰੋਕੀ ਕਿਉਂਕਿ ਮਰਨ ਵਾਲੇ ਹਿੰਦੂ ਤਿਉਹਾਰ ਦੇਖ ਕੇ ਮੁੜ ਰਹੇ ਸਨ।

ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਹਜ਼ਾਰਾਂ ਨਵੀਆਂ ਅਫਵਾਹਾਂ ਘੜ ਕੇ ਹਰ ਰੋਜ਼ ਵਾਇਰਲ ਕੀਤੀਆਂ ਜਾ ਰਹੀਆਂ ਹਨ। ਅਜਿਹੇ ਝੂਠ ਫੈਲਾਉਣ ਲਈ ਬਾਕਾਇਦਾ ਟੀਮਾਂ ਲਗਾਈਆਂ ਗਈਆਂ ਹਨ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਉੱਤੇ ਆ ਰਹੀਆਂ ਸੂਚਨਾਵਾਂ ਦਾ ਝੂਠ-ਸੱਚ ਪਰਖਣਾ ਅਤੇ ਸਹੀ ਜਾਣਕਾਰੀ ਦੀ ਚੋਣ ਕਰਨਾ ਬਹੁਤ ਵੱਡਾ ਮਸਲਾ ਹੈ। ਜਿਸ ਤਰ੍ਹਾਂ ਵਿਰੋਧੀਆਂ ਉੱਤੇ ਸਰੀਰਕ ਹਮਲੇ ਕੀਤੇ ਜਾਂਦੇ ਹਨ, ਉਸੇ ਤਰ੍ਹਾਂ ਇਹ ਮਾਨਸਿਕ ਹਮਲੇ ਹਨ, ਸੋਚ ਉੱਤੇ ਹਮਲੇ ਹਨ; ਸਾਨੂੰ ਇਨ੍ਹਾਂ ਤੋਂ ਬਚਾਅ ਕਰਨਾ ਸਿੱਖਣਾ ਪਵੇਗਾ। ਇਹ ਮਸਲਾ ਕੋਈ ਛੋਟਾ-ਮੋਟਾ ਜਾਂ ਸਥਾਨਕ ਅਤੇ ਵਕਤੀ ਮਹੱਤਤਾ ਦਾ ਨਹੀਂ ਬਲਕਿ ਸਾਰੀ ਦੁਨੀਆਂ ਅੱਗੇ ਮਹੱਤਵਪੂਰਨ ਮੁੱਦਾ ਹੈ।

ਸਹੀ ਵਰਤੋਂ ਲਈ ਸਹੀ ਸਮਝ ਦੀ ਲੋੜ

ਇੰਟਰਨੈੱਟ ਉੱਤੇ ਪ੍ਰਚਾਰ ਨਾਲ ਫਿਰਕਾਪ੍ਰਸਤ ਅਤੇ ਗੈਰ-ਵਿਗਿਆਨਕ ਵਿਚਾਰਾਂ ਨੂੰ ਫੈਲਾਉਣ ਦੀਆਂ ਉਦਾਹਰਣਾਂ ਤਾਂ ਅਸੀਂ ਅਕਸਰ ਦੇਖਦੇ ਰਹਿੰਦੇ ਹਾਂ। ਪਰ ਇਸ ਨਾਲ ਰਾਜਨੀਤੀ

ਵਿੱਚ ਕਿੰਨੀ ਦਖਲਅੰਦਾਜ਼ੀ ਕੀਤੀ ਜਾ ਸਕਦੀ ਹੈ ਇਸ ਨੂੰ ਇੱਕ ਉਦਾਹਰਣ ਤੋਂ ਸਮਝਿਆ ਜਾ ਸਕਦਾ ਹੈ ਕਿ ਅਮਰੀਕਾ ਦੀਆਂ ਪਿਛਲੀਆਂ ਚੋਣਾਂ ਵਿੱਚ ਅੱਗੇ ਚੱਲ ਰਹੀ ਹਿਲੇਰੀ ਕਲਿੰਟਨ ਨੂੰ ਹਰਾ ਕੇ ਡੋਨਾਲਡ ਟਰੰਪ ਨੂੰ ਜਿਤਾਉਣ ਵਿੱਚ ਇੱਕ ਰੂਸੀ ਏਜੰਸੀ ਵੱਲੋਂ ਇੰਟਰਨੈੱਟ ਰਾਹੀਂ ਕੀਤੀ ਦਖਲਅੰਦਾਜ਼ੀ ਦੇ ਰੋਲ ਨੂੰ ਮੰਨਿਆ ਜਾ ਰਿਹਾ ਹੈ। ਚਾਹੇ ਇਸ ਦੇ ਕੋਈ ਪੱਕੇ ਸਬੂਤ ਨਹੀਂ ਹਨ ਪਰ ਫਿਰ ਵੀ ਇਸ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਤਕਨੀਕਾਂ ਦੀ ਵਰਤੋਂ ਕਰਕੇ ਲੋਕਾਂ ਦੀ ਸੋਚ ਨੂੰ ਕਿਵੇਂ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

ਇੰਟਰਨੈੱਟ ਪਲੇਟਫਾਰਮਾਂ ਦੇ ਰੂਪ :

ਇੰਟਰਨੈੱਟ ਰਾਹੀਂ ਵਿਚਾਰਾਂ ਅਤੇ ਜਾਣਕਾਰੀ ਦਾ ਆਦਾਨ-ਪ੍ਰਦਾਨ ਕਰਨ ਦੇ ਅਨੇਕਾਂ ਪਲੇਟਫਾਰਮ ਹਨ, ਜਿਵੇਂ ਵੈੱਬਸਾਈਟ ਬਣਾ ਕੇ ਵਿਚਾਰ ਪਾਉਣਾ, ਜਾਣਕਾਰੀ ਦਾ ਸੋਮਾ ਬਣਨ ਵਾਲੀਆਂ ਸਾਈਟਾਂ ਜਿਵੇਂ ਵਿੱਕੀਪੀਡੀਆ ਆਦਿ ਵਿੱਚ ਜਾਣਕਾਰੀ ਪਾਉਣੀ, ਯੂ-ਟਿਊਬ ਵੀਡੀਓਜ਼ ਬਣਾ ਕੇ ਪਾਉਣੀਆਂ, ਯੂ-ਟਿਊਬ ਚੈਨਲ ਚਲਾਉਣੇ, ਈ-ਮੇਲਾਂ ਰਾਹੀਂ ਵਿਚਾਰ ਭੇਜਣੇ, ਸੋਸ਼ਲ ਮੀਡੀਆ ਅਧੀਨ ਆਉਂਦੇ ਫੇਸਬੁੱਕ, ਵਟਸਐਪ, ਟਵਿੱਟਰ, ਇੰਸਟਾਗ੍ਰਾਮ ਆਦਿ ਪਲੇਟਫਾਰਮਾਂ ਦੀ ਵਰਤੋਂ ਕਰਨੀ। ਇਨ੍ਹਾਂ ਵਿੱਚੋਂ ਸਭ ਤੋਂ ਪਹਿਲਾਂ ਅਸੀਂ ਸੋਸ਼ਲ ਮੀਡੀਆ ਬਾਰੇ ਗੱਲ ਕਰਾਂਗੇ ਕਿਉਂਕਿ ਅੱਜ ਦੇ ਦੌਰ ਵਿੱਚ ਇਹ ਲੋਕਾਂ ਦੀ ਸੋਚ ਨੂੰ ਬਹੁਤ ਪ੍ਰਭਾਵਿਤ ਕਰ ਰਿਹਾ ਹੈ, ਖਾਸ ਕਰ ਨਵੀਂ ਪੀੜ੍ਹੀ ਦੀ ਸੋਚ ਬਣਾਉਣ ਵਿੱਚ ਇਸ ਦਾ ਬਹੁਤ ਵੱਡਾ ਰੋਲ ਹੈ।



ਸੋਸ਼ਲ ਮੀਡੀਆ :

ਸੋਸ਼ਲ ਮੀਡੀਆ ਨੂੰ ਆਮ ਲੋਕਾਂ ਦਾ ਮੀਡੀਆ ਕਿਹਾ ਗਿਆ ਹੈ ਕਿਉਂਕਿ ਇਸ ਰਾਹੀਂ ਮੋਬਾਈਲ ਫੋਨ ਰੱਖਣ ਅਤੇ ਨੈੱਟ ਦਾ ਡਾਟਾ ਪੁਆ ਸਕਣ ਵਾਲਾ ਆਮ ਆਦਮੀ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ। ਜਦਕਿ ਦੂਸਰੇ ਮਾਧਿਅਮ ਜਿਵੇਂ ਰੇਡੀਓ, ਟੈਲੀਵਿਜ਼ਨ ਚੈਨਲ ਜਾਂ ਅਖ਼ਬਾਰ ਆਦਿ ਚਲਾਉਣ ਲਈ ਕਰੋੜਾਂ ਰੁਪਏ ਨਿਵੇਸ਼ ਕਰਨੇ ਪੈਂਦੇ ਹਨ। ਇਸ ਨੇ ਆਮ ਆਦਮੀ ਦੇ ਵਿਚਾਰਾਂ ਨੂੰ ਪ੍ਰਗਟਾਉਣ, ਉਨ੍ਹਾਂ ਤੀਕ ਹਰ ਤਰ੍ਹਾਂ ਦੀ ਜਾਣਕਾਰੀ ਪਹੁੰਚਾਉਣ ਅਤੇ ਉਨ੍ਹਾਂ ਵਿੱਚ ਤਾਲ-ਮੇਲ ਬਣਾਉਣ ਵਿੱਚ ਵੱਡਾ ਰੋਲ ਅਦਾ ਕੀਤਾ ਅਤੇ ਹੁਣ ਵੀ ਕਰ ਰਿਹਾ ਹੈ। ਆਪਣੇ ਇਸ ਗੁਣ ਕਰਕੇ ਇਸ ਨੇ ਕੁੱਝ ਲੋਕ ਉਭਾਰਾਂ ਵਿੱਚ ਲੋਕਾਂ ਦੇ ਵਿਰੋਧ ਨੂੰ ਜਥੇਬੰਦ ਕਰਨ ਵਿੱਚ ਸਹਾਈ ਰੋਲ ਵੀ ਅਦਾ ਕੀਤਾ ਜਿਵੇਂ ਮਿਸਰ, ਸੁਡਾਨ ਆਦਿ ਦੇ ਜਮਹੂਰੀਅਤ ਪੱਖੀ ਅੰਦੋਲਨਾਂ ਵਿੱਚ। ਸਰਕਾਰ ਇਸ ਉੱਤੇ ਪਾਬੰਦੀਆਂ ਲਗਾ ਤਾਂ ਸਕਦੀ ਹੈ ਪਰ ਜਿਸ ਤਰ੍ਹਾਂ ਕਿਸੇ ਰੇਡੀਓ ਜਾਂ ਟੈਲੀਵਿਜ਼ਨ ਸਟੇਸ਼ਨ ਉੱਤੇ ਕਬਜ਼ਾ ਕਰ ਕੇ ਸਰਕਾਰ ਜਾਂ ਕੋਈ ਹੋਰ ਤਕੜੀ ਧਿਰ ਆਪਣੇ ਲਈ ਪੂਰਨ ਤੌਰ 'ਤੇ ਵਰਤ ਲੈਂਦੀ ਹੈ, ਇਧਰ ਉਵੇਂ ਨਹੀਂ ਕੀਤਾ ਜਾ ਸਕਦਾ। ਇਸ ਨੂੰ ਪੂਰਨ ਤੌਰ 'ਤੇ ਲੋਕਾਂ ਦੇ ਹੱਥਾਂ ਵਿੱਚੋਂ ਖੋਹਣਾ ਔਖਾ ਕੰਮ ਹੈ, ਪਾਬੰਦੀਆਂ ਲਗਾਉਣ ਨਾਲ ਸਰਕਾਰ ਨੂੰ ਵੱਧ ਬਦਨਾਮੀ ਅਤੇ ਵਿਰੋਧ ਝੱਲਣਾ ਪੈਂਦਾ ਹੈ। ਪਾਬੰਦੀ ਦਾ ਅਸਰ ਵਿਰੋਧੀਆਂ ਦੇ ਨਾਲ-ਨਾਲ ਸਮਰਥਕਾਂ ਉੱਤੇ ਵੀ ਪੈਂਦਾ ਹੈ। ਸੋ ਇਸ ਮੀਡੀਏ ਉੱਤੇ ਸਿੱਧੀਆਂ ਪਾਬੰਦੀਆਂ ਲਗਾਉਣ ਦੀ ਬਜਾਏ, ਹਾਕਮ ਜਾਂ ਤਾਕਤਵਰ ਧਿਰਾਂ ਇਸ ਨੂੰ ਕੰਟਰੋਲ ਕਰਨ ਲਈ ਆਪਣੇ ਖਾਸ ਆਦਮੀਆਂ ਦੇ ਗਰੁੱਪ ਖੜ੍ਹੇ ਕਰਦੀਆਂ ਹਨ। ਇਨ੍ਹਾਂ ਦਾ ਕੰਮ ਭਾਰੂ ਧਿਰ ਦੀਆਂ ਲੋੜਾਂ ਅਨੁਸਾਰ ਗਲਤ ਅਤੇ ਭੁਲੇਖਾ-ਪਾਊ ਸੂਚਨਾਵਾਂ ਦਾ ਹੜ੍ਹ ਲਿਆ ਕੇ ਲੋਕਾਂ ਨੂੰ ਗੁੰਮਰਾਹ ਕਰਨਾ ਹੁੰਦਾ ਹੈ। ਇਨ੍ਹਾਂ ਗਲਤ ਸੂਚਨਾਵਾਂ ਦੇ ਹੜ੍ਹ ਵਿੱਚ ਸਹੀ ਜਾਣਕਾਰੀਆਂ ਰੁਲ ਜਾਂਦੀਆਂ ਹਨ। ਅਜੋਕੇ ਦੌਰ ਵਿੱਚ ਹਿੰਦੂਤਵਵਾਦੀ ਸ਼ਕਤੀਆਂ ਇਹ ਕਾਰਜ ਬਹੁਤ ਵਿਉਂਤਬੱਧ ਢੰਗ ਨਾਲ ਕਰ ਰਹੀਆਂ ਹਨ। ਵੈਸੇ ਹੋਰ ਵੀ ਵੱਡੀਆਂ ਸਿਆਸੀ ਧਿਰਾਂ ਅਤੇ ਰੂੜੀਵਾਦੀ/ ਧਾਰਮਿਕ ਮੂਲਵਾਦੀ ਲੋਕ ਵੀ ਸੋਸ਼ਲ ਮੀਡੀਆ ਨੂੰ ਇਸੇ ਢੰਗ ਨਾਲ ਵਰਤ ਰਹੇ ਹਨ।

ਇਨ੍ਹਾਂ ਹਾਲਤਾਂ ਵਿੱਚ ਸੋਸ਼ਲ ਮੀਡੀਏ ਉੱਤੇ ਆਉਂਦੇ ਗੁੰਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹੋਣ ਤੋਂ ਕਿਵੇਂ ਬਚਿਆ ਜਾਵੇ, ਕਿਵੇਂ ਟਾਕਰਾ ਕੀਤਾ ਜਾਵੇ ਅਤੇ ਇਸ ਨੂੰ ਸਹੀ ਅਤੇ ਲੋਕ-ਹਿਤੂ ਜਾਣਕਾਰੀ ਦਾ ਸਾਧਨ ਕਿਵੇਂ ਬਣਾ ਕੇ ਰੱਖਿਆ ਜਾਵੇ? ਇਸ ਲਈ ਸੋਸ਼ਲ ਮੀਡੀਆ ਦੇ ਵੱਖ-ਵੱਖ ਰੂਪਾਂ ਨੂੰ ਚੰਗੀ ਤਰ੍ਹਾਂ ਜਾਨਣ ਅਤੇ ਸਮਝਣ ਦੀ ਲੋੜ ਹੈ। ਸੋ ਪਹਿਲਾਂ ਸੋਸ਼ਲ ਮੀਡੀਏ ਦੇ ਵੱਖ-ਵੱਖ ਰੂਪਾਂ ਬਾਰੇ ਗੱਲ ਕੀਤੀ ਜਾਵੇ।

ਫੇਸਬੁੱਕ (Facebook) :

ਫੇਸਬੁੱਕ ਇੱਕ ਸੰਸਾਰ ਪੱਧਰੀ ਸੱਥ ਹੈ ਜਿੱਥੇ ਹਰ ਕੋਈ ਆਪਣੀ ਗੱਲ ਰੱਖ ਸਕਦਾ ਹੈ। ਇਹ ਸੱਥ ਕਿੱਡੀ ਵਿਸ਼ਾਲ ਹੈ ਇਸਦਾ ਅੰਦਾਜਾ ਇਸ ਤੋਂ ਲਗਾਇਆ ਜਾ ਸਕਦਾ ਹੈ ਕਿ ਐਸ ਵਕਤ ਫੇਸਬੁੱਕ ਨਾਲ ਸੰਸਾਰ ਭਰ ਵਿੱਚ 2 ਅਰਬ 40 ਕਰੋੜ ਲੋਕ ਜੁੜੇ ਹੋਏ ਹਨ ਜਿਨ੍ਹਾਂ ਵਿੱਚੋਂ ਭਾਰਤੀਆਂ ਦੀ ਗਿਣਤੀ 33 ਕਰੋੜ ਦੇ ਲਗਪਗ ਹੈ। ਇਸ ਨੂੰ ਸੱਥ ਇਸ ਕਰਕੇ ਕਿਹਾ

ਗਿਆ ਹੈ ਕਿਉਂਕਿ ਪਿੰਡ ਜਾਂ ਮੁਹੱਲੇ ਦੀ ਸੱਥ ਵਿੱਚ ਵੀ ਲੋਕ ਆਉਂਦੇ ਹਨ, ਕੁੱਝ ਥੋੜ੍ਹੇ ਸਮੇਂ ਲਈ ਉੱਥੇ ਬੈਠਦੇ ਹਨ ਅਤੇ ਕਈ ਸਾਰਾ ਦਿਨ ਉੱਥੇ ਹੀ ਲੰਘਾਉਂਦੇ ਹਨ। ਇਸੇ ਤਰ੍ਹਾਂ ਫੇਸਬੁੱਕ ਉੱਤੇ ਲੋਕ ਆਉਂਦੇ ਹਨ, ਆਪਣੇ ਵਿਚਾਰ ਰਖਦੇ ਹਨ ਅਤੇ ਦੂਜਿਆਂ ਦੀਆਂ ਗੱਲਾਂ ਸੁਣਦੇ (ਪੜ੍ਹਦੇ) ਹਨ। ਪਿੰਡ ਦੀ ਸੱਥ ਵਿੱਚ ਵੀ ਜਾਣਕਾਰੀਆਂ ਸਾਂਝੀਆਂ ਹੁੰਦੀਆਂ ਹਨ, ਨਵੀਆਂ ਖ਼ਬਰਾਂ ਮਿਲਦੀਆਂ ਹਨ, ਨਿੰਦਿਆ ਚੁਗਲੀ ਹੁੰਦੀ ਹੈ, ਪ੍ਰਸ਼ੰਸਾ ਹੁੰਦੀ ਹੈ, ਅਫਵਾਹਾਂ ਫੈਲਦੀਆਂ ਹਨ, ਖੰਭਾਂ ਤੋਂ ਡਾਰਾਂ ਬਣਦੀਆਂ ਹਨ। ਫੇਸਬੁੱਕ 'ਤੇ ਵੀ ਇਹ ਸਾਰਾ ਕੁੱਝ ਹੁੰਦਾ ਹੈ, ਪਰ ਫੇਸਬੁੱਕ ਦੇ ਸੱਥ ਨਾਲੋਂ ਕੁੱਝ ਵੱਡੇ ਫਰਕ ਹਨ। ਸੱਥ ਵਿੱਚ ਸਾਰੇ ਇੱਕ ਦੂਜੇ ਨੂੰ ਜਾਣਦੇ ਹੁੰਦੇ ਹਨ, ਸੋ ਇਹ ਪਤਾ ਹੁੰਦਾ ਹੈ ਕਿ ਦੂਸਰਾ ਵਿਅਕਤੀ ਜੇ ਕਿਸੇ ਦੀ ਨਿੰਦਿਆ ਕਰ ਰਿਹਾ ਹੈ ਤਾਂ ਕਿਉਂ ਕਰ ਰਿਹਾ ਹੈ ਅਤੇ ਜੇ ਪ੍ਰਸ਼ੰਸਾ ਕਰ ਰਿਹਾਂ ਤਾਂ ਕਿਉਂ ਕਰਦਾ ਹੈ। ਗੱਲ ਕਰਨ ਵਾਲੇ ਕਿਰਦਾਰ ਬਾਰੇ ਕਾਫੀ ਕੁੱਝ ਪਤਾ ਹੁੰਦਾ ਹੈ। ਸੱਥ ਦਾ ਦਾਇਰਾ ਬਹੁਤੀ ਵਾਰ ਪਿੰਡ ਜਾਂ ਮੁਹੱਲਾ ਹੀ ਹੁੰਦਾ ਹੈ, ਇਸ ਕਰਕੇ ਪਿੰਡ ਨਾਲ ਸਬੰਧਿਤ ਜੋ ਗਲਤ ਠੀਕ ਜਾਣਕਾਰੀ ਹੁੰਦੀ ਹੈ ਉਸ ਦੀ ਆਪਮੁਹਾਰੇ ਹੀ ਪੜਤਾਲ ਹੋ ਜਾਂਦੀ ਹੈ। ਸਾਰੇ ਇੱਕ ਦੂਜੇ ਦੇ ਸਾਹਮਣੇ ਹੁੰਦੇ ਹਨ। ਇਸ ਲਈ ਗਲਤ ਢੰਗ ਨਾਲ ਬੋਲਣ ਤੋਂ ਵੱਡਿਆਂ ਜਾਂ ਸਿਆਣੇ ਬੰਦਿਆਂ ਦੀ ਕੁਝ ਝੇਪ ਹੁੰਦੀ ਹੈ। ਕੁੱਲ ਮਿਲਾ ਕੇ ਸੱਥ ਵਿਚਲੀ ਗਲਤ ਜਾਣਕਾਰੀ ਦੇ ਮਾਮੂਲੀ ਲੜਾਈ ਝਗੜਿਆਂ ਤੋਂ ਅੱਗੇ ਕੋਈ ਮਾਰੂ ਅਸਰ ਨਹੀਂ ਹੁੰਦੇ। ਇਸ ਤਰ੍ਹਾਂ ਸੱਥ ਦਾ ਸਮਾਜਿਕ ਤਾਲਮੇਲ ਬਨਾਉਣ ਵਿੱਚ ਹਾਂ ਪੱਖੀ ਰੋਲ ਵੱਧ ਹੁੰਦਾ ਹੈ, ਨਾਂਹਪੱਖੀ ਅਸਰ ਮਾਮੂਲੀ ਹੁੰਦੇ ਹਨ। ਪਰ ਫੇਸਬੁੱਕ ਉੱਤੇ ਨਿੰਦਿਆ ਜਾਂ ਪ੍ਰਸ਼ੰਸਾ ਸਹਿਜ-ਸੁਭਾਅ ਘੱਟ ਹੁੰਦੀ ਹੈ ਅਤੇ ਯੋਜਨਾ ਬਣਾ ਕੇ ਵੱਧ ਕੀਤੀ ਜਾਂਦੀ ਹੈ। ਸਹੀ ਜਾਣਕਾਰੀਆਂ ਨਾਲੋਂ ਗਲਤ ਸੂਚਨਾਵਾਂ (misinformations) ਅਤੇ ਅਤੇ ਗੁਮਰਾਹਕੁੰਨ ਸੂਚਨਾਵਾਂ (disinformations) ਦੀ ਭਰਮਾਰ ਰਹਿੰਦੀ ਹੈ। ਆਹਮੋ-ਸਾਹਮਣੇ ਨਾ ਹੋਣ ਕਰਕੇ ਕਿਸੇ ਸ਼ਿਸ਼ਟਾਚਾਰ ਦਾ ਖਿਆਲ ਨਹੀਂ ਰੱਖਿਆ ਜਾਂਦਾ। ਜਿਨ੍ਹਾਂ ਨਾਲ ਸਹਿਮਤੀ ਨਹੀਂ ਹੁੰਦੀ ਉਨ੍ਹਾਂ ਨੂੰ ਗਾਲ੍ਹਾਂ ਤੱਕ ਕੱਢੀਆਂ ਜਾਂਦੀਆਂ ਹਨ, ਵਿਰੋਧੀ ਜੇ ਔਰਤ ਹੋਵੇ ਤਾਂ ਉਸ ਉੱਤੇ ਅਸ਼ਲੀਲ ਸ਼ਬਦਾਂ ਨਾਲ ਹਮਲੇ ਕੀਤੇ ਜਾਂਦੇ ਹਨ। ਆਪਣੀ ਪਛਾਣ ਛੁਪਾਉਣ ਲਈ ਜਾਅਲੀ ਆਈ.ਡੀਜ਼ ਰਾਹੀਂ ਖਾਤੇ ਬਣਾਏ ਜਾਂਦੇ ਹਨ ਜਦ ਕਿ ਪਿੰਡ ਦੀ ਸੱਥ ਵਿੱਚ ਇਉਂ ਪਛਾਣ ਛੁਪਾਈ ਨਹੀਂ ਜਾ ਸਕਦੀ। ਸੋ ਫੇਸਬੁੱਕ ਉੱਤੇ ਗਲਤ ਵਿਚਾਰਾਂ ਦੀ ਕਾਟ ਕਰਨ ਅਤੇ ਸਹੀ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਸੱਥ ਦੇ ਇਕੱਠ ਨਾਲੋਂ ਵੱਖਰੇ ਤਰੀਕੇ ਸਿੱਖਣੇ ਪੈਣਗੇ, ਜਿਨ੍ਹਾਂ ਬਾਰੇ ਅੱਗੇ ਚਰਚਾ ਕਰਾਂਗੇ।

ਵਟਸਐਪ (WhatsApp) :

ਸੁਨੇਹਿਆਂ ਅਤੇ ਜਾਣਕਾਰੀ ਦੇ ਆਦਾਨ ਪ੍ਰਦਾਨ ਦਾ ਦੂਜਾ ਵੱਡਾ ਪਲੇਟਫਾਰਮ ਵਟਸਐਪ ਹੈ। ਵਟਸਐਪ ਨੂੰ ਸੰਸਾਰ ਪੱਧਰ 'ਤੇ 2 ਅਰਬ ਅਤੇ ਭਾਰਤ ਵਿੱਚ 20 ਕਰੋੜ ਲੋਕ ਵਰਤ ਰਹੇ ਹਨ। ਵਟਸਐਪ ਮੁੱਖ ਤੌਰ 'ਤੇ ਮੋਬਾਇਲ ਫ਼ੋਨ ਉੱਤੇ ਹੀ ਵਰਤੀ ਜਾਂਦੀ ਹੈ ਅਤੇ ਇਸ ਰਾਹੀਂ ਸੁਨੇਹਿਆਂ ਦਾ ਆਦਾਨ ਪ੍ਰਦਾਨ ਵੀ ਫ਼ੋਨ ਨੰਬਰਾਂ ਰਾਹੀਂ ਹੀ ਹੁੰਦਾ ਹੈ। ਫੇਸਬੁੱਕ ਵਿੱਚ ਕਿਸੇ ਦੀ ਪੋਸਟ ਉੱਤੇ ਉਸ ਪੋਸਟ ਨੂੰ ਵੇਖਣ ਵਾਲੇ ਸਾਰੇ ਵਿਅਕਤੀ ਟਿੱਪਣੀ ਕਰ ਸਕਦੇ ਹੁੰਦੇ ਹਨ, ਜਦ ਕਿ ਵਟਸਐਪ ਵਿੱਚ ਪ੍ਰਤੀਕਰਮ ਦਿੱਤਾ ਤਾਂ ਜਾ ਸਕਦਾ ਹੈ ਪਰ ਵਟਸਐਪ ਗਰੁੱਪ ਵਿੱਚ ਓਨੀ ਸਹੂਲਤ ਨਾਲ ਵਿਚਾਰ-ਚਰਚਾ ਨਹੀਂ ਚਲਾਈ ਜਾ ਸਕਦੀ ਜਿਸ ਤਰ੍ਹਾਂ ਫੇਸ-ਬੁੱਕ ਵਿੱਚ ਚੱਲ ਸਕਦੀ ਹੈ। ਫੇਸਬੁੱਕ ਮੁਕਾਬਲੇ ਵਟਸਐਪ ਦੀਆਂ ਕਾਫੀ ਸੀਮਾਵਾਂ ਹਨ: ਇਸ ਰਾਹੀਂ ਤੁਸੀਂ ਉਨ੍ਹਾਂ ਵਿਅਕਤੀਆਂ ਨਾਲ ਵੀ ਵਿਚਾਰਾਂ ਜਾਂ ਜਾਣਕਾਰੀ ਦਾ ਆਦਾਨ ਪ੍ਰਦਾਨ ਕਰ ਸਕਦੇ ਹੋ ਜਿਨ੍ਹਾਂ ਦੇ ਫ਼ੋਨ ਨੰਬਰਾਂ ਤੋਂ ਤੁਸੀ ਜਾਣੂ ਹੋ। ਇਸੇ ਤਰ੍ਹਾਂ ਵਟਸਐਪ ਗਰੁੱਪ ਵਿੱਚ ਵੱਧ ਤੋਂ ਵੱਧ 256 ਮੈਂਬਰ ਹੋ ਸਕਦੇ ਹਨ ਜਦ ਕਿ ਫੇਸਬੁੱਕ ਉੱਤੇ ਮਿੱਤਰ ਸੂਚੀ ਦੀ ਸੀਮਾ 5000 ਹੈ।

ਟਵਿੱਟਰ (Twitter) :

ਟਵਿੱਟਰ ਵੀ ਆਪਣੇ ਵਿਚਾਰ ਦੇਣ ਲਈ ਇੱਕ ਪਬਲਿਕ ਪਲੇਟਫਾਰਮ ਹੈ। ਟਵਿੱਟਰ ਅਕਾਊਂਟ ਵਾਲਾ ਵਿਅਕਤੀ ਜੋ ਵਿਚਾਰ ਪੇਸ਼ ਕਰਦਾ ਹੈ ਉਸ ਨੂੰ ਟਵੀਟ ਕਰਨਾ ਕਿਹਾ ਜਾਂਦਾ ਹੈ। ਟਵੀਟ ਵਿੱਚ ਸ਼ਬਦਾਂ ਦੀ ਸੀਮਾ ਬਹੁਤ ਥੋੜ੍ਹੀ ਹੁੰਦੀ ਹੈ। ਇਸ ਨੂੰ ਆਮ ਕਰਕੇ ਵੱਖ-ਵੱਖ ਖੇਤਰਾਂ ਦੇ ਮਸ਼ਹੂਰ ਆਦਮੀ ਵੱਧ ਵਰਤਦੇ ਹਨ ਜੋ ਆਪਣੇ ਵਿਚਾਰ ਸੰਖੇਪ ਟਿੱਪਣੀਆਂ ਰਾਹੀਂ ਦਿੰਦੇ ਰਹਿੰਦੇ ਹਨ। ਜਿੱਥੇ ਵਟਸਐਪ ਵਿੱਚ ਤੁਸੀਂ ਸੰਪਰਕ ਵਾਲੇ ਵਿਅਕਤੀਆਂ ਦੇ ਵਿਚਾਰ ਹੀ ਵੇਖਦੇ ਹੋ, ਇੱਥੇ ਤੁਸੀਂ ਟਵਿੱਟਰ ਖਾਤਾ ਵਰਤਣ ਵਾਲੇ ਕਿਸੇ ਵੀ ਵਿਅਕਤੀ ਦੇ ਵਿਚਾਰ ਦੇਖ ਸਕਦੇ ਹੋ। ਵਟਸਐਪ ਵਾਂਗ ਇੱਥੇ ਆਏ ਵਿਚਾਰਾਂ ਨੂੰ ਅੱਗੇ ਵੀ ਭੇਜਿਆ ਜਾ ਸਕਦਾ ਹੈ ਜਿਸ ਨੂੰ ਰੀਟਵੀਟ (Retweet) ਕਰਨਾ ਕਿਹਾ ਜਾਂਦਾ ਹੈ।

ਇਸੇ ਤਰ੍ਹਾਂ ਸੋਸ਼ਲ ਮੀਡੀਆ ਦਾ ਇੱਕ ਹੋਰ ਪਲੇਟਫਾਰਮ ਇੰਸਟਾਗ੍ਰਾਮ ਹੈ ਜੋ ਮੁੱਖ ਤੌਰ 'ਤੇ ਫੋਟੋਆਂ ਜਾਂ ਵੀਡੀਓਜ਼ ਸ਼ੇਅਰ ਕਰਨ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾ Wechat, Snapchat, Linkedln ਆਦਿ ਪਲੇਟਫਾਰਮ ਹਨ ਜਿਨ੍ਹਾਂ ਵਿੱਚ ਸਹੂਲਤਾਂ ਦੇ ਥੋੜ੍ਹੇ-ਬਹੁਤ ਫਰਕ ਹੁੰਦੇ ਹਨ। ਇਨ੍ਹਾਂ ਵਿੱਚੋਂ ਵੁਈਚੈਟ Wechat ਚੀਨ ਦੀ ਸੋਸ਼ਲ ਮੀਡੀਆ ਸਾਈਟ ਹੈ ਜਿਸ ਨੂੰ ਇੱਕ ਅਰਬ ਲੋਕ ਵਰਤ ਰਹੇ ਹਨ। ਭਾਰਤ ਵਿੱਚ ਵੁਈਚੈਟ ਨੂੰ ਜੂਨ

2020 ਵਿੱਚ ਇੱਕ ਹੋਰ ਪਾਪੂਲਰ ਚੀਨੀ ਸਾਈਟ ਟਿਕਟੌਕ ਦੇ ਨਾਲ ਹੀ ਬੈਨ ਕਰ ਦਿੱਤਾ ਗਿਆ ਹੈ।

ਜਦੋਂ ਅਣਖੀ ਦਾਸ ਭਾਜਪਾ ਦੀ ਦਾਸ ਬਣ ਗਈ :

ਫੇਸਬੁੱਕ ਬਾਰੇ ਅਗਸਤ ਮਹੀਨੇ ਵਿੱਚ ਇੱਕ ਹੋਰ ਭੇਤ ਖੁੱਲ੍ਹਿਆ ਹੈ। ਫੇਸਬੁੱਕ ਨੂੰ ਭਾਰਤ ਵਿੱਚ ਜਿਸ ਤਰ੍ਹਾਂ ਫਿਰਕਾਪ੍ਰਸਤ ਤਾਕਤਾਂ ਵੱਲੋਂ ਵਰਤਿਆ ਜਾ ਰਿਹਾ ਹੈ, ਇਸ ਬਾਰੇ ਫੇਸਬੁੱਕ ਦੇ ਸਥਾਨਕ ਅਧਿਕਾਰੀਆਂ ਨੂੰ ਬਹੁਤ ਸਾਰੀਆਂ ਸ਼ਿਕਾਇਤਾਂ ਆਈਆਂ ਜਿਨ੍ਹਾਂ ਵਿੱਚ ਮੰਗ ਕੀਤੀ ਗਈ ਕਿ ਇਸ ਤਰ੍ਹਾਂ ਦੀਆਂ ਪੋਸਟਾਂ ਨੂੰ ਫੇਸਬੁੱਕ ਤੋਂ ਹਟਾਉਣਾ ਚਾਹੀਦਾ ਹੈ। ਇਹ ਫੇਸਬੁੱਕ ਕੰਪਨੀ ਦੀਆਂ ਗਾਈਡਲਾਈਨਜ਼ ਵਿੱਚ ਵੀ ਹੈ ਕਿ ਜਿਹੜੀਆਂ ਪੋਸਟਾਂ, ਕੁਮੈਂਟ ਜਾਂ ਵੀਡੀਓ ਵਗੈਰਾ ਨਫ਼ਰਤੀ ਅਤੇ ਭੜਕਾਊ ਪ੍ਰਚਾਰ ਕਰਦੀਆਂ ਹੋਣ, ਉਹ ਫੇਸਬੁੱਕ ਤੋਂ ਹਟਾ ਦਿੱਤੀਆਂ ਜਾਣ। ਇਸ ਤਹਿਤ 14 ਅਗਸਤ ਨੂੰ ਫੇਸਬੁੱਕ ਕਰਮਚਾਰੀਆਂ ਵੱਲੋਂ ਤਿਲੰਗਾਨਾ ਅਸੈਂਬਲੀ ਵਿੱਚ ਭਾਜਪਾ ਦੇ ਐੱਮ.ਐੱਲ.ਏ. ਟੀ. ਰਾਜਾ ਸਿੰਘ ਦੀ ਭੜਕਾਊ ਪੋਸਟ ਨੂੰ ਹਟਾਉਣ ਦਾ ਮੁੱਦਾ ਲਿਆਂਦਾ ਗਿਆ ਤਾਂ ਭਾਰਤ ਵਿੱਚ ਫੇਸਬੁੱਕ ਦੀ ਪਾਲਿਸੀ ਡਾਇਰੈਕਟਰ ਅਣਖੀ ਦਾਸ ਨੇ ਕਿਹਾ ਕਿ ਇਹੋ ਜਿਹੇ ਬਿਆਨ ਨਹੀਂ ਹਟਾਉਣੇ ਕਿਉਂਕਿ ਹਾਕਮ ਪਾਰਟੀ ਨਾਲ ਸਬੰਧਤ ਸਿਆਸਤਦਾਨਾਂ ਦੇ ਨਫ਼ਰਤੀ ਬਿਆਨ ਹਟਾਉਣ ਨਾਲ ਭਾਜਪਾ ਵਾਲੀ ਧਿਰ ਨਾਰਾਜ਼ ਹੋ ਜਾਵੇਗੀ ਅਤੇ ਇਸਦੇ ਸਿੱਟੇ ਵਜੋਂ ਕੰਪਨੀ ਦੇ ਭਾਰਤ ਵਿਚਲੇ ਬਿਜ਼ਨੈੱਸ ਨੂੰ ਨੁਕਸਾਨ ਹੋਣ ਦਾ ਖਤਰਾ ਹੈ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਫੇਸਬੁੱਕ ਦੇ ਭਾਰਤ ਵਿਚਲੇ ਅਧਿਕਾਰੀਆਂ ਵਿੱਚ ਕੁੱਝ ਭਾਜਪਾ ਅਤੇ ਆਰ.ਐੱਸ.ਐੱਸ. ਨਾਲ ਜੁੜੇ ਹੋਏ ਲੋਕ ਭਰਤੀ ਹੋ ਗਏ ਹਨ। ਇਸ ਤਰ੍ਹਾਂ ਫੇਸਬੁੱਕ ਭਾਰਤ ਵਿੱਚ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਨਿਰਪੱਖ ਪਲੇਟਫਾਰਮ ਬਣਨ ਦੀ ਬਜਾਏ ਆਪਣੇ ਬਣਾਏ ਨਿਯਮਾਂ ਨੂੰ ਹੀ ਉਲੰਘ ਕੇ ਭਾਜਪਾ ਨੂੰ ਫਿਰਕੂ ਸਿਆਸਤ ਪ੍ਰਚਾਰਨ ਦੀ ਖੁੱਲ੍ਹ ਦੇ ਰਹੀ ਹੈ। ਅਮਰੀਕਾ ਦੇ ਉੱਘੇ ਅਖ਼ਬਾਰਾਂ 'ਵਾਲ ਸਟਰੀਟ ਜਰਨਲ' ਅਤੇ 'ਟਾਈਮ' ਮੈਗਜ਼ੀਨ ਵਿੱਚ ਇਸ ਬਾਰੇ ਰਿਪੋਰਟਾਂ ਛਪਣ ਨਾਲ ਫੇਸਬੁੱਕ ਦੀ ਬਦਨਾਮੀ ਹੋ ਰਹੀ ਸੀ, ਸੋ ਆਖਰ 3 ਸਤੰਬਰ ਨੂੰ ਇਸ ਬਾਰੇ ਫੇਸਬੁੱਕ ਦੇ ਕੇਂਦਰੀ ਦਫਤਰ ਤੋਂ ਕਾਰਵਾਈ ਹੋਈ ਅਤੇ ਟੀ. ਰਾਜਾ ਸਿੰਘ ਨਫ਼ਰਤੀ ਭਾਸ਼ਣ ਦੇਣ ਕਰਕੇ ਫੇਸਬੁੱਕ ਅਤੇ ਇੰਸਟਾਗ੍ਰਾਮ ਉੱਤੋਂ ਬੈਨ ਕਰ ਦਿੱਤਾ ਗਿਆ। ਪਰ ਫਿਰਕੂ ਤਾਕਤਾਂ ਦਾ ਪੱਖ ਪੂਰਨ ਵਾਲੇ ਫੇਸਬੁੱਕ ਦੇ ਭਾਰਤ ਵਿਚਲੇ ਅਧਿਕਾਰੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਹੁਣ ਫੇਸਬੁੱਕ ਦਾ ਰੋਲ ਇੱਕ ਸਿਆਸੀ ਮੁੱਦਾ ਬਣ ਗਿਆ ਹੈ। ਦਿੱਲੀ ਸਰਕਾਰ ਨੇ ਵੀ ਫੇਸਬੁੱਕ ਅਧਿਕਾਰੀਆਂ ਨੂੰ ਸੰਮਨ ਕੀਤਾ ਹੈ ਕਿ ਉਹ ਵਿਧਾਨ ਸਭਾ ਕਮੇਟੀ ਅੱਗੇ ਪੇਸ਼ ਹੋ ਕੇ ਸਪੱਸ਼ਟ ਕਰਨ ਕਿ ਉਨ੍ਹਾਂ ਨੇ ਦਿੱਲੀ ਹਿੰਸਾ ਦੌਰਾਨ ਨਫ਼ਰਤ ਫੈਲਾਉਣ ਵਾਲੀਆਂ ਪੋਸਟਾਂ ਫੇਸਬੁੱਕ ਤੋਂ ਕਿਉਂ ਨਹੀਂ ਹਟਾਈਆਂ ?

ਟਰੰਪ ਅਤੇ ਟਵਿੱਟਰ :

ਜਿੱਥੇ ਭਾਰਤ ਵਰਗੇ ਦੇਸ਼ ਵਿੱਚ ਫੇਸਬੁੱਕ ਦਾ ਇਹ ਰਵੱਈਆ ਹੈ, ਉੱਥੇ ਅਮਰੀਕਾ ਵਿੱਚ ਟਵਿੱਟਰ ਵਾਲਿਆਂ ਨੇ ਖ਼ੁਦ ਟਰੰਪ ਦੇ ਟਵੀਟਾਂ ਉੱਤੇ ਵੀ ਇਹ ਨੋਟਿਸ ਲਗਾ ਦਿੱਤੇ ਕਿ ਇਹ ਠੀਕ ਨਹੀਂ ਹਨ। ਟਰੰਪ ਵੀ ਟਵਿੱਟਰ ਦੀ ਕਾਫੀ ਵਰਤੋਂ ਕਰਦਾ ਹੈ ਅਤੇ ਮੋਦੀ ਵਾਂਗ ਉਲਟੀਆਂ-ਸਿੱਧੀਆਂ ਟਿੱਪਣੀਆਂ ਵੀ ਕਰਦਾ ਰਹਿੰਦਾ ਹੈ। ਇੱਕ ਕਾਲੇ ਅਮਰੀਕੀ ਜਾਰਜ ਫਲੋਇਡ ਦੀ ਮੌਤ ਬਾਅਦ ਹੋਏ ਪ੍ਰਦਰਸ਼ਨਾਂ ਬਾਰੇ ਟਰੰਪ ਨੇ ਲਿਖਿਆ ਕਿ when the looting starts, the shooting starts ਯਾਨੀ ਲੁੱਟਮਾਰ ਸ਼ੁਰੂ ਹੁੰਦੀ ਹੈ ਤਾਂ ਗੋਲੀ ਚਲਦੀ ਹੀ ਹੈ। ਇਸਦਾ ਲੋਕਾਂ ਨੇ ਵਿਰੋਧ ਕੀਤਾ ਕਿ ਟਰੰਪ ਲੋਕਾਂ ਖਿਲਾਫ਼ ਹਿੰਸਾ ਦੀ ਵਕਾਲਤ ਕਰ ਰਿਹਾ ਹੈ। ਟਵਿੱਟਰ ਵਾਲਿਆਂ ਇਸ ਟਵੀਟ ਦੇ ਨਾਲ ਨੋਟਿਸ ਲਾਇਆ ਕਿ ਚਾਹੇ ਅਸੀਂ ਇਸ ਨੂੰ ਹਟਾ ਨਹੀਂ ਰਹੇ ਪਰ ਇਹ ਹਿੰਸਾ ਨੂੰ ਉਤਸ਼ਾਹਿਤ ਕਰਨ ਕਾਰਣ ਸਾਡੇ ਨਿਯਮਾਂ ਦੀ ਉਲੰਘਣਾ ਕਰਦਾ ਹੈ।

ਹੁਣ ਅਮਰੀਕਾ ਦੇ ਆਉਣ ਵਾਲੇ ਇਲੈਕਸ਼ਨਾਂ ਵਿੱਚ ਕੋਵਿਡ ਕਾਰਣ ਡਾਕ ਰਾਹੀਂ ਵੋਟ ਪਾਉਣ ਦੀ ਸਹੂਲਤ ਦੇਣ ਅਤੇ ਥਾਂ-ਥਾਂ ਵੋਟ ਬਕਸੇ ਰੱਖਣ ਵਿਰੁੱਧ ਟਰੰਪ ਨੇ ਟਵੀਟ ਕੀਤਾ ਕਿ ਇਹ ਬਕਸੇ ਸੈਨੇਟਾਈਜ਼ ਨਹੀਂ ਕੀਤੇ ਹੋਏ ਹਨ, ਵੋਟਰਾਂ ਦੀ ਸਿਹਤ ਨੂੰ ਖਤਰਾ ਬਣੇਗਾ, ਇਸ ਸਹੂਲਤ ਨਾਲ ਵਿਰੋਧੀ ਪਾਰਟੀ ਨੂੰ ਫਾਇਦਾ ਹੋਵੇਗਾ, ਫਰਾਡ ਹੋਣਗੇ। ਇਸ ਟਵੀਟ ਦੇ ਉੱਪਰ ਟਵਿੱਟਰ ਵਾਲਿਆਂ ਨੇ ਨੋਟਿਸ ਚਿਪਕਾ ਦਿੱਤਾ ਕਿ ਇਹ ਟਵੀਟ ਵੋਟ ਪ੍ਰਕਿਰਿਆ ਦੀ ਇਮਾਨਦਾਰੀ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ, ਵੋਟ ਪਾਉਣ ਤੋਂ ਨਿਰਉਤਸ਼ਾਹਿਤ ਕਰਦਾ ਹੈ ਅਤੇ ਗਲਤ ਸੂਚਨਾ ਦਿੰਦਾ ਹੈ। ਟਰੰਪ ਨੇ ਇਸ ਤੋਂ ਖਿਝ ਕੇ ਟਵਿੱਟਰ ਖਿਲਾਫ਼ ਇਹ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਨ੍ਹਾਂ ਨੂੰ ਕਿਸੇ ਦੇ ਟਵੀਟ ਹਟਾਉਣ ਜਾਂ ਉਨ੍ਹਾਂ ਉੱਤੇ ਨੋਟਿਸ ਲਗਾਉਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ। ਪਰ ਜਾਪਦਾ ਹੈ ਕਿ ਉਹ ਸੋਸ਼ਲ ਮੀਡੀਆ ਦੇ ਪਲੇਟਫਾਰਮ ਟਵਿੱਟਰ ਖਿਲਾਫ਼ ਇਹ ਕਰਨ ਵਿੱਚ ਸਫ਼ਲ ਨਹੀਂ ਹੋਵੇਗਾ ਕਿਉਂਕਿ ਅਮਰੀਕਾ ਦੇ ਲੋਕ ਜਾਗਰੂਕ ਹਨ। ਇਸ ਦੇ ਮੁਕਾਬਲੇ ਮੋਦੀ ਦੇ ਟਵੀਟਾਂ ਨੂੰ ਉਸਦੇ ਭਗਤ ਸ਼ਰਧਾ ਭਾਵਨਾ ਨਾਲ ਅੱਗੇ ਤੋਂ ਅੱਗੇ ਫਾਰਵਰਡ ਕਰਦੇ ਰਹਿੰਦੇ ਹਨ। ਸਾਨੂੰ ਵੀ ਅਜਿਹੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਜਿਸ ਵਿੱਚ ਵੱਡੇ ਤੋਂ ਵੱਡੇ ਆਗੂ ਦੀਆਂ ਪੋਸਟਾਂ ਨੂੰ ਵੀ ਤਰਕ ਦੀ ਕਸਵੱਟੀ ਉੱਤੇ ਪਰਖਿਆ ਜਾਵੇ।

(ਬਾਕੀ ਅਗਲੇ ਅੰਕ ਵਿੱਚ)

98767-10809

ਬਾਲ ਪੰਨਾ-1

ਅੰਬਰੀਂ ਉੱਡਣ ਦੀ ਤਾਂਘ


-ਬੂਟਾ ਸਿੰਘ ਵਾਕਫ਼

ਪਿਆਰੇ ਬੱਚਿਓ, ਮਨੁੱਖ ਦੀ ਅੰਬਰਾਂ 'ਤੇ ਪ੍ਰਵਾਜ ਭਰਨ ਦੀ ਇੱਛਾ ਨੂੰ ਸੱਚ ਕਰ ਵਿਖਾਉਣ ਵਾਲੇ ਵਿਗਿਆਨੀਆਂ ਦੀਆਂ ਖੋਜਾਂ ਤੇ ਮਿਸਾਲੀ ਯਤਨਾਂ ਨੂੰ ਸਲਾਮ ਕਰਦੇ ਹੋਏ, ਉਹਨਾਂ ਦੇ ਸੰਘਰਸ਼ ਤੇ ਮੰਜਿਲ ਤੱਕ ਪਹੁੰਚਣ ਦੇ ਤਜਰਬਿਆਂ ਬਾਰੇ ਜਾਣਾਂਗੇ।



ਪੰਛੀਆਂ ਨੂੰ ਹਵਾ ਵਿਚ ਉਡਦਿਆਂ ਵੇਖ ਕੇ ਤੁਹਾਡੇ ਮਨ ਵਿਚ ਵੀ ਹਵਾ ਵਿਚ ਉੱਡਣ ਦਾ ਵਿਚਾਰ ਅਨੇਕ ਵਾਰ ਆਇਆ ਹੋਵੇਗਾ। ਉੱਡਣ ਦੀ ਇਸ ਤਾਂਘ ਕਾਰਣ ਮਨੁੱਖ ਨੇ ਕਈ ਪ੍ਰਕਾਰ ਦੇ ਖੰਭ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਖੰਭਾਂ ਆਸਰੇ ਪਹਾੜੀਆਂ ਅਤੇ ਉੱਚੀਆਂ ਥਾਵਾਂ ਤੋਂ ਹਵਾ ਵਿਚ ਛਲਾਂਗ ਲਗਾ ਕੇ ਪੰਛੀ ਵਾਂਗ ਉੱਡਣਾ ਚਾਹਿਆ। ਇਸ ਕਾਰਣ ਅਨੇਕਾਂ ਖੋਜਕਾਰਾਂ ਨੂੰ ਆਪਣੀ ਜਾਨ ਗਵਾਉਣੀ ਪਈ। ਪਰ ਹਵਾ ਵਿਚ ਉੱਡਣ ਦੀ ਇੱਛਾ ਮਨੁੱਖੀ ਮਨ ਵਿਚ ਬਰਕਰਾਰ ਰਹੀ।

ਅੱਬਾਸ ਇਬਨ ਫਰਨਾਸ ਦੁਨੀਆਂ ਦਾ ਪਹਿਲਾ ਵਿਗਿਆਨੀ ਸੀ ਜਿਸ ਨੇ ਪਹਿਲੀ ਉੱਡਣ ਵਾਲੀ ਮਸ਼ੀਨ



ਤਿਆਰ ਕੀਤੀ। 875 ਈਸਵੀ ਵਿਚ ਉਸ ਨੇ ਖੰਭਾਂ ਦਾ ਇੱਕ ਜੋੜਾ ਤਿਆਰ ਕੀਤਾ। ਇਸ ਵਿਚ ਲੱਕੜੀ ਅਤੇ ਸਿਲਕ ਦੀ ਵਰਤੋਂ ਕੀਤੀ। ਖੰਭਾਂ ਨੂੰ ਸਰੀਰ ਦੁਆਲੇ ਪਹਿਨਿਆ ਜਾ ਸਕਦਾ ਸੀ। ਵਿਗਿਆਨੀ ਨੇ ਇਹ ਖੰਭ ਪਹਿਨ ਕੇ ਪਹਾੜੀ ਤੋਂ ਛਾਲ ਲਗਾਈ। ਉਹ 10 ਮਿੰਟ ਤੱਕ ਹਵਾ ਵਿਚ ਉਡਾਣ ਭਰਨ ਦੇ ਯੋਗ ਰਿਹਾ।

ਗਰਮ ਹਵਾ ਦਾ ਗੁਬਾਰਾ

ਹਵਾ ਵਿਚ ਉੱਡਣ ਵਾਲਾ ਇਹ ਗੁਬਾਰਾ ਹਵਾ ਵਿਚ ਉੱਡਣ ਵਾਲੇ ਜਹਾਜ਼ਾਂ ਨਾਲੋਂ ਕਾਫੀ ਹਲਕਾ ਹੁੰਦਾ ਹੈ। ਇਸ ਦਾ ਮੁੱਖ ਭਾਗ ਵੱਡਾ ਗੁਬਾਰਾ ਹੁੰਦਾ ਹੈ ਜਿਸ ਵਿਚ ਭਰੀ ਗਰਮ ਹਵਾ ਇਸ ਨੂੰ ਹਵਾ ਵਿਚ ਉੱਡਣ ਵਿਚ ਸਹਾਇਤਾ ਕਰਦੀ ਹੈ। ਗੁਬਾਰੇ ਵਿਚਲੀ ਹਵਾ ਨੂੰ ਗਰਮ ਰੱਖਣ ਲਈ ਪ੍ਰੋਪੇਨ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ। ਹੇਠਲੇ ਹਿੱਸੇ ਵਿਚ ਯਾਤਰੀ ਲਈ ਸੀਟ ਫਿੱਟ ਹੁੰਦੀ ਹੈ। ਹਵਾ ਵਿਚ ਉੱਡਣ ਦਾ ਆਨੰਦ ਮਾਣਨ



ਲਈ ਸੈਲਾਨੀ ਇਸ ਦੀ ਵਰਤੋਂ ਆਮ ਕਰਦੇ ਹਨ। ਇਸ ਗੁਬਾਰੇ ਦੀ ਖੋਜ ਦੋ ਫਰੈਂਚ ਭਰਾਵਾਂ ਜੋਸਫ਼ ਅਤੇ ਜੈਕਸ ਮੌਨਟਗੋਲਫੀਅਰ ਨੇ ਕੀਤੀ। ਉਨ੍ਹਾਂ ਨੇ ਦੇਖਿਆ ਕਿ ਅੱਗ ਵਿਚ ਬਲਦੇ ਕਾਗਜ਼ ਦੇ ਸੁਆਹ ਹੋਏ ਟੁਕੜੇ ਹਵਾ ਵਿਚ ਆਸਾਨੀ ਨਾਲ ਤੈਰਦੇ ਹਨ। ਉਨ੍ਹਾਂ ਅੰਦਾਜ਼ਾ ਲਗਾਇਆ ਕਿ ਗਰਮ ਹਵਾ ਜੋ ਉਪਰ ਉਠਦੀ ਹੈ, ਕਾਗਜ਼ ਦੇ ਟੁਕੜਿਆਂ ਨੂੰ ਉਡਾ ਰਹੀ ਹੈ। ਫਿਰ ਉਨ੍ਹਾਂ ਨੇ ਕਾਗਜ਼ ਦਾ ਇੱਕ ਛੋਟਾ ਲਿਫਾਫਾ ਤਿਆਰ ਕੀਤਾ ਜਿਸ ਦਾ ਹੇਠਲਾ ਹਿੱਸਾ ਖੁੱਲ੍ਹਾ ਸੀ । ਇਸ ਲਿਫਾਫੇ ਅੰਦਰ ਜਾ ਰਹੀ ਗਰਮ ਹਵਾ ਇਸ ਨੂੰ ਉਪਰ ਛੱਤ ਵੱਲ ਉਡਾ ਰਹੀ ਸੀ। ਫਿਰ ਉਹ ਹੋਰ ਵੱਡੇ ਤੋਂ ਵੱਡੇ ਲਿਫਾਫੇ ਬਣਾ ਕੇ ਤਜਰਬੇ ਕਰਦੇ ਰਹੇ। ਆਖਿਰ ਉਨ੍ਹਾਂ ਨੇ ਸਤੰਬਰ 1783 ਵਿਚ ਵੱਡਾ ਗੁਬਾਰਾ ਬਣਾਉਣ ਵਿਚ ਸਫ਼ਲਤਾ ਹਾਸਲ ਕੀਤੀ। ਇਹ ਗੁਬਾਰਾ 8 ਮਿੰਟ ਲਈ ਹਵਾ ਵਿਚ ਉਡਾਇਆ ਗਿਆ। ਇਸ ਗੁਬਾਰੇ ਵਿਚ ਪਹਿਲੀ ਵਾਰ ਤਿੰਨ ਯਾਤਰੀ ਸਵਾਰ ਸਨ। ਇਹ ਸਨ ਭੇਡ, ਬੱਤਖ ਤੇ ਕੁੱਕੜ। ਦੋਵਾਂ ਭਰਾਵਾਂ ਦੀ ਮਿਹਨਤ ਸਦਕਾ ਆਖਿਰ ਨਵੰਬਰ 1783 ਵਿਚ ਇੱਕ ਗੁਬਾਰਾ ਤਿਆਰ ਕੀਤਾ ਗਿਆ ਜਿਸ ਵਿਚ ਦੋ ਫਰਾਂਸੀਸੀਆਂ ਨੇ 25 ਮਿੰਟ ਲਈ ਤਿੰਨ

ਹਜ਼ਾਰ ਫੁੱਟ ਦੀ ਉਚਾਈ ਤੱਕ ਪਹਿਲੀ ਉਡਾਣ ਭਰੀ। ਦੋਵਾਂ ਨੇ ਗੁਬਾਰੇ ਦੀ ਸਹਾਇਤਾ ਨਾਲ 5 ਮੀਲ ਦੀ ਦੂਰੀ ਤਹਿ ਕੀਤੀ।


ਹਾਈਡ੍ਰੋਜਨ ਗੈਸ ਵਾਲੇ ਗੁਬਾਰੇ : ਗਰਮ ਹਵਾ ਦੇ ਗੁਬਾਰੇ ਦੀ ਸਮੱਸਿਆ ਸੀ ਕਿ ਹਵਾ ਠੰਡੀ ਹੁੰਦਿਆਂ ਹੀ ਇਹ ਹੋਰ ਉੱਡਣ ਤੋਂ ਅਸਮਰੱਥ ਸੀ। ਫਿਰ ਦੋਵਾਂ ਭਰਾਵਾਂ ਨੇ ਇਸ ਵਿਚ ਗਰਮ ਹਵਾ ਦੀ ਥਾਂ 'ਤੇ ਹਾਈਡ੍ਰੋਜਨ ਗੈਸ ਦੀ ਵਰਤੋਂ ਕਰਨ ਦੀ ਸਕੀਮ ਬਣਾਈ। ਹਾਈਡ੍ਰੋਜਨ ਗੈਸ ਹਵਾ ਨਾਲੋਂ ਹਲਕੀ ਹੋਣ ਕਰਕੇ ਹਵਾ ਵਿਚ ਉਪਰ ਨੂੰ ਆਸਾਨੀ ਨਾਲ ਜਾ ਸਕਦੀ ਹੈ। ਦੂਸਰੇ ਪਾਸੇ ਇਸ ਦਾ ਸਭ ਤੋਂ ਵੱਡਾ ਖਤਰਾ ਇਹ ਸੀ ਕਿ ਗੁਬਾਰੇ ਵਿਚਲੀ ਹਾਈਡ੍ਰੋਜਨ ਗੈਸ ਨੂੰ ਕਿਸੇ ਵੀ ਕਾਰਨ ਤੇਜੀ ਨਾਲ ਅੱਗ ਪੈ ਸਕਦੀ ਹੈ ਤੇ ਗੁਬਾਰਾ ਧਮਾਕੇ ਨਾਲ ਫਟ ਸਕਦਾ ਹੈ ਜੋ ਕਿ ਯਾਤਰੀ ਦੀ ਜਾਨ ਲਈ ਖਤਰਾ ਸਾਬਤ ਹੋਵੇਗਾ। ਆਖਰ ਗੁਬਾਰੇ ਅੰਦਰ ਗਰਮ ਹਵਾ ਤੇ ਹਾਈਡ੍ਰੋਜਨ ਗੈਸ ਦਾ ਮਿਸ਼ਰਣ ਭਰਿਆ ਗਿਆ। ਪਹਿਲੀ ਵਾਰ ਗੁਬਾਰੇ ਰਾਹੀਂ ਉਡਾਣ ਭਰਨ ਵਾਲਾ ਫਰਾਂਸੀਸੀ ਵਿਅਕਤੀ ਪਿਲਾਤਰੇ ਡੀ ਰੋਜ਼ਰ ਇਸ ਗੁਬਾਰੇ ਸਹਾਰੇ 30 ਮਿੰਟ ਲਈ ਉੱਡਿਆ ਕਿ ਅਚਾਨਕ ਗੁਬਾਰੇ ਨੂੰ ਅੱਗ ਪੈ ਗਈ ਤੇ ਉਹ ਸਦਾ ਲਈ ਆਪਣੀ ਜਾਨ ਵਾਰ ਗਿਆ। ਇਸ ਘਟਨਾ ਉਪਰੰਤ ਵੀ ਖੋਜ ਕਾਰਜ ਨਾ ਰੁਕੇ। ਆਧੁਨਿਕ ਗੁਬਾਰੇ ਦੀ ਖੋਜ ਹੋਈ ਜਿਸ ਵਿਚ ਗੁਬਾਰੇ ਵਿਚਲੀ ਹਵਾ ਨੂੰ ਗਰਮ ਕਰਨ ਲਈ ਪ੍ਰੋਪੇਨ ਗੈਸ ਦੀ ਵਰਤੋਂ ਕੀਤੀ ਜਾਣ ਲੱਗੀ। ਇਹ ਗੁਬਾਰੇ ਪਹਿਲੇ ਗੁਬਾਰਿਆਂ ਨਾਲੋਂ ਵਧੇਰੇ ਸੁਰੱਖਿਅਤ, ਮਜ਼ਬੂਤ ਅਤੇ ਦੇਰ ਤੱਕ ਉੱਡ ਸਕਦੇ ਹਨ।

ਏਅਰ ਸ਼ਿਪ

ਗਰਮ ਗੁਬਾਰੇ ਦੀ ਖੋਜ ਦੇ ਨਾਲ ਨਾਲ ਹਵਾ ਵਿਚ ਲੰਬੀ ਉਡਾਣ ਭਰਨ ਵਾਲੀ ਏਅਰ ਸ਼ਿਪ ਦੀ ਖੋਜ ਕੀਤੀ ਗਈ। ਇਹ ਗਰਮ ਹਵਾ ਦੇ ਗੁਬਾਰੇ ਦੇ ਮੁਕਾਬਲੇ ਵਧੇਰੇ ਮਜਬੂਤ ਤੇ ਕਾਰਗਰ ਸੀ। ਇਨ੍ਹਾਂ ਵਿਚ ਹਲਕੇ ਇੰਜਣ ਦੀ ਵਰਤੋਂ ਵੀ ਕੀਤੀ ਜਾਣ ਲੱਗ ਪਈ ਸੀ। ਇਹ ਗੁਬਾਰੇ ਦੇ ਮੁਕਾਬਲੇ ਵਧੇਰੇ ਲੰਬੀ ਦੂਰੀ ਤਹਿ ਕਰਨ ਦੇ ਸਮੱਰਥ ਸਨ।

ਗਲਾਈਡਰ

ਏਅਰ ਸ਼ਿੱਪ ਵਿਚ ਆਮ ਤੌਰ ਤੇ ਉਡਾਣ ਭਰਨ ਲਈ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ। ਗਲਾਈਡਰ ਨੂੰ ਇੰਜਣ ਤੋਂ ਬਗੈਰ ਵੀ ਹਵਾ ਵਿਚ ਉਡਾਇਆ ਜਾ ਸਕਦਾ ਹੈ। ਅਜਿਹੀ ਗਲਾਈਡਰ ਸਿਰਫ਼ ਹਵਾ ਦੀ ਦਿਸ਼ਾ ਵਿਚ ਹੀ ਉੱਡ ਸਕਦੀ ਹੈ। ਜਿਸ ਗਲਾਈਡਰ ਵਿਚ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਨੂੰ ਹਵਾ ਦੇ ਕਿਸੇ ਵੀ ਰੁਖ ਇੱਕ



ਨਿਸ਼ਚਿਤ ਉਚਾਈ ਤੱਕ ਓਡਾਇਆ ਜਾ ਸਕਦਾ ਹੈ। ਇੰਜਣ ਨਾਲ ਚੱਲਣ ਵਾਲੀ ਗਲਾਈਡਰ ਦਾ ਪਹਿਲਾ ਸਫ਼ਲ ਮਾਡਲ ਰਾਈਟ ਬ੍ਰਦਰਜ਼ ਨੇ ਤਿਆਰ ਕੀਤਾ ਸੀ। ਗਲਾਈਡਰ ਵਿਚ ਉਹ ਲਗਾਤਾਰ ਹੋਰ ਸੁਧਾਰ ਕਰਦੇ ਰਹੇ। ਰਾਈਟ ਬ੍ਰਦਰਜ਼ ਨੇ ਆਪਣੀ ਪਹਿਲੀ ਸਫ਼ਲ ਉਡਾਣ 17 ਦਸੰਬਰ 1903 ਵਿਚ ਭਰੀ।

ਹਵਾਈ ਜਹਾਜ਼

ਰਾਈਟ ਬ੍ਰਦਰਜ਼ ਦੀ ਇਸ ਪਹਿਲੀ ਉਡਾਣ ਨੇ ਹੀ ਅੱਜ ਦੇ ਆਧੁਨਿਕ ਜਹਾਜ਼ਾਂ ਦੇ ਨਿਰਮਾਣ ਦਾ ਰਾਹ ਖੋਲ੍ਹਿਆ। 1903 ਤੋਂ ਬਾਅਦ ਜਹਾਜ਼ਾਂ ਦੇ ਨਿਰਮਾਣ ਵਿਚ ਲਗਾਤਾਰ ਸੁਧਾਰ ਹੁੰਦਾ ਗਿਆ। ਅੱਜ ਦੇ ਹਵਾਈ ਜਹਾਜ਼ ਵਿਚ



ਸ਼ਕਤੀਸ਼ਾਲੀ ਇੰਜਣ ਹਨ ਅਤੇ ਜਹਾਜ਼ ਪੂਰੀ ਤਰ੍ਹਾਂ ਕੰਪਿਊਟਰ ਕੰਟਰੋਲ ਅਧੀਨ ਹਨ। ਇਨ੍ਹਾਂ ਵਿਚ ਉਡਾਣ ਭਰਨ ਵਾਲੇ ਯਾਤਰੀਆਂ ਲਈ ਸਾਰੀਆਂ ਆਧੁਨਿਕ ਸਹੂਲਤਾਂ ਸ਼ਾਮਿਲ ਹਨ। ਇਹ ਤੇਜ਼ ਗਤੀ ਨਾਲ ਉਡਦੇ ਹਨ ਤੇ ਵਧੇਰੇ ਸਵਾਰੀਆਂ ਢੋਣ ਦੇ ਸਮਰੱਥ ਹਨ। ਅਫ਼ਸੋਸ ਇਹ ਵੀ ਹੈ ਕਿ ਅੱਜ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੇ ਇੱਕ ਦੂਸਰੇ 'ਤੇ ਹਵਾਈ ਹਮਲੇ ਕਰਨ ਲਈ ਵੀ ਮਾਰੂ/ਜੰਗੀ ਹਵਾਈ ਜਹਾਜ਼ ਵੀ ਤਿਆਰ ਕਰ ਲਏ ਹਨ।

98762 24461



ਬਾਲ ਪੰਨਾ-2

ਹਸਰਤ



ਪੜ੍ਹ ਲਿਖ ਹਾਸਲ ਕਰਨਾ ਗਿਆਨ,
ਜੀਵਨ ਬਦਲ ਦਿੰਦਾ ਹੈ ਵਿਗਿਆਨ।

ਕੀ, ਕਿਉਂ, ਕਿਵੇਂ ਨੂੰ ਜਾਣ, ਸਮਝ ਕੇ,
ਦੇਣੀ ਵਿਚਾਰਾਂ ਨੂੰ ਤਰਕ ਦੀ ਸਾਣ।

ਵਹਿਮ, ਭਰਮ ਦੇ ਰਸਤੇ ਨਹੀਂ ਤੁਰਨਾ,
ਸੱਚ ਸਾਬਤ ਕਰਨਾ ਆਖਰ ਪ੍ਰਮਾਣ।

ਭੂਤ, ਪ੍ਰੇਤਾਂ ਦਾ ਹੈ ਵਕਤ ਵਿਹਾਇਆ,
ਕਾਰਣ ਲੱਭ ਲੈਂਦਾ ਹੈ ਹੁਣ ਇਨਸਾਨ।

ਜਾਦੂ, ਜੋਤਿਸ਼, ਟੂਣੇ, ਸ਼ੈਤਾਨਾਂ ਦੇ ਕਿੱਸੇ,
ਦੇਣੀ ਮਾਤ ਇਨ੍ਹਾਂ ਨੂੰ ਚੇਤੰਨ ਨੌਜੁਆਨ।


ਸਾਧ, ਸਿਆਸਤ ਦੀ ਜੋਟੀ ਜੱਗ ਜਾਣੇ,
ਤਰਕ ਰੌਸ਼ਨੀ ਨੇ ਬਣਨਾ ਜੀਵਨ ਸ਼ਾਨ।

ਆ ਤੁਰੀਏ, ਇਸ ਰਾਹ 'ਤੇ ਜ਼ਿੰਦਗੀ ਮਾਣੇ,
ਤਰਕ ਲੋਅ ਨਾਲ ਜਗਣਾ ਕੁੱਲ ਜਹਾਨ।

ਚੰਨ ਤਾਰੇ

ਜੱਗ ਰੁਸਨਾਉਂਦੇ ਨੇ ਚੰਨ ਤਾਰੇ,
ਲਗਦੇ ਸਭ ਨੂੰ ਬਹੁਤ ਪਿਆਰੇ।

ਖੋਜਾਂ ਕਰ ਸੱਚ ਦਸਦੇ ਵਿਗਿਆਨੀ,
ਜੀਵਨ ਸੌਖਾ ਕਰਨ, ਇਹ ਨਿਆਰੇ।



ਗਿਆਨ ਨੇ ਕਰਨਾ ਦੂਰ ਹਨੇਰਾ,
ਚਾਨਣ ਭਰ ਜਾਣਾ, ਹੈ ਪਾਸੇ ਚਾਰੇ।

ਬਚਪਨ ਨੂੰ ਰੰਗ ਏਹੋ ਹੀ ਚੜ੍ਹਨਾ,
ਰੰਗ ਰੌਸਨੀ ਹੋਣੀ ਹਰ ਦੁਆਰੇ।

ਨਾਲ ਮਿਹਨਤਾਂ ਮਿਲਣੀ ਮੰਜਿਲ,
ਪੂਰੇ ਹੋ ਜਾਣੇ ਆਖਰ ਸੁਪਨੇ ਸਾਰੇ।

ਸੁਨਿਹਰਾ ਭਵਿੱਖ


ਕਰਨ ਆਪਣੀ ਨੌਵੀਂ ਕਲਾਸ ਦਾ ਹੁਸ਼ਿਆਰ ਵਿਦਿਆਰਥੀ ਸੀ। ਉਹ ਸਾਰੇ ਅਧਿਆਪਕਾਂ ਦੀ ਆਸ ਸੀ। ਉਸਦੇ ਮਾਪੇ ਅੰਧ-ਵਿਸਵਾਸੀ ਸਨ। ਆਂਢ ਗੁਆਂਢ ਵੀ ਹਰ ਵੇਲੇ ਭਰਮ ਭੁਲੇਖਿਆਂ ਦੀਆਂ ਗੱਲਾਂ ਕਰਦਾ। ਅਜਿਹੇ ਮਾਹੌਲ ਵਿੱਚ ਕਰਨ ਦਾ ਦਮ ਘੁੱਟਦਾ ਸੀ। ਖਾਣ, ਪਹਿਨਣ, ਅੰਦਰ ਬਾਹਰ ਜਾਣ ਵੇਲੇ ਵਹਿਮਾਂ ਨੂੰ ਮੁਖ ਰੱਖਿਆ ਜਾਂਦਾ। ਉਸਦੀ ਸਾਇੰਸ ਵਿੱਚ ਬਹੁਤ ਰੁਚੀ ਸੀ। ਕਿਵੇਂ, ਕਦ ਤੇ ਕਿਉਂ ਹੋਇਆ, ਉਹ ਆਪਣੇ ਅਧਿਆਪਕਾਂ ਨੂੰ ਪੁਛਦਾ ਤੇ ਉੱਤਰ ਸੁਣ ਕੇ ਆਪਣੇ ਸ਼ੰਕੇ ਦੂਰ ਕਰਦਾ। ਘਰ ਆ ਕੇ ਉਹ ਪੁਸਤਕਾਂ ਨਾਲ ਹੀ ਆਪਣਾ ਵਕਤ ਬਿਤਾਉਂਦਾ। ਉਹ ਆਪਣੇ ਮਾਪਿਆਂ ਨੂੰ ਅਧਿਆਪਕਾਂ ਦੇ ਕਹੇ ਬੋਲ ਅਕਸਰ ਦਸਦਾ, ਹੁਣ ਭਰਮਾਂ ਦਾ ਯੁੱਗ ਨਹੀਂ ਰਿਹਾ। ਜ਼ਿੰਦਗੀ ਵਿੱਚ ਅੱਗੇ ਵਧਣ ਲਈ ਪੜ੍ਹਾਈ ਤੇ ਸਹੀ ਸੇਧ ਜਰੂਰੀ ਹੈ। ਗਿਆਨ ਨੇ ਹੀ ਰਾਹ ਰੁਸ਼ਨਾਉਣਾ ਹੈ। ਇਹ ਸੁਣ ਕੇ ਉਸਦੇ ਮਾਪਿਆਂ ਨੂੰ ਹਰ ਚੜ੍ਹਦੀ ਸਵੇਰ 'ਚੋਂ ਆਪਣਾ ਸੁਨਿਹਰੀ ਭਵਿੱਖ ਨਜਰ ਆਉਂਦਾ।

ਰੰਗ ਬੁਰਸ਼ਾਂ ਵਿੱਚ ਉਗਮਦੇ ਸੁਪਨੇ





ਹਰਸਿਮਰਨ ਕੌਰ, ਸਤਵੀਂ
ਇੰਟਰਨੈਸ਼ਨਲ ਪਬਲਿਕ ਸਕੂਲ,
ਕੁਰਾਲੀ
ਕੋਮਲ ਕੌਰ, +2
ਸਰਕਾਰੀ ਸੀਨੀ. ਸੈਕੰ. ਸਕੂਲ,
ਗੀਗੇਮਾਜਰਾ (ਮੁਹਾਲੀ)



ਅਦਿਤੀ ਬਾਂਸਲ, +1 ਸੋਹਾਣਾ

ਵਿਦਿਆਰਥੀਆਂ ਲਈ



ਆਓ ਵਿਗਿਆਨਕ ਕਾਰਨ ਜਾਣੀਏ

ਰਣਧੀਰ ਗਿਲਪੱਤੀ

ਵਿਦਿਆਰਥੀ ਦੋਸਤੋ, ਆਓ ਇਸ ਲੇਖ ਮਾਲਾ ਦੇ ਹਥਲੇ ਮਣਕੇ ਵਿੱਚ ਇੱਕ ਹੋਰ ਵਿਸ਼ੇ ਨਾਲ ਸੰਬੰਧਿਤ ਵਾਪਰਦੇ ਵਰਤਾਰਿਆਂ ਪਿੱਛੇ ਕੰਮ ਕਰਦੇ ਕਾਰਨਾਂ ਨੂੰ ਬੁੱਝਣ ਤੇ ਜਾਨਣ ਦਾ ਯਤਨ ਕਰੀਏ। ਉਮੀਦ ਕਰਦੇ ਹਾਂ ਕਿ ਲੇਖ ਲੜੀ ਦੀ ਇਹ ਕਿਸ਼ਤ ਵੀ ਤੁਹਾਨੂੰ ਇਸ ਲੜੀ ਵਿੱਚ ਪਹਿਲਾਂ ਵਿਚਾਰ ਅਧੀਨ ਆਏ ਹੋਰ ਵਰਤਾਰਿਆਂ ਵਾਂਗ ਦਿਲਚਸਪ ਲੱਗੇਗੀ ਜਿਸ ਨਾਲ ਤੁਹਾਨੂੰ ਆਪਣੀ ਸਮਝ ਵਿਗਿਆਨਕ ਨਜ਼ਰੀਏ ਤੋਂ ਤਰਕਸੰਗਤ ਬਣਾਉਣ ਵਿੱਚ ਮੱਦਦ ਮਿਲੇਗੀ।

ਦਰਿਆ ਦੇ ਮੁਹਾਣੇ ਵਿੱਚੋਂ ਸਮੁੰਦਰ ਵਿੱਚ ਦਾਖਲ ਹੋਣ ਸਮੇਂ ਜਹਾਜ ਕੁੱਝ ਉੱਪਰ ਉੱਠ ਜਾਂਦਾ ਹੈ, ਕਿਉਂ ?

ਜੇ ਤੁਸੀਂ ਕਿਸੇ ਦਰਿਆ ਵਿੱਚ ਚੱਲਣ ਵਾਲੇ ਜਹਾਜ ਵਿੱਚ ਸਫ਼ਰ ਕਰ ਰਹੇ ਹੋਵੋ ਤਾਂ ਤੁਸੀਂ ਇਹ ਦੇਖ ਕੇ ਹੈਰਾਨ ਹੋਵੋਗੇ ਕਿ ਤੁਹਾਡਾ ਜਹਾਜ ਦਰਿਆ ਦੇ ਮੁਹਾਣੇ ਵਿੱਚੋਂ ਸਮੁੰਦਰ ਵਿੱਚ ਦਾਖਲ ਹੋਣ ਸਮੇਂ ਕੁੱਝ ਉੱਪਰ ਉੱਠ ਗਿਆ ਹੈ। ਭਾਰਤ ਦੇ ਪੂਰਬੀ ਖਿੱਤੇ ਵਿੱਚ ਵਗਦੇ ਬ੍ਰਹਮਪੁੱਤਰ ਦਰਿਆ ਵਿੱਚ ਚਲਦੇ ਜਹਾਜ਼ਾਂ ਦੇ ਬੰਗਾਲ ਦੀ ਖਾੜੀ ਦੇ ਸਮੁੰਦਰ ਵਿੱਚ ਦਾਖਲ ਹੋਣ ਸਮੇਂ ਇਹੋ ਕੁੱਝ ਵਾਪਰਦਾ ਹੈ। ਅਜਿਹਾ ਵਰਤਾਰਾ ਦੁਨੀਆਂ ਦੇ ਹੋਰ ਦਰਿਆਵਾਂ, ਜਿਹੜੇ ਸਮੁੰਦਰ ਤੱਕ ਪਹੁੰਚਦੇ ਹਨ, ਵਿੱਚ ਚੱਲਦੇ ਜਹਾਜਾਂ ਨਾਲ ਵੀ ਵਾਪਰਦਾ ਹੈ।

ਇਸ ਵਰਤਾਰੇ ਨੂੰ ਸਮਝਣ ਤੋਂ ਪਹਿਲਾਂ ਆਓ ਇੱਕ ਹੋਰ ਸਾਧਾਰਨ ਤਜ਼ਰਬੇ ਦੀ ਗੱਲ ਕਰੀਏ। ਹੋ ਸਕਦੈ ਤੁਸੀਂ ਆਪਣੇ ਸਕੂਲ ਦੀ ਪ੍ਰਯੋਗਸ਼ਾਲਾ ਵਿੱਚ ਪਹਿਲਾਂ ਵੀ ਇਹ ਤਜ਼ਰਬਾ ਕੀਤਾ ਹੋਵੇ। ਇੱਕ ਸਾਫ ਤਾਜ਼ੇ ਪਾਣੀ ਦਾ ਗਿਲਾਸ ਲਵੋ। ਇਸ ਵਿੱਚ ਮੁਰਗੀ ਦਾ ਇੱਕ ਆਂਡਾ ਪਾਓ। ਤੁਸੀਂ ਦੇਖੋਗੇ ਕਿ ਆਂਡਾ ਪਾਣੀ ਵਿੱਚ ਡੁੱਬ ਗਿਆ ਹੈ। ਹੁਣ ਇੱਕ ਹੋਰ ਗਲਾਸ ਵਿੱਚ ਪਾਣੀ ਲਵੋ ਤੇ ਇਸ ਵਿੱਚ ਵੱਡਾ ਚਮਚ ਸਧਾਰਣ ਲੂਣ ਘੋਲ ਲਵੋ। ਹੁਣ ਜਦੋਂ ਤੁਸੀਂ ਉਹੀ ਆਂਡਾ ਲੂਣੇ ਪਾਣੀ ਵਿੱਚ ਪਾਓਗੇ ਤਾਂ ਇਹ ਡੁੱਬਣ ਦੀ ਬਜਾਏ ਤੈਰਨ ਲੱਗੇਗਾ। ਹੁਣ ਤਾਜ਼ੇ ਪਾਣੀ ਵਾਲੇ ਗਿਲਾਸ ਦਾ ਅੱਧਾ ਪਾਣੀ ਡੋਲ੍ਹ ਦਿਉ ਤੇ ਇੱਕ ਕੀਫ਼ ਦੀ ਨਲੀ ਇਸ ਦੇ ਥੱਲੇ ਤੱਕ ਲੈ ਜਾਓ। ਇਸ ਕੀਫ਼ ਦੀ ਸਹਾਇਤਾ ਨਾਲ ਗਲਾਸ ਦੇ ਥੱਲੇ ਲੂਣੇ ਪਾਣੀ ਨੂੰ ਹੌਲੀ ਹੌਲੀ ਪਾਉ। ਹੁਣ ਜਦ ਇਸ ਗਲਾਸ ਵਿੱਚ ਆਂਡਾ ਪਾਓਗੇ ਤਾਂ ਇਹ ਗਲਾਸ ਦੇ ਵਿਚਕਾਰ, ਤਾਜ਼ੇ ਪਾਣੀ ਦੇ ਹੇਠਾਂ ਤੇ ਲੂਣੇ ਪਾਣੀ ਦੇ ਉੱਪਰ ਤੈਰਨ ਲੱਗੇਗਾ। ਇਸ ਦਾ ਅਰਥ ਇਹ ਹੋਇਆ ਕਿ ਲੂਣੇ ਪਾਣੀ ਦੀ ਘਣਤਾ ਤਾਜ਼ੇ ਪਾਣੀ ਨਾਲੋਂ ਜਿਆਦਾ ਹੈ ਜਿਸ ਕਾਰਣ ਆਂਡਾ ਲੂਣੇ ਪਾਣੀ ਦੇ ਉੱਪਰ ਤੈਰਦਾ ਹੈ ਤੇ ਤਾਜ਼ੇ ਪਾਣੀ ਵਿੱਚ ਡੁੱਬ ਜਾਂਦਾ ਹੈ।

ਆਓ, ਹੁਣ ਆਪਣੇ ਜਹਾਜ਼ ਨਾਲ ਵਾਪਰਦੇ ਵਰਤਾਰੇ ਵੱਲ ਮੁੜੀਏ। ਦਰਿਆ ਤਾਜ਼ੇ ਪਾਣੀ ਦੀ ਵਹਿੰਦੀ ਧਾਰਾ ਹੁੰਦੇ ਹਨ। ਇਹ ਜ਼ਮੀਨ ’ਤੇ ਵਹਿੰਦੇ ਹੋਏ ਆਪਣੇ ਨਾਲ ਕਈ ਪ੍ਰਕਾਰ ਦੇ ਲੂਣ ਤੇ ਹੋਰ ਖਣਿਜ ਵਹਾ ਕੇ ਲਿਆਉਂਦੇ ਹਨ। ਦਰਿਆ ਦੇ ਸਮੁੰਦਰ ਵਿੱਚ ਡਿੱਗਣ ਸਮੇਂ ਇਹ ਲੂਣ ਸਮੁੰਦਰ ਦੇ ਪਾਣੀ ਵਿੱਚ ਰਲਦੇ ਤੇ ਘੁਲਦੇ ਰਹਿੰਦੇ ਹਨ। ਇਸ ਤਰ੍ਹਾਂ ਸਮੁੰਦਰ ਵਿੱਚ ਲੂਣਾਂ ਦੀ ਮਾਤਰਾ ਵਧਦੀ ਰਹਿੰਦੀ ਹੈ ਤੇ ਇਸਦਾ ਪਾਣੀ ਹੋਰ ਖਾਰਾ ਹੁੰਦਾ ਰਹਿੰਦਾ ਹੈ। ਅਸੀਂ ਉੱਪਰ ਜ਼ਿਕਰ ਕੀਤੇ ਤਜ਼ਰਬੇ ਰਾਹੀਂ ਜਾਣ ਲਿਆ ਹੈ ਕਿ ਤਾਜ਼ੇ ਪਾਣੀ ਦੀ ਨਿਸਬਤ ਲੂਣੇ ਪਾਣੀ ਦੀ ਘਣਤਾ ਵਧ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ, ਦਰਿਆਵਾਂ ਦੀ ਨਿਸਬਤ ਸਮੁੰਦਰ ਦੇ ਪਾਣੀ ਦੀ ਲੂਣਾਂ ਦੀ ਵੱਧ ਮਾਤਰਾ ਹੋਣ ਕਾਰਣ– ਘਣਤਾ ਜ਼ਿਆਦਾ ਹੁੰਦੀ ਹੈ ਤੇ ਇਸਦੀ ਚੀਜ਼ਾਂ ਨੂੰ ਤੈਰਾਉਣ ਦੀ ਸਮਰੱਥਾ ਵਧ ਜਾਂਦੀ ਹੈ। ਇਹ ਕਾਰਣ ਹੈ ਕਿ ਦਰਿਆ ਵਿੱਚ ਤੈਰਦਾ ਜਹਾਜ਼ ਆਪਣੇ ਵਜ਼ਨ ਮੁਤਾਬਿਕ ਜਿੰਨਾ ਪਾਣੀ ਪਾਸੇ ਹਟਾਉਂਦਾ ਹੈ, ਸਮੁੰਦਰ ਵਿੱਚ ਦਾਖਲ ਹੋਣ ਸਮੇਂ ਪਾਣੀ ਦੀ ਘਣਤਾ ਵੱਧ ਹੋਣ ਕਾਰਣ ਇਸਨੂੰ ਘੱਟ ਪਾਣੀ ਹਟਾਉਣਾ (ਵਿਸਥਾਪਿਤ ਕਰਨਾ) ਪੈਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਦਰਿਆ ਵਿੱਚ ਤੈਰਦੇ ਜਹਾਜ਼ ਨੂੰ ਜ਼ਿਆਦਾ ਪਾਣੀ ਵਿਸਥਾਪਿਤ ਕਰਨਾ ਪੈਂਦਾ ਹੈ ਤੇ ਇਸਦਾ ਜ਼ਿਆਦਾ ਹਿੱਸਾ ਪਾਣੀ ਵਿੱਚ ਡੁੱਬਿਆ ਹੁੰਦਾ ਹੈ। ਪਰ ਸਮੁੰਦਰ ਵਿੱਚ ਦਾਖਲ ਹੁੰਦੇ ਹੀ ਉਸਨੂੰ ਵੱਧ ਘਣਤਾ ਵਾਲੇ ਖਾਰੇ ਪਾਣੀ ਦੀ ਘੱਟ ਮਾਤਰਾ ਵਿਸਥਾਪਿਤ ਕਰਨ ਦੀ ਲੋੜ ਪੈਂਦੀ ਹੈ, ਇਸ ਲਈ ਜਹਾਜ਼ ਦਾ ਕੁੱਝ ਹੋਰ ਹਿੱਸਾ ਪਾਣੀ ਤੋਂ ਬਾਹਰ ਆ ਜਾਂਦਾ ਹੈ ਤੇ ਜਹਾਜ਼ ਉੱਪਰ ਉੱਠ ਜਾਂਦਾ ਹੈ।

ਮੌਤ ਦੇ ਸਾਗਰ ਵਿੱਚ ਆਦਮੀ ਡੁੱਬ ਨਹੀਂ ਸਕਦਾ, ਕਿਉਂ ?

ਤੁਸੀਂ ਅਕਸਰ ਹੀ ਖਬਰਾਂ ਪੜ੍ਹਦੇ ਸੁਣਦੇ ਹੋ ਕਿ ਫਲਾਣੇ ਛੱਪੜ, ਝੀਲ, ਸਰੋਵਰ, ਨਹਿਰ ਜਾਂ ਦਰਿਆ ਵਿੱਚ ਨਹਾਉਂਦੇ

ਹੋਏ ਡੁੱਬਣ ਕਾਰਣ ਇੰਨੇ ਲੋਕਾਂ ਦੀ ਮੌਤ ਹੋ ਗਈ। ਕਦੇ ਕਦਾਈਂ ਸਮੁੰਦਰੀ ਜਹਾਜਾਂ ਜਾਂ ਕਿਸ਼ਤੀਆਂ ਨਾਲ ਵਾਪਰੇ ਹਾਦਸਿਆਂ ਵਿੱਚ ਵੀ ਸੈਂਕੜੇ ਲੋਕਾਂ ਦੇ ਸਮੁੰਦਰ ਵਿੱਚ ਡੁੱਬ ਜਾਣ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਮਾਨਸਿਕ ਪ੍ਰੇਸ਼ਾਨੀ ਕਾਰਣ ਨਹਿਰ, ਝੀਲ ਆਦਿ 'ਚ ਛਾਲ ਮਾਰ ਕੇ ਖੁਦਕਸ਼ੀ ਕਰ ਲੈਣ ਵਰਗੀਆਂ ਦੁਖਦਾਈ ਘਟਨਾਵਾਂ ਵੀ ਵਾਪਰਦੀਆਂ ਰਹਿੰਦੀਆਂ ਹਨ। ਪਰ ਕੀ ਤੁਹਾਨੂੰ ਪਤਾ ਹੈ ਕਿ ਸੰਸਾਰ ਵਿੱਚ ਇੱਕ ਅਜਿਹਾ ਸਮੁੰਦਰ ਵੀ ਹੈ ਜਿਸ ਵਿੱਚ ਚਾਹ ਕੇ ਵੀ ਕੋਈ ਆਦਮੀ ਡੁੱਬ ਨਹੀਂ ਸਕਦਾ। ਭਾਵ ਕੋਈ ਖੁਦਕਸ਼ੀ ਕਰਨ ਦੇ ਇਰਾਦੇ ਨਾਲ ਵੀ ਇਸ ਵਿੱਚ ਛਾਲ ਮਾਰ ਕੇ ਆਪਣੇ ਮਕਸਦ ਵਿੱਚ ਸਫਲ ਨਹੀਂ ਹੋਵੇਗਾ। ਆਓ, ਇਸ ਅਨੋਖੇ ਸਮੁੰਦਰ ਦੇ ਗੁੱਝੇ ਭੇਦ ਨੂੰ ਜਾਣੀਏ।

ਯੂਰਪ ਦੇ ਦੇਸ਼ਾਂ ਇਜ਼ਰਾਈਲ, ਫਲਸਤੀਨ ਤੇ ਜਾਰਡਨ ਦੀਆਂ ਹੱਦਾਂ ਨਾਲ ਛੂਹਦਾ ਵਿਸ਼ਾਲ ਝੀਲ ਦੇ ਅਕਾਰ ਦਾ 65 ਕਿਲੋਮੀਟਰ ਲੰਬਾ ਅਤੇ 18 ਕਿਲੋਮੀਟਰ ਚੌੜਾ ਇੱਕ ਸਮੁੰਦਰ ਹੈ ਜਿਸ ਦੀ ਔਸਤ ਡੂੰਘਾਈ 653 ਫੁੱਟ ਹੈ। ਇਸ ਸਾਗਰ ਵਿੱਚ ਪਾਣੀ ਦੀ ਮਾਤਰਾ 114 ਘਣ ਕਿਲੋਮੀਟਰ ਅਨੁਮਾਨੀ ਗਈ ਹੈ। ਦਰਅਸਲ ਇਹ ਜਾਰਡਨ ਦੀ ਪ੍ਰਸਿੱਧ ਰਿਫਟ ਵੈਲੀ ਵਿੱਚ ਸਥਿਤ ਹੈ ਤੇ ਇਸ ਖੇਤਰ ਵਿੱਚ ਵਹਿੰਦੀ ਜਾਰਡਨ ਨਦੀ ਹੀ ਇਸਦੇ ਪਾਣੀ ਦਾ ਇੱਕ ਮਾਤਰ ਸਰੋਤ ਹੈ। ਇਸਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਤਲ ਸਮੁੰਦਰ ਤਲ ਤੋਂ 430.5 ਮੀਟਰ ਹੇਠਾਂ ਹੈ ਤੇ ਇਸਦਾ ਥੱਲਾ ਸਮੁੰਦਰ ਤਲ ਤੋਂ 728 ਮੀਟਰ ਨੀਵਾਂ ਹੈ ਅਤੇ ਇਹ ਪ੍ਰਿਥਵੀ ਦੇ ਧਰਾਤਲ ਦਾ ਸਭ ਤੋਂ ਨਿਚਲਾ ਭਾਗ ਹੈ। ਇਹ ਚਾਰੇ ਪਾਸਿਆਂ ਤੋਂ ਜ਼ਮੀਨ ਨਾਲ ਘਿਰਿਆ ਹੋਇਆ ਹੈ ਤੇ ਇਸ ਖੇਤਰ ਦੀ ਜਲਵਾਯੂ ਗਰਮ ਖੁਸ਼ਕ ਹੈ ਤੇ ਬਾਰਿਸ਼ ਵੀ ਨਾਂਹ ਦੇ ਬਰਾਬਰ ਹੀ ਹੁੰਦੀ ਹੈ। ਇਸਦੇ ਪਾਣੀ ਦਾ ਕਿਧਰੇ ਹੋਰ ਨਿਕਾਸ ਨਾ ਹੋਣ ਅਤੇ ਸੂਰਜ ਦੀ ਗਰਮੀ ਨਾਲ ਪਾਣੀ ਵਾਸ਼ਪ ਬਣ ਕੇ ਉੱਡਦਾ ਰਹਿਣ ਕਾਰਣ ਇਹ ਵਿਸ਼ਵ ਦੇ ਮਹਾਸਾਗਰਾਂ ਨਾਲੋਂ ਵੱਧ ਖਾਰਾ ਹੈ। ਗਰਮੀ ਨਾਲ ਜਿਹੜਾ ਪਾਣੀ ਉੱਡ ਜਾਂਦਾ ਹੈ ਉਸ ਵਿਚਲੇ ਲੂਣ ਸਾਗਰ ਵਿੱਚ ਹੀ ਰਹਿ ਜਾਂਦੇ ਹਨ। ਜਿਸ ਕਾਰਣ ਇਹ ਦਿਨ ਬਦਿਨ ਵੱਧ ਖਾਰਾ ਹੁੰਦਾ ਜਾਂਦਾ ਹੈ। ਸੰਸਾਰ ਭਰ ਦੇ ਮਹਾਂਸਾਗਰਾਂ ਵਿੱਚ ਲੂਣਾਂ ਦੀ ਔਸਤ ਮਾਤਰਾ 3.5 ਪ੍ਰਤੀਸ਼ਤ ਹੈ ਜਦਕਿ ਮੌਤ ਦੇ ਸਾਗਰ ਵਿੱਚ ਲੂਣਾਂ ਦੀ ਮਾਤਰਾ 31.5 ਪ੍ਰਤੀਸ਼ਤ ਹੈ, ਭਾਵ ਮੌਤ ਦਾ ਸਾਗਰ, ਮਹਾਂਸਾਗਰਾਂ ਦੇ ਮੁਕਾਬਲੇ ਕਰੀਬ ਨੌਂ ਗੁਣਾ ਵੱਧ ਖਾਰਾ ਹੈ। ਜ਼ਿਆਦਾ ਖਾਰਾ ਹੋਣ ਕਾਰਣ ਹੀ ਇਸ ਵਿੱਚ ਕੋਈ ਪਾਣੀ ਵਾਲਾ ਜੀਵ ਜੰਤੂ ਜੀਵਤ ਨਹੀਂ ਰਹਿ ਸਕਦਾ ਤੇ ਜਲ ਜੀਵਨ ਰਹਿਤ ਹੋਣ ਕਰਕੇ ਹੀ ਇਸਨੂੰ ਮੌਤ ਦਾ ਸਾਗਰ ਕਿਹਾ ਜਾਂਦਾ ਹੈ।

ਜਿਵੇਂ ਅਸੀਂ ਪਹਿਲਾਂ ਹੀ ਦੇਖ ਚੁੱਕੇ ਹਾਂ ਕਿ ਸਧਾਰਣ ਤਾਜ਼ੇ ਪਾਣੀ ਨਾਲੋਂ ਖਾਰੇ ਪਾਣੀ ਦੀ ਘਣਤਾ ਵੱਧ ਹੁੰਦੀ ਹੈ ਤੇ ਇਸਦਾ ਭਾਰ ਵੀ ਵੱਧ ਹੁੰਦਾ ਹੈ। ਮੌਤ ਦੇ ਸਾਗਰ ਦਾ ਪਾਣੀ ਅਤੀਅੰਤ ਖਾਰਾ ਹੋਣ ਕਾਰਣ ਇਸਦੀ ਘਣਤਾ ਵੀ ਬਹੁਤ ਜ਼ਿਆਦਾ ਹੈ। ਬਹੁਤ ਜ਼ਿਆਦਾ ਘਣਤਾ ਕਾਰਣ ਹੀ ਇਸ ਵਿੱਚ ਆਦਮੀ ਡੁੱਬਦਾ ਨਹੀਂ ਹੈ। ਜ਼ਿੰਦਗੀ ਤੋਂ ਨਿਰਾਸ਼ ਹੋਏ ਵਿਅਕਤੀਆਂ ਦੀ ਪਾਣੀ ਵਿੱਚ ਡੁੱਬ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦੀ ਇੱਛਾ ਇਹ ਸਾਗਰ ਪੂਰੀ ਨਹੀਂ ਕਰਦਾ। ਸਾਗਰ ਵਿੱਚ ਛਾਲ ਮਾਰਨ ਵਾਲੇ ਵਿਅਕਤੀ ਨੂੰ ਇਉਂ ਲਗਦਾ ਹੈ ਜਿਵੇਂ ਕੋਈ ਅਦਿੱਖ ਸ਼ਕਤੀ ਉਸਨੂੰ ਉੱਪਰ ਵੱਲ ਉਛਾਲ ਰਹੀ ਹੋਵੇ। ਦਿਲਚਸਪ ਗੱਲ ਇਹ ਹੈ ਕਿ ਇਸ ਪਾਣੀ ਉੱਪਰ ਲੇਟ ਕੇ ਸਹਿਜੇ ਹੀ ਕਿਤਾਬ ਪੜ੍ਹੀ ਜਾ ਸਕਦੀ ਹੈ। ਦਰਅਸਲ ਇੱਥੇ ਪ੍ਰਸਿੱਧ ਵਿਗਿਆਨੀ ਆਰਕੇਮੀਡਜ਼ ਦਾ ਸਿਧਾਂਤ ਕੰਮ ਕਰ ਰਿਹਾ ਹੁੰਦਾ ਹੈ। ਬੇਹੱਦ ਖਾਰਾ ਪਾਣੀ ਆਦਮੀ ਦੇ ਭਾਰ ਨਾਲੋਂ ਜਿਆਦਾ ਭਾਰਾ ਹੁੰਦਾ ਹੈ ਤੇ ਆਦਮੀ ਆਪਣੇ ਭਾਰ ਦੇ ਬਰਾਬਰ ਥੋੜ੍ਹਾ ਪਾਣੀ ਵਿਵਸਥਾਪਿਤ ਕਰਕੇ ਵੀ ਬਿਨਾਂ ਕੋਸ਼ਿਸ਼ ਪਾਣੀ ਉੱਪਰ ਤੈਰਦਾ ਰਹਿੰਦਾ ਹੈ। ਇਸ ਸਾਗਰ ਦਾ ਪਾਣੀ ਬਹੁਤ ਜਿਆਦਾ ਖਾਰਾ ਹੋਣ ਕਾਰਣ ਇਹ ਅੱਖਾਂ ਤੇ ਚਮੜੀ ਲਈ ਹਾਨੀਕਾਰਕ ਹੈ। ਇਸ ਲਈ ਸੈਰ ਸਪਾਟੇ ਦੇ ਸ਼ੌਕੀਨ ਸਾਗਰ ਵਿੱਚ ਨਹਾਉਣ ਸਮੇਂ ਸਰੀਰ ਉੱਪਰ ਗਾਰੇ ਦਾ ਲੇਪ ਕਰ ਲੈਂਦੇ ਹਨ ਤੇ ਅੱਖਾਂ ਵਿੱਚ ਪਾਣੀ ਪੈਣ ਤੋਂ ਬਚਾਅ ਕਰਦੇ ਹਨ।

98556-56156

ਲੋਕ ਪੱਖੀ ਸਮਾਜਿਕ ਦੇਣ ਨੂੰ ਸਜਦਾ

ਤਰਕਸ਼ੀਲ ਸੁਸਾਇਟੀ ਪੰਜਾਬ ਉਮਰ ਭਰ ਆਪਣੀਆਂ ਲਿਖਤਾਂ ਨਾਲ ਵਿਗਿਆਨਕ ਵਿਚਾਰਧਾਰਾ ਦਾ ਸਮਾਜ ਵਿੱਚ ਪ੍ਰਚਾਰ-ਪ੍ਰਸਾਰ ਕਰਨ ਵਾਲੇ ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਕੁਲਦੀਪ ਸਿੰਘ ਧੀਰ, ਲੋਕ ਪੱਖੀ ਨਾਟਕਾਂ ਨਾਲ ਅਨਿਆਂ ਖਿਲਾਫ਼ ਲੜਨ ਅਤੇ ਸਮਾਜਿਕ ਬਰਾਬਰੀ ਦਾ ਹੋਕਾ ਦੇਣ ਵਾਲੇ ਪ੍ਰਸਿੱਧ ਨਾਟਕਕਾਰ ਹੰਸਾ ਸਿੰਘ ਬਿਆਸ ਅਤੇ ਪ੍ਰਸਿੱਧ ਲੋਕ ਧਾਰਾ ਚਿੰਤਕ ਤੇ ਪੰਜਾਬ ਦੇ ਨਾਬਰੀ ਦੇ ਵਿਰਸੇ ਨੂੰ ਪੇਸ਼ ਕਰਨ ਵਾਲੇ ਪ੍ਰੋ. ਸਤਿੰਦਰ ਔਲਖ ਦੀ ਸਮਾਜਿਕ ਦੇਣ ਨੂੰ ਸਜਦਾ ਕਰਦੀ ਹੋਈ ਉਹਨਾਂ ਦੀ ਮੌਤ 'ਤੇ ਦੁੱਖ ਪ੍ਰਗਟਾਉਂਦੀ ਹੈ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਪੈੜਾਂ **ਲੈ ਸੁਰਖ਼-ਸੋਚ ਤੋਂ ਸੂਹਾ ਚਾਨਣ ਹੂੰਝ ਦੇਣਾ ਇਹ ਘੋਰ ਹਨੇਰ !**

.ਗਦਰੀ ਸੂਰਬੀਰ : ਕਰਤਾਰ ਸਿੰਘ ਸਰਾਭਾ



16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।


ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਇੱਕ ਅਜਿਹਾ ਜਿਕਰ ਮਿਲਦਾ ਹੈ। ਸਰਾਭਾ ਨੇ ਜੇਲ੍ਹ ਦੀ ਕੰਧ ’ਤੇ ਲਿਖ ਦਿੱਤਾ ਸੀ, ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ। ਆਖਰ ਇਹ ਰੰਗ ਲਿਆਏਗਾ। ਬਾਬਾ ਭਕਨਾ ਨੇ ਕਿਹਾ, ਕਰਤਾਰ ਸਿੰਘ, ਇੱਥੇ ਜੇਲ੍ਹ ਵਿੱਚ ਤਾਂ ਹੱਡੀਆਂ ਵੀ ਗਲ ਜਾਂਦੀਆਂ ਹਨ, ਬਾਹਰ ਕਿਵੇਂ ਖ਼ਬਰ ਜਾਵੇਗੀ ਤੇ ਸ਼ਹੀਦਾਂ ਦਾ ਖ਼ੂਨ ਫਿਰ ਕਿਵੇਂ ਰੰਗ ਲਿਆਵੇਗਾ ? ਸਰਾਭਾ ਦਾ ਜੁਆਬ ਸੀ, ਪ੍ਰਧਾਨ ਜੀ, ਅੱਜ ਨਹੀਂ ਤਾਂ ਕੱਲ੍ਹ ਜਾਂ ਪਰਸੋਂ ਬਾਹਰ ਜਾ ਕੇ ਖ਼ੂਨ ਰੰਗ ਲਿਆਵੇਗਾ ਹੀ।

ਚਮਨ ਲਾਲ

— — — — — — — — — — — — — — — — —

ਸ਼ਹੀਦ ਊਧਮ ਸਿੰਘ

(ਜਨਮ ਦਿਨ 26 ਦਸੰਬਰ 1899)



ਆਜਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖਤਾ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ ਹੈ।ਆਜਾਦੀ ਸਾਡਾ ਜਮਾਂਦਰੂ ਹੱਕ ਹੈ।ਅਸੀਂ ਇਸ ਨੂੰ ਪ੍ਰਾਪਤ ਕਰਕੇ ਰਹਾਂਗੇ। ਅਸੀਂ ਇਨਕਲਾਬ ਦੇ ਦਰ ਤੇ ਆਪਣੀਆਂ ਜਵਾਨੀਆਂ ਦੀਆਂ ਬਹਾਰਾਂ ਵਾਰਨ ਲਈ ਤੱਤਪਰ ਹੋ ਗਏ ਹਾਂ। ਇਸ ਮਹਾਨ ਆਦਰਸ ਦੀ ਭੇਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ।

ਤੇਰੇ ਸਹਿਰ ਦੇ ‘ਬਾਬਾ ਨਜਮੀਂ’, ਲੋਕ ਚੰਗੇਰੇ ਹੁੰਦੇ।
ਝੁੱਗੀਆਂ ਵਿਚ ਨਾ ਚਾਨਣ ਬਦਲੇ, ਘੁੱਪ-ਹਨੇਰੇ ਹੁੰਦੇ।



ਫੁੱਲਾਂ ਦੇ ਗੁਲਦਸਤੇ ਘੱਲਦੇ ਇਕ ਦੂਜੇ ਦੇ ਵੱਲੇ
ਗਿਰਜੇ ਮੰਦਰ ਵਿਚ ਮਸੀਤੇ ਲੋਕ ਜੇ ਮੇਰੇ ਹੁੰਦੇ।

-ਬਾਬਾ ਨਜ਼ਮੀ

ਮਿੰਨੀ ਕਹਾਣੀ

‘ਸਿਆਣਾ’ ਪੁੱਤ

ਬਚਪਨ ਵਿੱਚ ਮਾਂ ਅਤੇ ਆਂਢ ਗਵਾਂਢ ਦੀਆਂ ਔਰਤਾਂ ਅਕਸਰ ਹੀ ਸ਼ਹਿਰ ਦੀ ਪੁੱਛਾਂ ਦੇਣ ਵਾਲੀ ਮਾਈ ਬਾਰੇ ਗੱਲਾਂ ਕਰਦੀਆਂ। ਉਹ ਦਸਦੀਆਂ ਕਿ ਮਾਈ ਆਪਣੇ ਘਰ ਬਹੁਤਾ ਚਿਰ ਰੁਕਣ ਨਹੀਂ ਦਿੰਦੀ। ਮਾਈ ਆਖਦੀ ਕਿ ਮੇਰਾ ਛੋਟਾ ਮੁੰਡਾ ਦੇਵ ਬੂਟ ਵੇਚਣ ਗਿਆ ਹੈ ਜੇ ਆ ਗਿਆ ਤਾਂ ਤੁਹਾਨੂੰ ਵੀ ਦੇਊ ਪਤਾ। ਉਹ ਮੈਨੂੰ ਪੁੱਛਾਂ ਦੇਣ ਦੇ ਕੰਮ ਤੋਂ ਰੋਕਦਾ ਹੈ। ਵੱਡਾ ਮੁੰਡਾ ਲੱਛੂ ਤਾਂ ਮੇਰਾ ਸਿਆਣਾ ਪੁੱਤ ਐ। ਭੱਜ-ਭੱਜ ਕੰਮ ਕਰਦਾ ਕਦੀ ਜੋਤਾਂ ਲਾਉਂਦਾ, ਕਦੀ ਸੰਗਤ ਲਈ ਦਰੀਆਂ ਵਿਛਾਉਂਦਾ। ਆਏ ਗਿਆਂ ਨੂੰ ਚਾਹ ਪਾਣੀ ਪੁੱਛਦਾ।

ਉਦੋਂ ਇਹ ਗੱਲਾਂ ਸਮਝ ਨਹੀਂ ਸੀ ਆਉਂਦੀਆਂ। ਕਈ ਸਾਲਾਂ ਬਾਅਦ ਜਦੋਂ ਪਿੰਡ ਦੇ ਸਕੂਲੋਂ ਪੜ੍ਹਾਈ ਮੁਕਾ ਸ਼ਹਿਰ ਦਾਖਲਾ ਲਿਆ ਤਾਂ ਬੂਟਾਂ ਵਾਲੇ ਦੇਵ ਨੂੰ ਮਿਲ ਕਹਾਣੀ ਸਮਝ ਆਈ। ਹੁਣ ਸ਼ਹਿਰ ਦੇ ਇੱਜਤਦਾਰ ਦੁਕਾਨਦਾਰਾਂ ਵਿੱਚ ਗਿਣਿਆ ਜਾਣ ਲੱਗਾ ਸੀ। ਅਸੀਂ ਵੀ ਦੇਵ ਦੀ ਦੁਕਾਨ ਤੋਂ ਬੂਟ ਲੈਂਦੇ। ਪੁੱਛਾਂ ਦੇਣ ਵਾਲੀ ਮਾਈ ਦੀ ਮੌਤ ਹੋ ਚੁੱਕੀ ਸੀ। ਮਾਈ ਦੇ ਵੱਡੇ ਪੁੱਤ ਲੱਛੂ ਨੇ ਮਾਈ ਤੋਂ ਬਾਅਦ ਪੁੱਛਾਂ ਦੇਣ ਦਾ ਕੰਮ ਜਾਰੀ ਰੱਖਿਆ। ਉਸਦੀ ਘਰ ਵਾਲੀ ਰਾਧਾ ਪੁੱਛਾਂ ਦੇਣ ’ਚ ਉਸਦਾ ਹੱਥ ਵਟਾਉਂਦੀ। ਚੇਲਿਆਂ ਦੀ ਸੰਗਤ ਨੇ ਰੰਗ ਵਿਖਾਇਆ। ਲੱਛੂ ਅਤੇ ਰਾਧਾ ਦੋਨੋਂ ਹੀ ਚਿਲਮ ਦੇ ਸੂਟੇ ਲਾਉਣ ਲੱਗ ਪਏ। ਭਗਵੇਂ ਕੱਪੜੇ ਪਾਈ ਸਾਰਾ ਦਿਨ ਨਸ਼ੇ ਵਿੱਚ ਰਹਿੰਦੇ। ਹੌਲੀ ਹੌਲੀ ਪੁੱਛਾਂ ਵਾਲਾ ਧੰਦਾ ਬੰਦ ਹੋ ਗਿਆ। ਉਹਨਾਂ ਆਪਣਾ ਜੱਦੀ ਘਰ ਵੀ ਵੇਚ ਵੱਟ ਕੇ ਖਾ ਲਿਆ। ਹੁਣ ਲੱਛੂ ਅਤੇ ਰਾਧਾ ਮੰਗ ਕੇ ਖਾਣ ਜੋਗੇ ਰਹਿ ਗਏ। ਰਾਤਾਂ ਰੇਲਵੇ ਲਾਈਨਾਂ ’ਤੇ ਬਣੀ ਝੁੱਗੀ ਵਿੱਚ ਗੁਜਾਰਦੇ। ਚਿਲਮ ਪੀਣ ਦੀ ਆਦਤ ਇੱਕ ਰਾਤ ਲੱਛੂ ਨੂੰ ਮਾਲ ਗੱਡੀ ਨਾਲ ਉਡਾ ਕੇ ਲੈ ਗਈ। ਮਾਈ ਦਾ ਸਿਆਣਾ ਪੁੱਤ ਕੱਖੋਂ ਹੌਲਾ ਹੋ ਜਹਾਨੋਂ ਤੁਰ ਗਿਆ।

ਗੁਰਦੀਪ ਮਾਨ ਮੌੜ
95010 11005

ਬਾਬਾ ਨਜਮੀ

ਸੁਪਨਿਆਂ ਅੰਦਰ ਜਗਦੀ-ਮਘਦੀ ਲੈ ਹੀ ਆਉਣੀ ਸੋਨ-ਸਵੇਰ।

ਵਾਰਤਕ ਅੰਸ਼

ਸੱਚਾ ਕਰਮ

ਮਸ਼ਵਰਾ ਕੇਂਦਰ ਵਾਲੇ ਵੀਰਾਂ ਨੇ ਮੁੰਡੇ ਨੂੰ ਤਾਂ ਸਮਝਾਇਆ ਹੀ ਨਾਲ ਬਾਪ ਨੂੰ ਵੀ ਰਾਹ ਪਾ ਦਿੱਤਾ। ਉਹਨਾਂ ਇਹ ਰਾਜ਼ ਸਮਝਾ ਕੇ ਤੋਰਿਆ, ਮਾਪਿਆਂ ਦਾ ਕੰਮ ਔਲਾਦ ਦੀ ਰੋਟੀ, ਪਾਣੀ ਤੇ ਲੋੜਾਂ ਪੂਰੀਆਂ ਕਰਨ ਤੱਕ ਸੀਮਤ ਨਹੀਂ ਹੁੰਦਾ। ਉਹਨਾਂ ਨੂੰ ਪੈਰਾਂ ਸਿਰ ਕਰਨ ਲਈ ਲਾਜ਼ਮੀ ਹੈ ਕਿ ਜੁਆਨ ਹੋਏ ਧੀਆਂ/ਪੁੱਤਰਾਂ ਦੀਆਂ ਭਾਵਨਾਵਾਂ ਨੂੰ ਸਮਝੋ, ਕਦਰ ਕਰੋ।ਉਹਨਾਂ ਦੇ ਜਿਉਣ ਰਾਹ ਵਿੱਚ ਰੁਕਾਵਟ ਨਾ ਬਣੋ ਸਗੋਂ ਸਹਿਯੋਗ ਕਰੋ। ਲਾਈਲੱਗ ਬਣਨ ਦੀ ਬਜਾਏ ਮੁਸ਼ਕਲਾਂ ਦੇ ਕਾਰਣ ਜਾਣ ਕੇ ਹੱਲ ਕਰਨ ਦੀ ਕੋਸ਼ਿਸ਼ ਕਰਨਾ ਸਿੱਖੋ। ਅਸੀਂ ਇਹ ਸਬਕ ਪੱਲੇ ਬੰਨ੍ਹ ਲਿਆ। ਸਾਹਿਤਕਾਰ ਪ੍ਰਿੰਸੀਪਲ ਦੇ ਸੁਖਾਵੇਂ ਰੌਂਅ 'ਚ ਰਾਹ ਰੁਸ਼ਨਾਉਂਦੇ ਬੋਲ ਸਾਡਾ ਮਨ ਮਸਤਕ ਠਾਰ ਗਏ, ਆਪਣੇ ਬੱਚਿਆਂ ਨਾਲ ਸੁਪਨਿਆਂ ਦੀ ਸਾਂਝ ਬਣਾਉਣਾ ਸਫ਼ਲ ਜੀਵਨ ਦਾ ਰਾਹ ਹੈ। ਪਿਆਰ,ਹਮਦਰਦੀ ਤੇ ਤਰਕ ਬੇਸਕੀਮਤੀ ਹੀਰੇ ਮੋਤੀ ਹਨ, ਜਿਹੜੇ ਬੋਝ ਬਣੀ ਹਾਰੀ ਜ਼ਿੰਦਗੀ ਨੂੰ ਉਠਾਉਣ ਲਈ ਜੀਵਨ ਦੀ ਸਜਾਵਟ ਬਣਦੇ ਹਨ। ਸੁਖਾਵੀਂ ਜ਼ਿੰਦਗੀ ਲਈ ਸੁਪਨੇ ਤੇ ਸਾਂਝਾਂ ਦਾ ਸੰਗਮ ਕਰਨਾ ਹੀ ਜੀਵਨ ਦਾ ਸੱਚਾ ਕਰਮ ਹੈ।

ਮੇਰਾ ਸੁਪਨਾ



ਪਰਮਿੰਦਰ ਸੋਢੀ

***ਅੱਜ ਤੱਕ ਅਨਿਆਂ ਦੇ ਖਿਲਾਫ਼ ਕਿਸ ਰੂਪ ਵਿੱਚ ਆਵਾਜ਼ ਉਠਾਈ ਹੈ ?**

ਮਨੁੱਖਤਾ ਦੇ ਉਚੇਰੇ ਗੁਣਾਂ ਬਾਰੇ ਲਿਖਕੇ, ਲੇਖਣੀ ਵਿੱਚ 'ਸਤਿਅਮ ਸ਼ਿਵਮ ਸੁੰਦਰਮ' ਉਪਰ ਫ਼ੋਕਸ ਕਰਕੇ, ਸਾਹਿਤ ਅਤੇ ਨਿੱਜੀ ਜੀਵਨ ਵਿੱਚ ਹਰ ਤਰ੍ਹਾਂ ਦੀ ਵਿਤਕਰੇਬਾਜ਼ੀ ਨੂੰ ਨਕਾਰ ਕੇ ਨੇਕ ਧਿਰਾਂ ਨਾਲ ਖੜ੍ਹਕੇ।

***ਤੁਹਾਡੇ ਘਰ ਅਤੇ ਦਫ਼ਤਰ ਵਿੱਚ ਤੁਹਾਡਾ ਸਭ ਤੋਂ ਪਿਆਰਾ ਕੋਨਾ ਕਿਹੜਾ ਹੈ ?**

ਘਰ ਵਿੱਚ ਬਿਸਤਰੇ ਦਾ ਉਹ ਖੂੰਜਾ ਜਿੱਥੇ ਕਿਤਾਬਾਂ ਪਈਆਂ ਹਨ, ਦਫ਼ਤਰ ਦਾ ਉਹ ਕੋਨਾ ਜਿੱਥੇ ਮੇਰਾ ਕੰਪਿਊਟਰ ਪਿਆ ਹੈ।

***ਤੁਹਾਡਾ ਸਭ ਤੋਂ ਪਿਆਰਾ ਸੁਪਨਾ ਜਿਹੜਾ ਅੱਜ ਤੱਕ ਆਇਆ ਹੀ ਨਹੀਂ ?**

ਬਰਾਬਰੀ ਅਤੇ ਇਨਸਾਫ਼ ਭਰੇ ਸਮਾਜ ਦਾ ਸੁਪਨਾ

ਪੇਸ਼ਕਸ਼: ਦਰਸ਼ਨ ਦਰਵੇਸ਼

ਚਾਹਤ

ਮੁੱਕ ਜਾਵਣ ਜਿੱਥੇ ਪਗਡੰਡੀਆਂ,
ਰਹਿਣ ਨਾ ਮੁਲਕਾਂ ਦੀਆਂ ਵੰਡੀਆਂ,
ਦਿੱਸਣ ਨਾ ਜਿੱਥੇ ਹੱਦਾਂ ਪਾੜੇ
ਤੇਰ ਮੇਰ ਦੇ ਖਾਖੋਵਾੜੇ
ਪਹੁੰਚ ਨਾ ਸਕਣ ਜਿੱਥੇ ਚਾਂਘਾਂ,
ਬਾਂਗ ਟੱਲਾਂ ਤੇ ਸੰਖਾਂ ਦੀਆਂ
ਚਾਰੇ ਤਰਫ਼ ਆਜ਼ਾਦੀ ਹੋਵੇ,
ਮੂਲ ਨਾ ਕੋਈ ਮੁਥਾਜੀ ਹੋਵੇ...



ਪ੍ਰੋ. ਮੋਹਨ ਸਿੰਘ

ਨਵੀ ਰੁੱਤ ਦੇ ਬੋਲ

ਮੁੰਡਾ ਮੋਰਚੇ 'ਤੇ ਬੋਲੀਆਂ ਪਾਵੇ
ਜੂਝਿਆਂ ਹੀ ਖੇਤ ਬਚਣੇ।

***

ਚੱਲ ਚੱਲੀਏ ਮੋਰਚੇ ਤੇ ਚੱਲੀਏ
ਲੋਕ ਗਾਇਕ 'ਵਾਜਾਂ ਮਾਰਦੇ।

***

ਰੰਗ ਮੰਚ ਤੇ ਲੋਕ ਇੱਕ ਹੋਏ
ਚਿੜੀਆਂ ਨੇ ਬਾਜ ਕੁੱਟਣੇ।

***

ਪੱਤ ਝੜ ਗਏ ਪੁਰਾਣੇ ਰੁੱਤ ਬਦਲੀ
ਨਵਿਆਂ ਦੀ ਰੁੱਤ ਆ ਗਈ।

***

ਦਿੱਲੀ ਭੂਤਰੀ ਵੈਲੀ ਦੀ ਖੰਘ ਖੰਘਦੀ
ਉੱਠੋ ਵੇ ਲੋਕੋ! ਅੜ ਭੰਨਣੀ।

***

ਬੱਚੇ, ਬੁੱਢੜੇ, ਜੁਆਨੀ ਮੱਲੇ ਮੋਰਚੇ
ਔਰਤਾਂ ਦੇ ਬੋਲ ਗੂੰਜਦੇ।

***

ਨਿੱਤ ਨਵੇਂ ਫੁੱਲ ਮੋਰਚੇ 'ਤੇ ਖਿੜਨੇ
ਦੁੱਲੇ ਭੱਟੀ ਕਿਤੇ ਨੀ ਗਏ।

***

ਨਵੇਂ ਰੰਗ ਦੇ ਦੁਸਹਿਰੇ ਤੇ ਦੀਵਾਲੀਆਂ
ਬਈ ਜੀ ਆਇਆਂ ! ਨਵੀਂ ਰੁੱਤ ਨੂੰ

ਅਮੋਲਕ ਸਿੰਘ

ਕੇਸ ਰਿਪੋਰਟ

ਦੌਰੇ ਦੰਦਲ : ਬੁੱਝੀ ਗੁੰਝਲ



ਚੰਨਣ ਵਾਂਦਰ

ਜ਼ਿੰਦਗੀ ਆਪਣੀ ਤੋਰ ਤੁਰਦੀ ਹੈ। ਰਿਸ਼ਤੇ, ਮੋਹ ਤੇਹ ਸਫਰ ਨੂੰ ਸੁਖਾਵਾਂ ਕਰਦੇ ਹਨ। ਮਨ ਆਪਣੀਆਂ ਇੱਛਾਵਾਂ ਪਾਲਦਾ ਹੈ। ਤੁਰਦਿਆਂ ਜੀਵਨ ਰਾਹ ਵਿੱਚ ਮੁਸਕਲਾਂ ਦਾ ਆਉਣਾ ਸੁਭਾਵਕ ਹੁੰਦਾ ਹੈ। ਅਗਵਾਈ ਨਾ ਮਿਲੇ, ਚੇਤਨਾ ਦਾ ਸਾਥ ਨਾ ਹੋਵੇ ਤਾਂ ਮਨੁੱਖ ਰਸਤਿਓਂ ਭਟਕ ਜਾਂਦਾ ਹੈ। ਭੁੱਲੀ ਭਟਕੀ ਜ਼ਿੰਦਗੀ ਘਰ ਪਰਿਵਾਰ ਦਾ ਚੈਨ ਖੋਹ ਲੈਂਦੀ ਹੈ। ਇਸੇ ਤਰ੍ਹਾਂ ਦਾ ਵਰਤਾਰਾ ਇੱਕ ਵਸਦੇ ਰਸਦੇ ਪਰਿਵਾਰ ਨਾਲ ਵਾਪਰਿਆ।

ਆਪ ਬੀਤੀ:

ਤਿੰਨ ਕੁ ਸਾਲ ਪਹਿਲਾਂ ਇੱਕ ਪਰਿਵਾਰ ਆਪਣੀ ਕਾਲਿਜ ਪੜ੍ਹਦੀ ਲੜਕੀ ਨੂੰ ਮਸ਼ਵਰਾ ਕੇਂਦਰ 'ਤੇ ਲੈ ਕੇ ਆਇਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਹ ਲੜਕੀ ਸਾਡੇ ਕੋਲ ਨਾਨਕੇ ਰਹਿੰਦੀ ਹੈ। ਅਸੀਂ ਇਸਨੂੰ ਛੋਟੀ ਹੁੰਦਿਆਂ ਗੋਦ ਲੈ ਲਿਆ ਸੀ। ਇਹ ਸਾਡੀ ਲਾਡਲੀ ਧੀ ਹੈ। ਆਪਣੇ ਪਿੰਡ ਦੇ ਪਬਲਿਕ ਸਕੂਲ ਵਿੱਚ ਪੜ੍ਹਨੇ ਪਾਇਆ। ਇਹ ਪੜ੍ਹਾਈ ਵਿੱਚ ਹੁਸ਼ਿਆਰ ਸੀ। ਇਸਨੇ ਬਾਰ੍ਹਵੀਂ ਕਲਾਸ ਬਹੁਤ ਵਧੀਆ ਨੰਬਰਾਂ ਨਾਲ ਪਾਸ ਕੀਤੀ ਹੈ। ਇਸ ਦੀ ਕਾਬਲੀਅਤ ਨੂੰ ਧਿਆਨ ਵਿੱਚ ਰਖਦਿਆਂ ਅਸੀਂ ਇਸਨੂੰ ਹਿਮਾਚਲ ਦੇ ਇੱਕ ਕਾਲਿਜ ਵਿੱਚ ਕੋਰਸ ਕਰਨ ਲਾਇਆ ਹੈ। ਚੰਗੀ ਭਲੀ ਪੜ੍ਹਦੀ ਸੀ। ਹੋਸਟਲ ਰਹਿੰਦੀ, ਨਾਲ ਦੀਆਂ ਸਹੇਲੀਆਂ ਨਾਲ ਮਿਲ ਬੈਠਦੀ। ਜਦ ਹੋਸਟਲ ਤੋਂ ਘਰ ਮੁੜਦੀ ਤਾਂ ਗੱਲਾਂ ਕਰਦੀ ਨਾ ਥਕਦੀ। ਪਿਛਲੇ ਛੇ ਕੁ ਮਹੀਨਿਆਂ ਤੋਂ ਇਸ ਦਾ ਵਰਤ ਵਿਹਾਰ ਬਦਲਣ ਲੱਗਾ। ਨਿਰਾਸ ਦਿਸਣ ਲੱਗੀ। ਜਦ ਅਸੀਂ ਉਦਾਸੀ ਦਾ ਕਾਰਣ ਪੁੱਛਦੇ ਤਾਂ ਰੋਣ ਲੱਗ ਜਾਂਦੀ। ਇੱਕ ਦਿਨ ਕਾਲਜ ਦੇ ਪ੍ਰੋਫੈਸਰ ਦਾ ਫੋਨ ਆਇਆ। ਉਹਨਾਂ ਲੜਕੀ ਦੀ ਵਧ ਰਹੀ ਬੇਚੈਨੀ ਤੇ ਪ੍ਰੇਸ਼ਾਨੀ ਬਾਰੇ ਦੱਸਿਆ ਤਾਂ ਅਸੀਂ ਇਸਨੂੰ ਘਰ ਲੈ ਆਏ।

ਭਟਕਣਾ:

ਘਰ ਆ ਕੇ ਦੋ ਚਾਰ ਦਿਨਾਂ ਬਾਅਦ ਇਹ ਬੇਹੋਸ ਹੋਣ ਲੱਗ ਪਈ। ਉੱਠਦੀ ਤਾਂ ਚੀਕਾਂ ਮਾਰਦੀ। ਰਾਤਾਂ ਨੂੰ ਡਰ ਡਰ ਉੱਠਦੀ। ਡਾਕਟਰ ਕੋਲ ਗਏ, ਦਵਾਈ ਲਈ ਪਰ ਕੋਈ ਆਰਾਮ ਨਾ ਆਇਆ। ਸਾਰੇ ਕਹਿਣ ਲੱਗੇ, ਇਹਨੂੰ ਡਾਕਟਰੀ ਬੀਮਾਰੀ ਨਹੀਂ ਹੈ। ਨੇੜਲੇ ਪਿੰਡ ਵਾਲੇ ਬਾਬੇ ਕੋਲ ਲੈ ਗਏ। ਉਸਨੇ ਆਪਣਾ ਇਲਾਜ ਸ਼ੁਰੂ ਕੀਤਾ। ਪਰ ਲੜਕੀ ਦੀ ਹਾਲਤ ਸੁਧਰਨ ਦੀ ਬਜਾਏ ਵਿਗੜਣ ਲੱਗੀ। ਡਰ ਵਧ ਗਿਆ। ਅੱਖਾਂ ਚੋਂ ਪਾਣੀ ਵਗਣ ਲੱਗ ਪਿਆ। ਫਿਰ ਲੁਧਿਆਣੇ ਵੱਡੇ ਹਸਪਤਾਲ ਤੋਂ ਇਸਦਾ ਇਲਾਜ ਸੁਰੂ ਕੀਤਾ। ਦੋ ਮਹੀਨੇ ਦਵਾਈ ਖਾਣ ਮਗਰੋਂ ਵੀ ਕੋਈ ਫਰਕ ਨਾ ਪਿਆ। ਵੱਡਾ ਡਾਕਟਰ ਕਹਿੰਦਾ, ਬੀਮਾਰੀ ਤਾਂ ਕੋਈ ਲਗਦੀ ਨਹੀਂ। ਲੜਕੀ ਮਨ 'ਤੇ ਕੋਈ ਬੋਝ ਲਈ ਫਿਰਦੀ ਹੈ।

ਸਾਡੇ ਕੋਲ ਫਿਰ ਚੇਲਿਆਂ ਕੋਲ ਜਾਣ ਦਾ ਰਾਹ ਹੀ ਬਚਿਆ ਸੀ। ਰਿਸ਼ਤੇਦਾਰਾਂ ਦੀ ਦੱਸ 'ਤੇ ਦੂਰ ਪਿੰਡ ਦੇ ਬਾਬੇ ਕੋਲ ਜਾਣ ਲੱਗੇ। ਉਹ ਲੜਕੀ ਦੇ ਇਲਾਜ ਲਈ ਸਾਡੇ ਘਰ ਵੀ ਆਇਆ। ਕਹਿੰਦਾ, ਲੜਕੀ ਜਲਦ ਠੀਕ ਹੋ ਜਾਵੇਗੀ। ਪਰ ਇਸ ਦੀ ਬੀਮਾਰੀ ਤਾਂ ਹੋਰ ਵੀ ਵਧ ਗਈ। ਰਾਤਾਂ ਨੂੰ ਉੱਠ ਕੇ ਰੋਣ ਲਗਦੀ। ਕਹਿੰਦੀ, ਮੈਨੂੰ ਕੋਈ ਬਿਰਧ ਨਵ ਔਰਤ ਦਿਸਦੀ ਹੈ। ਨਾਲ ਲਿਜਾਣ ਨੂੰ ਆਖਦੀ ਹੈ। ਦੇਰ ਰਾਤ ਤੱਕ ਜਾਗਦੀ ਹੈ। ਆਪਣੀ ਮੰਮੀ ਨੂੰ ਨਾਲ ਰੱਖਦੀ ਹੈ। ਚੈਨ ਨਹੀਂ ਮਿਲਦੀ ਇਸਨੂੰ। ਖਿਝਦੀ ਬਹੁਤ ਹੈ। ਭੁੱਖ, ਤੇਹ ਵੀ ਨਹੀਂ ਲਗਦੀ ਇਸਨੂੰ। ਇਸਦੇ ਇਲਾਜ 'ਤੇ ਬਹੁਤ ਪੈਸਾ ਖਰਚ ਕਰ ਦਿੱਤਾ ਅਸੀਂ, ਪਰ ਆਰਾਮ ਕਿਤੋਂ ਨਹੀਂ ਆਇਆ। ਹੁਣ ਥੱਕ ਹਾਰ ਕੇ ਤੁਹਾਡੀ ਦੱਸ ਪਈ ਹੈ ਤਾਂ ਤੁਹਾਡੇ ਪਾਸ ਆਏ ਹਾਂ।

ਜਾਂਚ ਪੜਤਾਲ:

ਪਰਿਵਾਰ ਮੈਂਬਰਾਂ ਤੋਂ ਮੁੜ ਹਾਸਲ ਕੀਤੀ ਜਾਣਕਾਰੀ ਅਨੁਸਾਰ ਪਤਾ ਲੱਗਾ ਕਿ ਲੜਕੀ ਦਾ ਆਪਣੀ ਨਾਨੀ ਨਾਲ ਬਹੁਤ ਮੋਹ ਸੀ। ਨਾਨੀ ਮਾਂ ਵੀ ਉਸਨੂੰ ਬਹੁਤ ਪਿਆਰ ਕਰਦੀ ਸੀ। ਨੌਂ ਕੁ ਮਹੀਨੇ ਪਹਿਲਾਂ ਨਾਨੀ ਮਾਂ ਦੀ ਅਚਾਨਕ ਮੌਤ ਹੋ ਗਈ। ਲੜਕੀ ਦੇ ਪੇਪਰ ਨੇੜੇ ਹੋਣ ਕਾਰਣ ਘਰਦਿਆਂ ਨੇ ਉਸਨੂੰ ਨਾਨੀ ਦੀ ਮੌਤ ਬਾਰੇ ਦੱਸਣਾ ਮੁਨਾਸਿਬ ਨਹੀਂ ਸਮਝਿਆ। ਨਾ ਹੀ ਅੰਤਿਮ ਰਸਮਾਂ ਤੇ ਭੋਗ ਬਾਰੇ ਲੜਕੀ ਨੂੰ ਕੁਸ ਦੱਸਿਆ। ਪੇਪਰ ਹੋਣ ਤੇ ਲੜਕੀ ਘਰ ਪਰਤੀ ਤਾਂ ਉਸਨੂੰ ਨਾਨੀ ਦੀ ਮੌਤ ਬਾਰੇ ਪਤਾ ਲੱਗਿਆ। ਮਨ ਨੂੰ ਠੇਸ ਲੱਗਣੀ ਕੁਦਰਤੀ ਸੀ। ਬਹੁਤ ਰੋਈ, ਸਾਡੇ ਨਾਲ ਗੁੱਸੇ ਵੀ ਹੋਈ ਤੇ ਹੌਲੀ ਹੌਲੀ ਆਹ ਦਿਨ ਆ ਗਏ।

ਮਸਲੇ ਦੀ ਤੰਦ:

ਮੈਂ ਆਪਣੇ ਸਾਥੀ ਰਾਜ ਮੱਲ੍ਹਾ ਨਾਲ ਕੇਸ ਬਾਰੇ ਕੁਝ ਚਰਚਾ ਕੀਤੀ ਤੇ ਸਾਰੇ ਮਾਮਲੇ ਦੀ ਇਸ ਤੰਦ ਨੂੰ ਫੜ੍ਹ ਲਿਆ। ਸਚਮੁੱਚ ਹੀ ਲੜਕੀ ਦਾ ਆਪਣੀ ਨਾਨੀ ਮਾਂ ਨਾਲ ਬਹੁਤ

ਸਨੇਹ ਸੀ। ਉਸਦੇ ਵਿਛੜ ਜਾਣ ਬਾਰੇ ਉਸਨੇ ਕਦੇ ਸੁਪਨੇ ਚ ਵੀ ਨਹੀਂ ਸੀ ਸੋਚਿਆ। ਪਿੰਡ ਪਰਤਣ ’ਤੇ ਨਾਨੀ ਮਾਂ ਬਾਰੇ ਸੁਣ ਕੇ ਉਸਨੂੰ ਗਹਿਰਾ ਸਦਮਾ ਲੱਗਾ। ਇਹ ਦੁੱਖ ਉਸਦੇ ਅਚੇਤ ਮਨ ਚ ਘਰ ਕਰ ਗਿਆ। ਜਿਸ ਵਿੱਚੋਂ ਉਸਦੇ ਵਰਤ ਵਿਹਾਰ ਵਿੱਚ ਤਬਦੀਲੀ ਤੇ ਡਰਨ, ਰੋਣ ਦੀਆਂ ਘਟਨਾਵਾਂ ਨੇ ਜਨਮ ਲਿਆ। ਦੰਦਲ ਦੌਰੇ ਵਕਤ ਕਿਸੇ ਬਿਰਧ ਔਰਤ ਦਾ ਦਿਸਣਾ ਤੇ ਨਾਲ ਲਿਜਾਣ ਲਈ ਕਹਿਣਾ ਨਾਨੀ ਦੇ ਵਿਛੋੜੇ ਵਿੱਚੋਂ ਉਪਜੇ ਦਰਦ ਸਦਕਾ ਸੀ।

ਕੌਂਸਲਿੰਗ:

ਲੜਕੀ ਨੂੰ ਬੁਲਾ ਕੇ ਪਹਿਲਾਂ ਉਸਦੀ ਨਾਨੀ ਮਾਂ ਦੀਆਂ ਗੱਲਾਂ ਛੇੜੀਆਂ। ਲੜਕੀ ਨੇ ਭਰੇ ਮਨ ਨਾਲ ਨਾਨੀ ਨੂੰ ਯਾਦ ਕੀਤਾ। ਜਦ ਮਨ ਹੌਲਾ ਹੋਇਆ ਤਾਂ ਮੈਂ ਉਸਨੂੰ ਜੀਵਨ, ਮੌਤ ਤੇ ਜਿਉਣ ਦੇ ਮਕਸਦ ਬਾਰੇ ਵਿਸਥਾਰ ਨਾਲ ਸਮਝਾਇਆ। ਉਸਨੇ ਵੀ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ। ਉਹ ਸਹਿਜੇ ਹੀ ਇਸ ਗੱਲ ’ਤੇ ਸਹਿਮਤ ਹੋ ਗਈ ਕਿ ਹੁਣ ਨਾਨੀ ਮਾਂ ਨੂੰ ਯਾਦ ਕਰਨ ਦਾ ਮਤਲਬ ਉਸਦੇ ਘਰ ਪਰਿਵਾਰ ਦੀ ਸੁਖ ਸਲਾਮਤੀ ਤੇ ਜ਼ਿੰਦਗੀ ਨੂੰ ਚੰਗੇਰੇ ਢੰਗ ਨਾਲ ਜਿਉਣਾ ਹੈ। ਆਪਣੇ ਲਈ ਵੀ ਤੇ ਹੋਰਾਂ ਦੇ ਭਲੇ ਲਈ ਵੀ। ਪਰਿਵਾਰ ਪ੍ਰਤੀ ਉਸਦੇ ਸਾਰੇ ਗਿਲੇ ਸ਼ਿਕਵੇ ਮੈਂ ਦੂਰ ਕਰ ਦਿੱਤੇ। ਦੰਦਲ, ਦੌਰੇ, ਕਸਰ ਬਾਰੇ ਲੜਕੀ ਨੂੰ ਸਭ ਸਾਫ ਸੀ, ਬੱਸ ਉਹ ਨਾਨੀ ਮਾਂ ਦੇ ਵਿਛੋੜੇ ਤੇ ਪਰਿਵਾਰ ਦੇ ਵਤੀਰੇ ਨੂੰ ਸਵੀਕਾਰ ਨਹੀਂ ਸੀ ਕਰ ਰਹੀ।

ਸੰਮੋਹਨ ਤੇ ਸੁਝਾਅ:

ਲੜਕੀ ਦੇ ਸਹਿਜ ਹੋਣ ’ਤੇ ਸੰਮੋਹਨ ਰਾਹੀਂ ਉਸਨੂੰ ਉਸਾਰੂ ਸੁਝਾਅ ਦਿੱਤੇ। ਪਰਿਵਾਰ ਨਾਲ ਮਿਲ ਕੇ ਰਹਿਣ ਤੇ ਸੁਖ ਦੁੱਖ ਵਿੱਚ ਹੌਂਸਲਾ ਰੱਖਣ ਲਈ ਸਮਝਾਇਆ। ਸੁਝਾਅ ਉਸਦੀਆਂ ਇੱਛਾਵਾਂ ਦੀ ਪੂਰਤੀ ਕਰਦੇ ਹੋਣ ਕਰਕੇ ਜਦ ਉਹ ਸੰਮੋਹਨ ਵਿੱਚੋਂ ਸੁਚੇਤ ਅਵਸਥਾ ਵਿੱਚ ਆਈ ਤਾਂ ਚਿਹਰੇ ਤੇ ਸੰਤੁਸ਼ਟੀ ਦੇ ਭਾਵ ਸਨ। ਉਸਨੂੰ ਪਰਿਵਾਰ ਮੈਂਬਰਾਂ ਨਾਲ ਗੱਲਬਾਤ ਕਰਨ ਲਈ ਭੇਜਿਆ ਤਾਂ ਸਾਰੇ ਉਸਦੀ ਸਹਿਜ, ਖੁਸ਼ੀ ਵਾਲੀ ਅਵਸਥਾ ਵੇਖ ਕੇ ਹੈਰਾਨ ਤੇ ਖੁਸ਼ ਹੋਏ। ਫਿਰ ਸਾਰੇ ਮੈਂਬਰਾਂ ਨੂੰ ਬੁਲਾ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ/ਵਰਤਾਰੇ ਰੋਕਣ ਲਈ ਸੁਝਾਅ ਦਿੱਤੇ ਗਏ। ਸਾਰਿਆਂ ਨੇ ਸਹਿਮਤੀ ਜਤਾਈ। ਅੱਜ ਕੱਲ੍ਹ ਉਹ ਲੜਕੀ ਬਿਲਕੁਲ ਨੌਂ ਬਰ ਨੌਂ ਆਪਣੀ ਪੜ੍ਹਾਈ ਪੂਰੀ ਕਰ ਰਹੀ ਹੈ।

ਮੁਖੀ, ਕ੍ਰਿਸ਼ਨ ਬਰਗਾੜੀ ਯਾਦਗਾਰੀ ਮਾਨਸਿਕ ਸਿਹਤ ਮਸਵਰਾ ਕੇਂਦਰ
ਬਰਗਾੜੀ (ਫਰੀਦਕੋਟ)
98143 37522

ਹੱਡ ਬੀਤੀ

ਚਮਤਕਾਰ

ਦਿਮਾਗੀ ਸੰਕਟ ਕਾਰਣ ਮੈਨੂੰ ਹਸਪਤਾਲ ਦਾਖਲ ਹੋਣਾ ਪਿਆ। ਹਾਲਤ ਗੰਭੀਰ ਹੋਣ ਕਰਕੇ ਆਈ.ਸੀ.ਯੂ. ਵਿੱਚ ਦਾਖਲ ਰਿਹਾ। ਉੱਠ ਕੇ ਚੌਥੇ ਦਿਨ ਹੀ ਤੁਰਨ ਫਿਰਨ ਲੱਗ ਪਿਆ। ਇੱਕ ਸਾਮ ਨੂੰ ਸੀਨੀਅਰ ਡਾਕਟਰ ਮੇਰੀ ਚੈੱਕ ਅੱਪ ਕਰਨ ਆਇਆ ਤਾਂ ਮੈਨੂੰ ਵੇਖ ਕੇ ਕਹਿਣ ਲੱਗਾ ਕਿ ਸਾਡੇ ਕੋਲ ਬ੍ਰੇਨ ਸਟਰੋਕ ਤੇ ਅਧਰੰਗ ਵਾਲੇ ਅਨੇਕਾਂ ਮਰੀਜ ਆਉਂਦੇ ਹਨ ਪਰ ਤੁਹਾਡੇ ਵਾਂਗ ਏਨੀ ਜਲਦੀ ਕਦੇ ਕਿਸੇ ਦੀ ਰਿਕਵਰੀ ਨਹੀਂ ਹੋਈ। ਡਾਕਟਰ ਨੇ ਇਹ ਵੀ ਕਿਹਾ ਕਿ ਤੁਸੀਂ ਮੇਰੀ ਨਜ਼ਰ ਵਿੱਚ ਪਹਿਲੇ ਵਿਅਕਤੀ ਹੋ ਜਿਹੜੇ ਪੂਰੀ ਤਰ੍ਹਾਂ ਤੰਦਰੁਸਤ ਹੋ ਰਹੇ ਹੋ। ਅਸੀਂ ਅਕਸਰ ਵੇਖਿਆ ਹੈ ਕਿ ਸਾਰੇ ਮਰੀਜਾਂ ਨੂੰ ਕਿਸੇ ਅੰਗ ਦੀ ਕੋਈ ਨਾ ਕੋਈ ਅਪੰਗਤਾ ਆ ਹੀ ਜਾਂਦੀ ਹੈ। ਡਾਕਟਰ ਦਾ ਕਹਿਣਾ ਸੀ ਕਿ ਤੁਹਾਡਾ ਏਨੀ ਛੇਤੀ ਪੂਰੀ ਤਰ੍ਹਾਂ ਠੀਕ ਹੋਣਾ ਤਾਂ ਚਮਤਕਾਰ ਹੀ ਹੈ। ਮੈਂ ਸੋਚ ਰਿਹਾ ਸਾਂ ਕਿ ਅਜੋਕੇ ਪੂੰਜੀਵਾਦੀ ਦੌਰ ਵਿੱਚ ਜਦ ਡਾਕਟਰੀ ਜਿਹਾ ਪਵਿੱਤਰ ਸਮਝਿਆ ਜਾਂਦਾ ਕਿੱਤਾ ਮੁਨਾਫੇਖੋਰ ਧੰਦੇ ਵਿੱਚ ਤਬਦੀਲ ਹੋ ਗਿਆ ਹੈ ਤਾਂ ਅਜਿਹੀਆਂ ਹਾਲਤਾਂ ਵਿੱਚ ਉੱਚੇ ਮਨੋਬਲ ਨਾਲ ਜ਼ਿੰਦਗੀ ਦੀ ਜੋਤ ਜਗਦੀ ਰੱਖਣਾ ਲੋਕ ਹਿਤੂ ਕੰਮ ਕਰਨ ਵਾਲਿਆਂ ਦੇ ਹਿੱਸੇ ਹੀ ਆਇਆ ਹੈ। ਚਮਤਕਾਰ ਤਾਂ ਅਗਾਂਹਵਧੂ ਸੋਚ ਤੇ ਉਸ ਆਦਰਸ਼ ਦਾ ਹੈ, ਜਿਸ ਨਾਲ ਤੁਰਦਿਆਂ ਜਿਉਣ ਦਾ ਜਜਬਾ ਲਟ ਲਟ ਜਗਦਾ ਰਹਿੰਦਾ ਹੈ।

ਲੈਕਚਰਾਰ ਬਲਵੰਤ ਸਿੰਘ

ਡਾ. ਕੁਲਦੀਪ ਸਿੰਘ ਧੀਰ ਦਾ ਵਿਛੋੜਾ

ਵਿਗਿਆਨ ਦੀਆਂ ਲੱਭਤਾਂ ਨੂੰ ਸੌਖੀ ਭਾਸ਼ਾ ਵਿੱਚ ਪੰਜਾਬੀ ਪਾਠਕਾਂ ਤੱਕ ਪੁੱਜਦਾ ਕਰਨ ਵਾਲੇ ਸ੍ਰੋਮਣੀ ਪੰਜਾਬੀ ਲੇਖਕ ਡਾ. ਕੁਲਦੀਪ ਸਿੰਘ ਧੀਰ ਨਹੀਂ ਰਹੇ। 40 ਤੋਂ ਵੱਧ ਪੁਸਤਕਾਂ ਦੇ ਲੇਖਕ ਡਾ. ਧੀਰ ਜੀਵਨ ਭਰ ਲੇਖਣ ਕਾਰਜ ਨਾਲ ਜੁੜੇ ਰਹੇ। ਵਿਗਿਆਨਕ ਚੇਤਨਾ ਨੂੰ ਲੋਕਾਂ ਦੀ ਸੋਚ ਦਾ ਹਿੱਸਾ ਬਣਾਉਣ ਲਈ ਉਹਨਾਂ ਦੇ ਕਲਮ ਬੇਰੋਕ ਚਲਦੀ ਰਹੀ। ਮਨੁੱਖ ਦੇ ਭਲੇ ਤੇ ਸਮਾਜ ਨੂੰ ਸੁਖਾਵੇਂ ਰੁਖ ਤੋਰਨਾ ਡਾ. ਧੀਰ ਦੀ ਲੇਖਣ ਕਲਾ ਦਾ ਉਦੇਸ਼ ਸੀ। ਉਹਨਾਂ ਆਪਣੀ ਵਿਲੱਖਣ ਲਿਖਣ ਸੈਲੀ ਨਾਲ ਪੰਜਾਬੀ ਪਾਠਕਾਂ ਦੇ ਮਨਾਂ ਵਿੱਚ ਚੇਤਨਾ ਦੇ ਬੀਜ ਬੀਜੇ।

ਵਿਗਿਆਨਕ ਸੋਚ ਨੂੰ ਲੋਕਾਂ ਤੱਕ ਲਿਜਾਣ ਤੇ ਅਗਿਆਨਤਾ, ਅੰਧਵਿਸਵਾਸਾਂ ਦੇ ਖਾਤਮੇ ਲਈ ਉਹਨਾਂ ਦੀਆਂ ਬੇਸਕੀਮਤੀ ਲਿਖਤਾਂ ਦਾ ਚਾਨਣ ਸਮਾਜ ਚ ਫੈਲਾਉਣ ਦੇ ਅਹਿਦ ਨਾਲ ਉਹਨਾਂ ਦੀ ਜੀਵਨ ਘਾਲਣਾ ਨੂੰ ਸਲਾਮ ਕਰਦੇ ਹਾਂ।

.... ਅਦਾਰਾ

ਬੰਦੇ ਦੀ ਕੁਦਰਤੀ ਉਮਰ



ਡਾ. ਸੁਰੇਸ਼ ਰਤਨ

ਇਸ ਤੋਂ ਪਹਿਲਾਂ ਅਸੀਂ ਗੱਲਬਾਤ ਕਰ ਚੁੱਕੇ ਹਾਂ ਕਿ ਮਨੁੱਖ ਦੀ ਪ੍ਰਜਾਤੀ (Species) ਨੂੰ ਅੱਗੇ ਜਾਰੀ ਰੱਖਣ ਲਈ ਜਰੂਰੀ ਜੀਵਨ ਅਵਧੀ (Essential life Span) 40 ਤੋਂ 50 ਸਾਲ ਵਿਚਕਾਰ ਹੈ।ਜ਼ਿੰਦਗੀ ਦੀ ਕਹਾਣੀ ਨੂੰ ਦੇਖਣ ਦਾ ਖੋਜੀਆਂ ਦਾ ਆਪਣਾ ਆਪਣਾ ਤਰੀਕਾ ਹੁੰਦਾ ਹੈ।ਸਨਾਤਨ ਹਿੰਦੂ ਧਰਮ ਵਿੱਚ ਮਨੁੱਖੀ ਜੀਵਨ ਨੂੰ ਚਾਰ ਪੜਾਵਾਂ ਵਿੱਚ ਵੰਡ ਕੇ ਚਾਰ ਆਸ਼ਰਮਾਂ ਦਾ ਨਾਮ ਦਿੱਤਾ ਗਿਆ ਹੈ।ਇਹ ਚਾਰ ਆਸ਼ਰਮ ਹਨ: ਬ੍ਰਹਮਚਾਰਿਆ ਆਸ਼ਰਮ, ਗ੍ਰਹਿਸਥ ਆਸ਼ਰਮ, ਵਾਣਪ੍ਰਸਥ ਆਸ਼ਰਮ ਅਤੇ ਸੰਨਿਆਸ ਆਸ਼ਰਮ।ਹਰੇਕ ਆਸ਼ਰਮ ਦਾ ਮਕਸਦ ਵਿਅਕਤੀਗਤ ਵਿਕਾਸ ਅਤੇ ਪੂਰਨਤਾ ਹੈ।



ਸ਼ੈਕਸਪੀਅਰ ਨੇ ਜ਼ਿੰਦਗੀ ਦੇ ਸੰਕਲਪ ਨੂੰ ਸੱਤ ਪੜਾਵਾਂ (Stages) ਵਿੱਚ ਪ੍ਰਦਰਸ਼ਿਤ ਕੀਤਾ ਹੈ: (Infancy) (ਬਾਲਪਣ ਦੀ ਆਰੰਭਿਕ ਅਵਸਥਾ) (School Period) (ਸਕੂਲ ਦੀ ਉਮਰ), Teenager (ਕਿਸ਼ੋਰ ਅਵਸਥਾ), Young (ਜਵਾਨੀ ਦੀ ਉਮਰ), Middle Aged (ਵਿਚਕਾਰਲੀ ਉਮਰ), Old Aged (ਬੁਢਾਪਾ), Dotage and Death (ਸਠਿਆਪਾ ਤੇ ਮੌਤ)

ਗੁਰਬਾਣੀ ਵਿੱਚ ਜੀਵਨ ਦੇ ਨੌਂ ਪੜਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਉਮਰ ਦੇ ਵੱਖ ਵੱਖ ਪੜਾਵਾਂ ਨੂੰ ਨੰਬਰਾਂ ਨਾਲ ਜੋੜਿਆ ਵੀ ਹੈ। ਫਿਰ ਇਸਤੋਂ ਅਗਲੀ ਅਵਸਥਾ ਸਿਰਫ ਮੌਤ ਵੱਲ ਦੀ ਹੈ, ਪਰ ਇੱਥੇ ਵੀ ਮਨੁੱਖ ਦੇ ਮਰਨ ਦਾ ਜ਼ਿਕਰ ਨਹੀਂ ਤੇ ਨਾ ਉਮਰ ਦਾ ਕੋਈ ਅੰਤਲਾ ਨੰਬਰ ਦਰਜ ਹੈ। ਵੱਖ ਵੱਖ ਸਭਿਆਚਾਰਾਂ, ਧਰਮਾਂ, ਫ਼ਿਲਾਸਫ਼ਰਾਂ, ਚਿੰਤਕਾਂ ਨੇ ਮਨੁੱਖ ਦੀ ਅੰਤਲੀ ਉਮਰ ਬਾਰੇ ਕਿਸੇ ਨੰਬਰ ਦਾ ਜ਼ਿਕਰ ਨਹੀਂ ਕੀਤਾ।

ਵਿਗਿਆਨਕ ਨਜ਼ਰੀਏ ਤੋਂ ਮਨੁੱਖੀ ਉਮਰ ਨੂੰ ਇਨ੍ਹਾਂ ਵੱਖ-ਵੱਖ ਪੜਾਵਾਂ ਵਿੱਚ ਵੰਡਿਆ ਗਿਆ ਹੈ:

1. ਜਨਮ ਤੋਂ ਪਹਿਲਾਂ ਦਾ ਪੜਾਅ: ਬੱਚਾ ਜਨਮ ਤੋਂ ਪਹਿਲਾਂ ਮਾਂ ਦੇ ਗਰਭ ਵਿੱਚ ਜੋ ਪ੍ਰਭਾਵ ਕਬੂਲਦਾ ਹੈ, ਉਸ ਦਾ ਪ੍ਰਭਾਵ ਬੱਚੇ ਉੱਪਰ ਸਾਰੀ ਉਮਰ ਪੈਂਦਾ ਰਹਿੰਦਾ ਹੈ।

2. ਵਾਧਾ ਅਤੇ ਵਿਕਾਸ ਉਮਰ (Growth and Development Age) : ਜਦੋਂ ਬੱਚਾ ਸਰੀਰਕ ਅਤੇ ਮਾਨਸਿਕ ਤੌਰ ਤੇ ਵਧਦਾ ਫੁੱਲਦਾ ਹੈ। ਉਸ ਦੇ ਅੰਗ ਵਿਕਸਿਤ ਹੁੰਦੇ ਹਨ।

3. ਪ੍ਰਜਨਨ ਸਮਰੱਥਾ ਦੀ ਉਮਰ (Reproductive Age) : ਜਦੋਂ ਵਿਕਸਿਤ ਹੋ ਕੇ ਉਹ ਬੱਚਾ ਪੈਦਾ ਕਰਨ ਦੇ ਸਮਰੱਥ ਹੋ ਜਾਂਦਾ ਹੈ।ਉਮਰ ਦਾ ਇਹ ਪੜਾਅ ਜਿਸ ਨੂੰ ਜ਼ਰੂਰੀ ਜੀਵਨ ਅਵਧੀ ਕਹਿੰਦੇ ਹਨ, 40-45 ਸਾਲਾਂ ਦੀ ਉਮਰ ਤੱਕ ਹੈ।

4. ਬੁਢਾਪਾ (Post Reproductive Age) : ਜਦੋਂ ਉਹ ਜ਼ਰੂਰੀ-ਜੀਵਨ-ਅਵਧੀ ਤੀਕਰ ਜਿਉਣ ਤੋਂ ਬਾਅਦ ਵੀ ਜਿਉਂਦਾ ਰਹਿੰਦਾ ਹੈ ਤਾਂ ਉਸ ਦਾ ਬੁਢਾਪਾ (Ageing) ਸ਼ੁਰੂ ਹੋ ਜਾਂਦਾ ਹੈ। ਤੁਹਾਡੇ ਲਈ ਇਹ ਗੱਲ ਹੈਰਾਨੀ ਭਰੀ ਹੋਵੇਗੀ ਕਿ ਵਿਗਿਆਨੀ 45 ਸਾਲ ਤੋਂ ਉੱਪਰ ਦੀ ਉਮਰ ਨੂੰ ਬੁਢਾਪੇ ਦੀ ਉਮਰ ਵਿੱਚ ਗਿਣਦੇ ਹਨ।

ਵਿਕਾਸ ਪ੍ਰਕਿਰਿਆ ਵੱਲੋਂ ਮਨੁੱਖ ਨੂੰ ਮਿਲੀ ਇਸ ਉਮਰ ਤੋਂ ਵੱਧ ਜਿਉਣਾ ਕੋਈ ਬੁਰੀ ਗੱਲ ਨਹੀਂ। ਸਗੋਂ ਇਹ ਤਾਂ ਮਨੁੱਖ ਦੀ ਇਕ ਪ੍ਰਾਪਤੀ ਕਹੀ ਜਾਂਦੀ ਹੈ। ਮੈ ਉਨ੍ਹਾਂ ਸਾਰੇ ਮਨੁੱਖਾਂ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਜਿਹੜੇ ਇਸ ਵੇਲੇ ਪੰਜਾਹ, ਸੱਠ, ਸੱਤਰ, ਅੱਸੀ ਜਾਂ ਇਸ ਤੋਂ ਉੱਪਰ ਦੀ ਤੰਦਰੁਸਤ ਉਮਰ ਬਿਤਾ ਰਹੇ ਹਨ।ਇੱਥੇ ਮੈਂ ਇੱਕ ਗੱਲ ਹੋਰ ਵੀ ਕਹਿਣਾ ਚਾਹੁੰਦਾ ਹਾਂ ਕਿ ਉਮਰ ਦੇ ਸਾਲਾਂ ਦੇ ਨੰਬਰ ਨਾਲ ਜੀਵਨ ਦੇ ਪੜਾਵਾਂ ਨੂੰ ਰਲਗੱਡ ਨਹੀਂ ਕੀਤਾ ਜਾ ਸਕਦਾ। ਮਿਸਾਲ ਦੇ ਤੌਰ ਤੇ ਮੈਂ ਪੈਂਹਟ ਸਾਲਾ ਦਾ ਹਾਂ ਅਤੇ ਮੰਨ ਲਓ ਮੈਂ ਇਕ ਵਧੀਆ ਡਾਂਸਰ ਹਾਂ।ਲੋਕ ਮੇਰੀ ਤਾਰੀਫ਼ ਕਰਦਿਆਂ ਕਹਿਣਗੇ, ਦੇਖੋ ਜੀ! ਸੁਰੇਸ਼ ਜੀ ਪੈਂਹਟ ਸਾਲ ਦੇ ਹੋ ਕੇ ਵੀ ਕਮਾਲ ਦੇ

ਡਾਂਸਰ ਹਨ। ਇੱਥੇ ਪ੍ਰਸ਼ਨ ਉੱਠਦਾ ਹੈ ਕਿ ਕੀ ਪੈਂਹਟ ਸਾਲ ਦਾ ਬੰਦਾ ਡਾਂਸ ਨਹੀਂ ਕਰ ਸਕਦਾ ? ਜੇ ਕੋਈ ਸੱਤਰਵੇਂ ਨੂੰ ਢੁੱਕੇ ਮਰਦ ਔਰਤ ਦੋਸਤੀ ਨਿਭਾ ਰਹੇ ਹਨ ਤਾਂ ਲੋਕੀਂ ਕਹਿਣਗੇ, ਦੇਖੋ ਜੀ ਸੱਤਰਾਂ ਦੇ ਹੋ ਕੇ ਵੀ ਇਹ ਜਵਾਨੀ ਜੇਹੀ ਦੋਸਤੀ ਨਿਭਾ ਰਹੇ ਹਨ।ਪ੍ਰਸ਼ਨ ਉੱਠਦਾ ਹੈ ਕਿ ਕੀ ਸੱਤਰ ਸਾਲਾਂ ਦੇ ਮਰਦ ਔਰਤਾਂ ਨੂੰ ਦੋਸਤੀ ਨਿਭਾਉਣ ਦਾ ਹੱਕ ਨਹੀਂ ਹੈ ?ਲੋਕਾਂ ਦੇ ਇਸ ਨਾਂਹ-ਪੱਖੀ ਰੁਝਾਨ ਨੂੰ ਉਮਰਵਾਦ (Ageism) ਕਹਿੰਦੇ ਹਨ। ਸਮਾਜ ਵਿੱਚ ਕੁੱਝ ਲੋਕਾਂ ਦਾ ਵਤੀਰਾ ਬੁੱਢੇ ਹੋ ਰਹੇ ਲੋਕਾਂ ਪ੍ਰਤੀ ਢਾਹੂ ਕਿਸਮ ਦਾ ਵੀ ਦੇਖਣ ਵਿੱਚ ਆਉਦਾ ਹੈ।

ਸਮਾਜ ਵਿੱਚ ਬੁਢਾਪੇ ਪ੍ਰਤੀ ਇਕ ਸਮਰਪਣ ਵਾਲੀ ਲਹਿਰ ਉਸਾਰਨ ਦੀ ਲੋੜ ਹੈ।ਮੈਂ ਇਕ ਗੱਲ ਹੋਰ ਸ਼ਪਸ਼ਟ ਕਰ ਦਿਆਂ ਕਿ ਸਾਡੇ ਸਰੀਰ ਵਿੱਚ ਕੇਵਲ ਜਿਉਣ ਦੀਆਂ ਸੰਭਾਵਨਾਵਾਂ ਮੌਜੂਦ ਹਨ, ਮਰਨ ਦੀਆਂ ਨਹੀਂ।ਸਾਡੇ ਅੰਦਰ ਕੋਈ ਘੜੀ ਨਹੀਂ ਜੋ ਦੱਸਦੀ ਹੋਵੇ ਕਿ ਮਨੁੱਖ ਦੀ ਸੰਭਾਵੀ ਜ਼ਿੰਦਗੀ ਕਿੰਨੀ ਕੁ ਹੈ ਜਾਂ ਐਨੀ ਉਮਰ ਲੰਘ ਗਈ ਅਤੇ ਐਨੀ ਬਾਕੀ ਰਹਿ ਗਈ।

ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਮੁਤਾਬਕ ਦੱਖਣੀ ਫਰਾਂਸ ਦੇ ਆਰਲੇਸ ਸ਼ਹਿਰ ਵਿਚ ਰਹਿੰਦੀ ਇਕ ਔਰਤ ਜੌਆਂ ਲੂਈ ਕੈਲਮਾਂ (Jeanne Luise Calment) ਸੀ, ਜੋ 122 ਸਾਲ ਦੀ ਉਮਰ ਭੋਗ ਕੇ 4 ਅਗਸਤ 1997 ਨੂੰ ਮਰ ਗਈ । ਉਹ ਸੰਸਾਰ ਵਿਚ ਸਭ ਤੋਂ ਵੱਧ ਉਮਰ ਭੋਗਕੇ ਮਰੀ ਸੀ ਜਿਸ ਦਾ ਅੱਜ ਤੱਕ ਰਿਕਾਰਡ ਹੈ। ਉਸ ਦੀ ਜ਼ਿੰਦਗੀ ਦੀ ਇੱਕ ਦਿਲਚਸਪ ਅਤੇ ਸੱਚੀ ਘਟਨਾ ਤੁਹਾਨੂੰ ਦੱਸਦਾ ਹਾਂ।ਸੰਨ 1965 ਵਿੱਚ ਜਦੋਂ ਉਹ ਨੱਬੇ ਸਾਲਾਂ ਦੀ ਸੀ, ਉਸ ਨੇ ਆਪਣਾ ਅਪਾਰਟਮੈਂਟ ਵੇਚਣ ਦੇ ਸਬੰਧ ਵਿੱਚ ਨੋਟਰੀ ਐਂਡਰੇ ਰਾਫਰੇ ਨਾਲ ਜੀਵਨ ਭਰ ਲਈ ਇਕ ਇਕਰਾਰਨਾਮੇ ’ਤੇ ਦਸਤਖਤ ਕੀਤੇ।ਜਾਇਦਾਦ ਦੀ ਬਣਦੀ ਕੀਮਤ ਤੋਂ ਅੱਧੀ ਕੀਮਤ ਵਿੱਚ ਵੇਚਣ ਨਾਲ ਇਹ ਸ਼ਰਤ ਸੀ ਕਿ ਮੈਡਮ ਕੈਲਮਾਂ ਨੂੰ ਮਰਨ ਤੱਕ ਇਸ ਅਪਾਰਟਮੈਂਟ ਵਿਚ ਰਹਿਣ ਦਾ ਪੂਰਾ ਅਧਿਕਾਰ ਹੋਵੇਗਾ।ਇਸ ਦੇ ਨਾਲ ਹੀ ਖ਼ਰੀਦਦਾਰ ਰਾਫਰੇ ਮੈਡਮ ਕੈਲਮਾਂ ਨੂੰ ਉਸ ਦੇ ਮਰਨ ਤੀਕ ਹਰ ਮਹੀਨੇ 2500 ਫਰਾਂਕ (Francs) ਦਾ ਗੁਜਾਰਾ ਭੱਤਾ ਵੀ ਦੇਵੇਗਾ। ਰਾਫਰੇ ਨੂੰ ਇਹ ਸੌਦਾ ਲਾਹੇਵੰਦ ਲੱਗਾ ਕਿ 90 ਸਾਲ ਦੀ ਔਰਤ ਆਖਰ ਕਿੰਨੇ ਕੁ ਸਾਲ ਹੋਰ ਜੀਵੇਗੀ। ਵਕੀਲ ਰਾਫਰੇ ਜ਼ਿੰਦਗੀ ਭਰ ਮੈਡਮ ਕੈਲਮਾਂ ਨੂੰ ਖ਼ਰਚਾ ਦੇਈ ਗਿਆ। ਖ਼ਰਚਾ ਦੇਂਦਾ ਦੇਂਦਾ ਹੀ ਸੰਨ 1995 ਵਿਚ ਉਹ ਮਰ ਗਿਆ। ਇਸ ਸਮੇਂ ਦੌਰਾਨ ਉਸ ਦੇ ਪੁੱਤਰ ਦੀ ਵੀ ਮੌਤ ਹੋ ਗਈ ਸੀ। ਪਰ ਮੈਡਮ ਕੈਲਮਾਂ ਔਸਤ ਉਮਰ ਦੇ ਅੰਕੜਿਆਂ ਨੂੰ ਚੁਣੌਤੀ ਦਿੰਦਿਆਂ 122 ਸਾਲ ਦੀ ਲੰਬੀ ਉਮਰ ਭੋਗ ਕੇ ਮਰੀ।

ਅਗਲਾ ਸਵਾਲ ਇਹ ਹੈ ਕਿ ਅਸੀਂ ਜ਼ਿੰਦਗੀ ਨੂੰ ਪ੍ਰੀਭਾਸ਼ਤ ਕਿਵੇਂ ਕਰੀਏ ? ਅਸੀਂ ਜਿਉਂਦੀਆਂ ਅਤੇ ਨਿਰਜੀਵ ਚੀਜ਼ਾਂ ਦੀ ਪਛਾਣ ਕਿਵੇਂ ਕਰਦੇ ਹਾਂ ? ਸਾਨੂੰ ਕਿਵੇਂ ਪਤਾ ਚੱਲਦਾ ਹੈ ਮੇਰੀ ਪੋਤਰੀ ਦਾ ਖਿਡੌਣਾ ਕੁੱਤੇ ਬਾਬਾ ਨਿਰਜੀਵ ਟੈਡੀਬੀਅਰ ਹੈ ਜਾਂ ਭੌਂਕਣ ਵਾਲਾ ਜਿਉਂਦਾ ਕੁੱਤਾ। ਸੰਕਲਪ ਨਿਰੰਤਰ ਸਮਝ ਆਈ ਜਾਣ ਅਤੇ ਗਲਬਾਤ ਸਮਝੋਂ ਬਾਹਰ ਨਾ ਹੋ ਜਾਵੇ ਇਸ ਲਈ ਮੈਂ ਬਾਇਆਲੋਜੀ ਦਾ ਇਕ ਆਧਾਰ ਬਣਾ ਲੈਣਾ ਚਾਹੁੰਦਾ ਹਾਂ।

ਅਸੀਂ ਕਹਿ ਸਕਦੇ ਹਾਂ ਕਿ ਜ਼ਿੰਦਗੀ ਰਸਾਇਣਾਂ ਦਾ ਇਕ ਸੁਮੇਲ ਹੈ। ਹੁਣ ਤੀਕ ਖੋਜੇ ਗਏ 118 ਤੱਤਾਂ ਵਿਚੋਂ ਵੀਹ ਦੇ ਕਰੀਬ ਤੱਤ ਸਾਡੇ ਸਰੀਰ ਅੰਦਰ ਪਾਏ ਜਾਂਦੇ ਹਨ।ਉਂਝ ਚਾਰ ਪ੍ਰਮੁੱਖ ਤੱਤ ਕਾਰਬਨ, ਹਾਈਡਰੋਜਨ, ਨਾਈਟਰੋਜਨ ਅਤੇ ਆਕਸੀਜਨ, ਸਾਡੇ ਸਰੀਰ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਜ਼ਿੰਦਗੀ ਨੂੰ ਅਸੀਂ ਇਸ ਤਰ੍ਹਾਂ ਪ੍ਰਭਾਸ਼ਿਤ ਕਰ ਸਕਦੇ ਹਾਂ: ਜ਼ਿੰਦਗੀ ਰਸਾਇਣਾਂ ਤੋਂ ਉਗਮਿਆ ਇਕ ਖ਼ਾਸਾ ਹੁੰਦੀ ਹੈ ਜੋ ਬਾਹਰੋਂ ਊਰਜਾ ਲੈ ਕੇ (ਧੁੱਪ, ਭੋਜਨ ਆਦਿ ਤੋਂ) ਉਸ ਨੂੰ ਆਪਣੇ ਅੰਦਰ ਇਸਤੇਮਾਲ ਕਰਕੇ, ਆਪਣੇ ਆਪ ਨੂੰ ਨਵਾਂ ਘੜਨ ਦੇ ਸਮਰੱਥ ਹੁੰਦੀ ਹੈ। ਇਸ ਤੋਂ ਉਲਟ ਨਿਰਜੀਵ ਵਸਤੂ ਟੁੱਟ ਭੱਜ ਦੀ ਮੁਰੰਮਤ ਕਰਨ ਦੇ ਯੋਗ ਨਹੀਂ ਹੁੰਦੀ ।ਉਸ ਕੋਲ ਸਾਂਭ-ਸੰਭਾਲ਼ ਕਰਨ ਦੇ ਗੁਣ ਨਹੀਂ ਹੁੰਦੇ।ਉਹ ਵਧਦੀ ਫੁਲਦੀ ਵੀ ਨਹੀਂ। ਅਸੀਂ ਬਾਹਰੋਂ ਭੋਜਨ ਅਤੇ ਊਰਜਾ ਲੈ ਕੇ ਉਸ ਨੂੰ ਸਰੀਰਕ ਅੰਗਾਂ ਦੀ ਕਾਰਜਸ਼ੀਲਤਾ ਲ਼ਈ ਇਸਤੇਮਾਲ ਕਰਦੇ ਹਾਂ ਅਤੇ ਆਪਣੀ ਰੋਗ ਪ੍ਰਤੀਰੋਧਤਾ (Immunity) ਨੂੰ ਬਣਾਈ ਰੱਖਦੇ ਹਾਂ। ਜਿਵੇਂ ਆਕਸੀਜਨ, ਧੁੱਪ ਅਤੇ ਭੋਜਨ ਆਦਿ ਸਾਡੇ ਜਿਉਂਦੇ ਰਹਿਣ ਲਈ ਜ਼ਰੂਰੀ ਹਨ। ਪਰ ਉਹੀ ਚੀਜ਼ਾਂ ਦੀ ਬਹੁਤਾਤ ਕਾਰਨ ਸਾਡੇ ਅੰਦਰ ਵੱਡੀ ਪੱਧਰ ’ਤੇ ਟੁੱਟ ਭੱਜ ਹੁੰਦੀ ਹੈ। ਸਾਨੂੰ ਨੁਕਸਾਨ ਵੀ ਪਹੁੰਚਦਾ ਹੈ।ਅਸੀਂ ਸਾਹ ਲੈਂਦੇ ਹਾਂ ਅਤੇ ਆਕਸੀਜਨ ਅੰਦਰ ਲੈ ਕੇ ਜਾਂਦੇ ਹਾਂ ਅਤੇ ਕਈ ਨਵੇਂ ਕੈਮੀਕਲ (Free Radicals) ਬਣਦੇ ਹਨ ਜਿਨ੍ਹਾਂ ਵਿਚੋਂ ਕਈ ਬਹੁਤ ਨੁਕਸਾਨਦੇਹ ਵੀ ਹਨ।ਜੇ ਸਾਡੇ ਕੋਲ ਇੰਨ੍ਹਾ ਰੈਡੀਕਲਾਂ ਨੂੰ ਉਦਾਸੀਨ ਕਰਨ ਦਾ ਗੁਣ ਨਹੀਂ ਤਾਂ ਇਹ ਰੈਡੀਕਲ ਸਾਡੇ ਲਈ ਮਾਰੂ ਵੀ ਹੋ ਸਕਦੇ ਹਨ। ਟੁੱਟੇ ਭੱਜੇ ਸੈੱਲਾਂ ਦੀ ਮੁਰੰਮਤ ਕਰਨ ਦੀ ਜੁਗਤ ਸਾਡੇ ਸਰੀਰ ਕੋਲ ਹੁੰਦੀ ਹੈ।

ਇੰਝ ਹੀ ਵਿਕਾਸ ਦਾ ਸਿਧਾਂਤ (Theory of Evolution) ਬਾਰੇ ਸਮਝਣਾ ਸਾਡੇ ਲਈ ਬੇਹੱਦ ਜਰੂਰੀ ਹੈ। ਅਸੀਂ ਥੋੜ੍ਹਾ-ਥੋੜ੍ਹਾ ਕਰਕੇ ਇਸ ਨੂੰ ਆਪਣੀ ਗੱਲਬਾਤ ਦੌਰਾਨ ਰੋਜ਼ ਸਮਝਦੇ ਜਾਵਾਂਗੇ। ਇਹ ਵਿਕਾਸ (Evolution) ਹੀ ਹੈ ਜਿਸ ਨੇ ਸਾਡੇ ਜਿਉਂਦੇ ਰਹਿਣ ਲਈ ਸਾਂਭ ਸੰਭਾਲ਼ ਦੇ ਬਹੁਤ ਸਾਰੇ

ਢੰਗ ਤਰੀਕੇ ਸਾਡੇ ਲਈ ਬਣਾਏ ਹਨ। ਹਾਲਾਂਕਿ ਜਿਉਂਦੇ ਰਹਿਣ ਲਈ ਪ੍ਰਸਥਿਤੀਆਂ ਐਨੀਆਂ ਸਧਾਰਨ ਅਤੇ ਸੁਖਾਲੀਆਂ ਨਹੀਂ ਹੁੰਦੀਆਂ। ਇਹ ਦੇਖ ਕੇ ਬੜੀ ਹੈਰਾਨੀ ਹੁੰਦੀ ਹੈ ਕਿ ਇਕ ਸੈਲ, ਸ਼ੁਕਰਾਣੂੰ ਅਤੇ ਆਂਡੇ ਦੇ ਮੇਲ ਤੋਂ ਸ਼ੁਰੂ ਹੋ ਕੇ ਨੌਂ ਮਹੀਨਿਆਂ ਪਿੱਛੋਂ ਮਨੁੱਖੀ ਪ੍ਰਜਾਤੀ ਦਾ ਬੱਚਾ ਜਨਮ ਲੈਂਦਾ ਹੈ।ਭਾਵੇਂ ਬਾਕੀ ਸਪੀਸੀਜ ਵੱਖ ਵੱਖ ਸਮਾਂ ਲੈਂਦੀਆਂ ਹਨ।ਇਹ ਬੜਾ ਹੀ ਗੁੰਝਲ਼ਦਾਰ ਵਰਤਾਰਾ ਹੈ।ਵਿਕਾਸ ਦੇ ਸਿਧਾਂਤ ਮੁਤਾਬਿਕ ਇਸ ਨੂੰ ਸਾਡੀ ਅੱਜ ਤੀਕ ਦੀ ਸਥਿਤੀ ਵਿੱਚ ਪਹੁੰਚਣ ਨੂੰ ਤਿੰਨ ਅਰਬ ਸਾਲ ਲੱਗ ਗਏ ਹਨ।ਜੇਕਰ ਵਿਕਾਸ ਦੀ ਪਰਕਿਰਿਆ ਨੇ ਸਾਡੇ ਜਿਉਂਦੇ ਰਹਿਣ ਲਈ ਏਨੀ ਸਾਂਭ ਸੰਭਾਲ ਦੇ ਪ੍ਰਬੰਧ ਕਰ ਹੀ ਦਿੱਤੇ ਹਨ ਤਾਂ ਪ੍ਰਕਿਰਤੀ ਨੇ ਏਦਾਂ ਕਿਉਂ ਨਹੀਂ ਬਣਾ ਦਿੱਤਾ ਕਿ ਉਤਪੰਨ ਜੀਵ ਹਮੇਸ਼ਾ-ਹਮੇਸ਼ਾ ਲਈ ਜਿਉਦੇ ਰਹਿਣ। ਉਮਰ ਨੂੰ ਸੀਮਤ ਕਰਨ ਲਈ ਸਾਡੇ ਅੰਦਰ ਕੋਈ ਨਾਂਹ-ਪੱਖੀ ਵਰਤਾਰਾ ਜਾਂ ਪ੍ਰੋਗਰਾਮ ਕੰਮ ਨਹੀਂ ਕਰ ਰਿਹਾ ਹੁੰਦਾ। ਪਰ ਹਰੇਕ ਸਪੀਸੀਜ ਦੀ ਉਮਰ ਤਾਂ ਸੀਮਤ ਹੁੰਦੀ ਹੈ। ਇੱਥੇ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਪ੍ਰਕਿਰਤੀ ਤੋਂ ਭਾਵ ਹੈ ਜੀਵ ਵਿਕਾਸ ਨਾ ਕਿ ਕੋਈ ਦੈਵੀ-ਸ਼ਕਤੀ। ਜੋ ਪ੍ਰੋਗਰਾਮ ਸਾਡੇ ਅੰਦਰ ਵਿਕਸਤ ਹੋਇਆ ਹੁੰਦਾ ਹੈ, ਉਹ ਜਿਉਣ ਲਈ ਜ਼ਰੂਰੀ ਹੁੰਦਾ ਹੈ।ਇਸ ਨੂੰ ਅਸੀਂ ਹੋਮੀਓਡਾਇਨੈਮਿਕ ਸਪੇਸ (Homeodynamic Space) ਕਹਿੰਦੇ ਹਾਂ। ਹੋਮੀਓਡਾਇਨੈਮਿਕ ਸਪੇਸ ਦਾ ਸੰਕਲਪ ਪਹਿਲੀ ਵਾਰੀ ਮੈਂ ਹੀ ਵਰਤਿਆ ਸੀ। ਅੱਜ ਇਹ ਖੋਜ ਜਗਤ 'ਚ ਆਮ ਵਰਤਿਆ ਜਾਂਦਾ ਹੈ। ਸਾਰੇ ਸੈਲਾਂ ਦਾ, ਸਾਰੇ ਕੈਮੀਕਲਜ਼ ਦਾ, ਸਾਰੇ ਟਿਸ਼ੂਜ਼ ਦਾ, ਸਾਰੇ ਅੰਗਾਂ ਦਾ, ਮਨ ਦਾ ਆਪਸ ਵਿਚ ਗਤੀਸ਼ੀਲ (ਡਾਇਨਿਮਿਕ) ਰਿਸ਼ਤਾ ਹੈ, ਇੱਕ ਦੂਜੇ ਨੂੰ ਇਹ ਇਸ ਤਰ੍ਹਾਂ ਪ੍ਰਭਾਵਤ ਕਰਦੇ ਹਨ ਕਿ ਕਿਸੇ ਨੂੰ ਵੀ ਅਸੀਂ ਖੜੋਤ ਵਿੱਚ ਨਹੀਂ ਮੰਨ ਸਕਦੇ। ਸਾਡੇ ਜਿਉਂਦੇ ਰਹਿਣ ਲਈ ਇਹ ਆਪਸੀ ਤਾਲਮੇਲ ਵਿਚ ਕੰਮ ਕਰਦੇ ਹਨ।

ਇਹ ਜਿਉਂਦੇ ਰਹਿਣ ਲਈ ਵਿਕਾਸ ਪ੍ਰਕਿਰਿਆ ਦੌਰਾਨ ਕਿਸੇ ਪ੍ਰਜਾਤੀ ਨੂੰ ਮਿਲੀ ਸ਼ਕਤੀ ਹੁੰਦੀ ਹੈ।ਹਰ ਪ੍ਰਜਾਤੀ ਦਾ ਬੱਚਾ ਇੱਕ ਘੱਟੋ-ਘੱਟ ਜਿਉਂਦੇ ਰਹਿਣ ਦੀ ਯੋਗਤਾ ਲੈ ਕੇ ਜੰਮਦਾ ਹੈ।ਇਸ ਨੂੰ ਇਕ ਗੋਲ ਚੱਕਰ ਵਾਹ ਕੇ ਵੀ ਸਮਝਿਆ ਜਾ ਸਕਦਾ ਹੈ।ਚੱਕਰ ਵਿਚਲੀ ਜਗ੍ਹਾ ਨੂੰ ਹੋਮੀਓ ਡਾਇਨਾਮਿਕ ਸਪੇਸ ਮੰਨ ਲਓ। ਬਾਕੀ ਬਾਹਰ ਦੀ ਜਗ੍ਹਾ ਇੱਕ ਤਰ੍ਹਾਂ ਨਾਲ ਖਤਰਿਆ ਭਰਿਆ ਆਲਾ ਦੁਆਲਾ ਹੈ। ਜਿਉਂ ਜਿਉਂ ਬੱਚਾ ਵੱਡਾ ਹੁੰਦਾ ਹੈ ਇਹ ਜਿਉਂਦੇ ਰਹਿਣ ਲਈ ਬਾਹਰਲੇ ਖਤਰਿਆਂ ਨਾਲ ਸਿੱਝਣ ਦੀ ਸਮਰੱਥਾ ਵਧਦੀ ਫੁੱਲਦੀ ਹੈ। ਜਵਾਨ ਉਮਰ ਵਿੱਚ ਪਹੁੰਚਣ ਤੀਕ ਇਹ ਸਮਰੱਥਾ ਸਿਖਰ 'ਤੇ ਪੁੱਜ ਜਾਂਦੀ ਹੈ ਤਾਂਕਿ ਇਹ ਆਪਣੀ ਅਗਲੀ ਪੀੜੀ ਨੂੰ ਜਨਮ ਦੇਕੇ ਆਪਣੀ ਪ੍ਰਜਾਤੀ ਨੂੰ ਚਲਦਾ ਰੱਖ ਸਕੇ। ਹੋਮੀਓਡਾਇਨਾਮਿਕ ਸਪੇਸ ਇਕ ਲੰਬਾ ਸਿਲਸਿਲਾ ਹੈ। ਜਿਵੇਂ ਕਿ ਜਦੋਂ ਡੀ.ਐਨ.ਏ. 'ਚ ਕਿਸੇ ਕਾਰਨ ਧੁੱਪ ਕਰਕੇ ਜਾਂ ਅੰਦਰੋਂ ਫਰੀ ਰੈਡੀਕਲਾਂ ਕਰਕੇ ਟੁੱਟ ਭੱਜ ਹੋ ਜਾਵੇ, ਤਾਂ ਕੋਈ ਦੋ ਸੌ ਤਰ੍ਹਾਂ ਦੇ ਰਸਾਇਣਕ ਪ੍ਰਬੰਧ ਇਸ ਟੁੱਟ ਭੱਜ ਦੀ ਮੁਰੰਮਤ ਲਈ ਆ ਜਾਂਦੇ ਹਨ।ਇਹ ਸਾਰੇ ਪ੍ਰਬੰਧ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਕਿ ਇੰਨ੍ਹਾ ਵਿੱਚੋਂ ਕਿਸੇ ਵਿੱਚ ਵੀ ਕੋਈ ਵੱਡੀ ਖ਼ਰਾਬੀ ਪ੍ਰਜਾਤੀ ਦੀ ਘੱਟੋ-ਘੱਟ ਜ਼ਰੂਰੀ ਜੀਵਨ ਅਵਧੀ ਤੀਕਰ ਤਾਂ ਨਾਂ ਆਵੇ।ਇਸ ਲਈ ਵੱਡੀਆਂ ਬਿਮਾਰੀਆਂ ਜਿਵੇਂ ਕੈਂਸਰ, ਪਾਰਕਿਨਸਨ, ਅਲਗਜਾਇਮਰ, ਡਾਈਬਿਟੀਜ ਬਗੈਰਾ ਅਕਸਰ (ਕੁਝ ਕੇਸਾਂ ਨੂੰ ਛੱਡ ਕੇ) 40-45 ਸਾਲ ਦੀ ਉਮਰ ਤੋਂ ਬਾਅਦ ਹੀ ਸਿਰ ਚੁੱਕਦੀਆਂ ਹਨ।ਵਿਕਾਸ ਪ੍ਰਕਿਰਿਆ ਨੇ ਸਰੀਰ ਅੰਦਰਲੇ ਵੱਖ-ਵੱਖ ਪ੍ਰਬੰਧਾਂ ਅਤੇ ਸੈਲਾਂ ਅੰਦਰਲੀ ਟੁੱਟ-ਭੱਜ ਦੀ ਸਾਂਭ ਸੰਭਾਲ ਦਾ ਇਹ ਸਿਲਸਿਲਾ ਉਸ ਪ੍ਰਜਾਤੀ ਦੀ ਹੋਂਦ ਬਣਾਈ ਰੱਖਣ ਲਈ ਜਿਉਂਦੇ ਰਹਿਣ ਦੀ ਘੱਟੋ ਘੱਟ ਉਮਰ ਤੱਕ ਜਾਰੀ ਰਹਿੰਦਾ ਹੈ। ਮਨੁੱਖ ਦੇ ਕੇਸ ਵਿੱਚ ਇਹ ਉਮਰ 40-45 ਸਾਲ ਹੈ। ਹੁਣ ਜੇਕਰ ਕਿਸੇ ਪ੍ਰਜਾਤੀ ਵਿੱਚ ਇਹ ਜਿਉਂਦੇ ਰਹਿਣ ਦਾ ਪ੍ਰਬੰਧ ਇਸ ਉਮਰ ਤੋਂ ਪਹਿਲਾਂ ਖਤਮ ਹੋਣਾ ਸ਼ੁਰੂ ਹੋ ਜਾਵੇ ਫਿਰ ਤਾਂ ਉਹ ਪ੍ਰਜਾਤੀ ਹੀ ਖਤਮ ਹੋ ਜਾਵੇਗੀ।

ਜਿਵੇਂ ਅਸੀਂ ਪਹਿਲਾਂ ਕਿਹਾ ਸੀ ਕਿ ਜੇਕਰ ਵਿਕਾਸ ਪ੍ਰਕਿਰਿਆ ਨੇ ਸਾਡੇ ਅੰਦਰ ਸਾਨੂੰ ਮਾਰਣ ਵਾਲਾ ਕੁਝ ਨਹੀਂ ਬਣਾਇਆ ਤਾਂ ਫਿਰ ਅਸੀਂ ਹੌਲੀ ਹੌਲੀ ਮਰਣ ਕਿਉਂ ਲੱਗਦੇ ਹਾਂ ? ਇਸਦਾ ਜੁਆਬ ਹੈ ਕਿ ਕੁਦਰਤ ਸੰਪੂਰਨਤਾ ਵਿੱਚ ਯਕੀਨ ਨਹੀਂ ਕਰਦੀ। ਪ੍ਰਕਿਰਤੀ ਦੇ ਸਾਰੇ ਵਰਤਾਰੇ ਅਪੂਰਨ ਅਤੇ ਤਰੁੱਟੀਪੂਰਣ ਹਨ। ਜੇ ਹਰ ਵਰਤਾਰਾ ਸੰਪੂਰਨ ਹੋਵੇ ਫਿਰ ਤਾਂ ਉਸ ਵਿੱਚ ਤਬਦੀਲੀ ਆਵੇ ਹੀ ਨਾ।ਜੇ ਸਭ ਤੋਂ ਪਹਿਲਾਂ ਬੈਕਟੀਰੀਆ ਤੇ ਉਸਦੇ ਸਾਰੇ ਸਿਸਟਮ ਠੀਕ ਕੰਮ ਕਰਦੇ ਰਹਿੰਦੇ ਫਿਰ ਤਾਂ ਵਿਕਾਸ ਪ੍ਰਕਿਰਿਆ ਸ਼ੁਰੂ ਹੀ ਨਾ ਹੁੰਦੀ।ਹਰ ਚੀਜ ਬਦਲਦੀ ਹੈ। ਵਿਕਸਿਤ ਹੋਣ ਲਈ ਤਬਦੀਲੀ ਆਉਣੀ ਜ਼ਰੂਰੀ ਹੁੰਦੀ ਹੈ।ਉਸ ਤਬਦੀਲੀ ਨੂੰ ਹੋਮੀਓਡਾਇਨਾਮਿਕ ਸਪੇਸ ਸਾਂਭਣ ਦੇ ਸਮਰੱਥ ਹੁੰਦਾ ਹੈ।ਵਿਕਾਸ ਵਾਸਤੇ ਇਹ ਜ਼ਰੂਰੀ ਹੈ ਕਿ ਜੀਵ ਪ੍ਰਬੰਧ ਅਤੇ ਸਾਂਭ ਸੰਭਾਲ ਪ੍ਰਬੰਧ ਅਪੂਰਨ ਹੋਣ।ਨਹੀਂ ਤਾਂ ਨਵੀਂ ਕੋਈ ਪ੍ਰਜਾਤੀ ਕਦੀ ਬਣ ਹੀ ਨਹੀਂ ਸਕੇਗੀ।

ਮੈਂ ਕਈ ਵਾਰ ਜਦੋਂ ਮਾਈਕ੍ਰੋਸਕੋਪ 'ਤੇ ਬੈਠਦਾ ਹਾਂ।ਮੈ ਕੋਸ਼ਿਕਾਵਾਂ ਅੰਦਰ ਕਿੰਨੀਆਂ ਕਮੀਆਂ, ਤਰੁੱਟੀਆਂ, ਟੁੱਟ ਭੱਜ ਅਤੇ ਅਧੂਰਾਪਣ ਵਿੰਹਦਾ ਹਾਂ।ਫਿਰ ਵੀ ਕੋਸ਼ਿਕਾਵਾਂ ਜਿਉਂਦੀਆਂ

...ਬਾਕੀ ਪੰਨਾ 46 'ਤੇ

ਸਾਡੇ ਸਮਿਆਂ ਵਿੱਚ...
(ਲੜੀਵਾਰ)

ਜੇਲ੍ਹਾਂ 'ਚ ਬੰਦ ਬੁੱਧੀਜੀਵੀ



ਤਰਸੇਮ ਲਾਲ ਧੂਰੀ

ਪ੍ਰੋ. ਅਨੰਦ ਤੇਲਤੁੰਮਡੇ :



ਪ੍ਰੋ:ਅਨੰਦ ਤੇਲਤੁੰਮਡੇ 1951 ਵਿੱਚ ਮਹਾਰਾਸ਼ਟਰ ਦੇ ਯਵਤਮਾਲ ਜ਼ਿਲ੍ਹੇ ਦੇ ਪਿੰਡ ਰਾਜੂਰ ਵਿਖੇ ਦਲਿਤ ਪਰਿਵਾਰ ਵਿੱਚ ਪੈਦਾ ਹੋਏ। ਅੱਠ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਆਨੰਦ ਨੇ ਵਿਸਵੇਸਵਾਰਿਆ ਨੈਸ਼ਨਲ ਇੰਸਟੀਚਿਊਟ ਤੋਂ ਬੀ.ਟੈਕ., ਆਈ.ਆਈ.ਐਮ. ਅਹਿਮਦਾਬਾਦ ਤੋਂ ਐਮ.ਬੀ.ਏ. ਕੀਤੀ। ਉਹਨਾਂ ਯੂਨੀਵਰਸਿਟੀ ਆਫ ਮੁੰਬਈ ਤੋਂ ਪੀ.ਐਚ.ਡੀ. ਕੀਤੀ। ਉਹਨਾਂ ਨੂੰ ਕਰਨਾਟਕ ਸਟੇਟ ਓਪਨ ਯੂਨੀਵਰਸਿਟੀ ਨੇ ਡੀ. ਲਿਟ. ਦੀ ਡਿਗਰੀ ਦੇ ਕੇ ਸਨਮਾਨਿਤ ਕੀਤਾ।

ਉਹਨਾਂ ਦੀ ਸ਼ਾਦੀ ਬੀ.ਆਰ. ਅੰਬੇਦਕਰ ਦੀ ਪੋਤੀ ਰਮਾ ਤੇਲਤੁੰਮਡੇ ਨਾਲ ਹੋਈ। ਉਹਨਾਂ ਦੇ ਦੋ ਬੱਚੇ ਪ੍ਰਾਚੀ ਅਤੇ ਰਸ਼ਮੀ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਉਹਨਾਂ ਭਾਰਤ ਪੈਟਰੋਲੀਅਮ ਵਿੱਚ ਸੀ.ਈ.ਓ ਦੇ ਤੌਰ 'ਤੇ ਅਤੇ ਪੈਟਰੋਨੈਟ ਇੰਡੀਆ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਦੇ ਤੌਰ 'ਤੇ ਕੰਮ ਕੀਤਾ। ਉਹ ਆਈ.ਆਈ.ਟੀ. ਖੜਗਪੁਰ ਦੇ ਬਿਜ਼ਨਿਸ ਵਿਭਾਗ ਦੇ ਪ੍ਰੋਫੈਸਰ ਰਹੇ। ਅੱਜ ਕੱਲ੍ਹ ਗੋਆ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਸੀਨੀਅਰ ਪ੍ਰੋਫੈਸਰ ਦੇ ਤੌਰ 'ਤੇ ਕੰਮ ਕਰ ਰਹੇ ਸਨ।

ਉਹ ਬਹੁਤ ਹੀ ਗੰਭੀਰ ਵਿਸ਼ਿਆਂ 'ਤੇ ਗੰਭੀਰ ਲੇਖਣ ਕਰਦੇ ਹਨ। ਉਹ ਵਿਸ਼ਵ ਪ੍ਰਸਿੱਧ ਮੈਗਜ਼ੀਨ 'ਇਕਨੌਮਿਕ ਐਂਡ ਪੁਲਿਟੀਕਲ ਵੀਕਲੀ' ਵਿੱਚ 'ਮਾਰਜਿਨ ਸਪੀਕ' ਕਾਲਮ ਅਧੀਨ ਲਗਾਤਾਰ ਲਿਖਦੇ ਆ ਰਹੇ ਹਨ। ਉਹ ਅੰਗਰੇਜ਼ੀ ਦੇ ਪ੍ਰਸਿੱਧ ਮੈਗਜ਼ੀਨਾਂ ਆਊਟ ਲੁੱਕ, ਤਹਿਲਕਾ, ਮੇਨਸਟਰੀਮ ਅਤੇ ਫਰੰਟੀਅਰ ਲਈ ਵੀ ਲਿਖਦੇ ਆ ਰਹੇ ਹਨ। ਉਹਨਾਂ ਦੀਆਂ ਦਰਜਨ ਦੇ ਕਰੀਬ ਛਪੀਆਂ ਪੁਸਤਕਾਂ ਦਲਿਤ ਇਤਿਹਾਸ ਅਤੇ ਦਲਿਤ ਸਮਾਜ ਦਾ ਵਿਲੱਖਣ ਵਿਸ਼ਲੇਸ਼ਣ ਹਨ। ਉਹਨਾਂ ਦੀ 500 ਪੇਜ ਦੀ ਹੁਣੇ ਆਈ ਪੁਸਤਕ "ਦਾ ਰੈਡੀਕਲ ਇਨ ਅੰਬੇਦਕਰ" ਅਤੇ "ਰਿਪਬਲਿਕ ਆਫ ਕਾਸਟ" ਵਿਸ਼ਵ ਸਾਹਿਤ ਅੰਦਰ ਚਰਚਾ ਦਾ ਵਿਸ਼ਾ ਹਨ। ਉਹ ਬਹੁਤ ਸਾਰੀਆਂ ਵਿਚਾਰ ਗੋਸ਼ਟੀਆਂ ਵਿੱਚ ਬੁਲਾਰੇ ਦੇ ਤੌਰ 'ਤੇ ਬੁਲਾਏ ਜਾਂਦੇ ਹਨ। ਉਹ ਸਿਵਲ ਰਾਈਟਸ ਲਈ ਸੰਘਰਸ਼ ਕਰਨ ਵਾਲੇ ਕਾਰਕੁੰਨ ਵਜੋਂ ਜਾਣੇ ਜਾਂਦੇ ਹਨ।

ਭੀਮਾ ਕੋਰੇਗਾਓ ਕੇਸ ਵਿੱਚ ਅਤੇ ਪ੍ਰਧਾਨ ਮੰਤਰੀ ਨੂੰ ਮਾਰਣ ਦੀ ਸਾਜਿਸ਼ ਵਿੱਚ ਹਿੰਦੂਤਵੀ ਦੋਸ਼ੀਆਂ ਨੂੰ ਬਚਾਉਣ ਲਈ (ਜਿਹਨਾਂ ਦਲਿਤਾਂ ਦੇ ਇਸ ਸਲਾਨਾ ਮੇਲੇ ਵਿੱਚ ਖਲਲ ਪਾਉਣ ਦੇ ਇਰਾਦੇ ਨਾਲ ਹਿੰਸਾ ਕਰਵਾਈ) ਬੁੱਧੀਜੀਵੀਆਂ ਨੂੰ ਅਰਬਨ ਨਕਸਲ ਅਤੇ ਮਾਓਵਾਦੀ ਸਮਰਥਕ ਪ੍ਰਚਾਰ ਕੇ ਨਿਸ਼ਾਨਾ ਬਣਾਇਆ ਗਿਆ। ਇਸ ਤਰ੍ਹਾਂ ਦੇ ਦੋਸ਼ਾਂ ਨਾਲ ਵੱਖ ਵੱਖ ਕੇਸਾਂ ਵਿੱਚ ਉਲਝਾਉਣਾ ਸੌਖਾ ਹੋ ਜਾਂਦਾ ਹੈ। 29 ਅਗਸਤ 2018 ਨੂੰ ਇਨਾ ਦੇ ਘਰ ਦੀ ਛਾਣਬੀਣ ਕਰਕੇ ਲੈਪਟਾਪ ਅਤੇ ਹੋਰ ਦਸਤਾਵੇਜ ਕਬਜੇ ਵਿੱਚ ਲਏ ਗਏ। ਪਹਿਲਾਂ ਬੰਬੇ ਹਾਈ ਕੋਰਟ ਵੱਲੋਂ ਗ੍ਰਿਫਤਾਰੀ ਤੋਂ ਸੁਰੱਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਪਰ ਬਾਅਦ ਵਿੱਚ ਰਾਹਤ ਦੇ ਦਿੱਤੀ ਗਈ। ਪੂਨੇ ਪੁਲਿਸ ਵੱਲੋਂ 3 ਫਰਵਰੀ 2019 ਨੂੰ ਗ੍ਰਿਫਤਾਰ ਕਰਕੇ ਤੰਗ ਪ੍ਰੇਸ਼ਾਨ ਕਰਨ ਦੀ ਕੋਸ਼ਿਸ ਕੀਤੀ ਗਈ ਪਰ ਸ਼ਾਮ ਤੱਕ ਛੱਡ ਦਿੱਤਾ ਗਿਆ। 16 ਮਾਰਚ 2020 ਨੂੰ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਰੱਦ ਕਰ ਦਿੱਤੀ ਗਈ ਅਤੇ ਤਿੰਨ ਹਫਤੇ ਵਿੱਚ ਐਨ.ਆਈ.ਏ. ਅੱਗੇ ਪੇਸ਼ ਹੋਣ ਲਈ ਕਿਹਾ ਗਿਆ। 8 ਅਪ੍ਰੈਲ ਨੂੰ ਜਸਟਿਸ ਅਰੁਨ ਮਿਸ਼ਰਾ ਅਤੇ ਇੰਦਰਾ ਬੈਨਰਜੀ ਦੇ ਬੈਂਚ ਨੇ 14 ਅਪ੍ਰੈਲ ਤੱਕ ਪੇਸ਼ੀ ਦੀ ਮੁਹਲਤ ਦਿੱਤੀ। ਕਰੋਨਾ ਕਾਲ ਸਮੇਂ ਜੇਲ੍ਹਾਂ ਦੀ ਅਣ ਮਨੁੱਖੀ ਹਾਲਤ ਬਾਰੇ ਜਾਣਦੇ ਹੋਏ ਵੀ ਉੱਚ ਕੋਟੀ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕਰਨ ਦੀ ਇਸ ਸਾਜਿਸ਼ ਬਾਰੇ ਬੀ ਆਰ ਅੰਬੇਦਕਰ ਦੇ ਪੋਤਰੇ ਅਤੇ ਅਨੰਦ ਤੇਲਤੁੰਮਡੇ ਦੇ ਰਿਸ਼ਤੇਦਾਰ ਪ੍ਰਕਾਸ ਅੰਬੇਦਕਰ ਇਸ ਨੂੰ ਦਲਿਤਾਂ ਦੀ ਅਵਾਜ਼ ਬੁਲੰਦ ਕਰਨ ਵਾਲਿਆਂ ਨੂੰ ਚੁੱਪ ਕਰਾਉਣ ਦੀ ਸਰਕਾਰੀ ਸਾਜਿਸ਼ ਕਹਿੰਦੇ ਹਨ ਤਾਂ ਜੋ ਦਲਿਤਾਂ, ਘੱਟ ਗਿਣਤੀਆਂ ਅਤੇ ਵੰਚਿਤ ਸਮੂਹਾਂ ਲਈ ਅਵਾਜ਼ ਬੁਲੰਦ ਕਰਨ ਵਾਲੇ ਲੋਕਾਂ ਨੂੰ ਚੁੱਪ ਕਰਵਾਇਆ ਜਾ ਸਕੇ। ਉਹਨਾਂ ਐਨ.ਆਈ.ਏ. ਦੀ ਕਾਰਜ ਸ਼ੈਲੀ 'ਤੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ।

ਸੰਸਾਰ ਪ੍ਰਸਿੱਧ ਵਿਦਵਾਨਾਂ, ਚੰਗੀ ਸਮਝ ਵਾਲੇ ਚਿੰਤਕਾਂ ਨੂੰ ਗ੍ਰਿਫਤਾਰ ਕਰਕੇ ਸਰਕਾਰ ਚੰਗੇ ਵਿਚਾਰਾਂ ਨੂੰ, ਚੰਗੀ ਸੋਚ ਨੂੰ ਦਬਾ ਰਹੀ ਹੈ।

ਅਰੁਨ ਫਰੇਰਾ :

ਅਰੁਨ ਫਰੇਰਾ ਦਾ ਜਨਮ ਮੁੰਬਈ ਦੇ ਇੱਕ ਸਰਦੇ



ਪੁੱਜਦੇ ਘਰ ਬਾਂਦਰਾ ਦੇ ਇਸਾਈ ਪਰਿਵਾਰ ਵਿੱਚ ਹੋਇਆ। ਅਰੁਨ ਦਾ ਮਾਮਾ ਪਾਦਰੀ ਸੀ। ਉਸਦਾ ਪੱਕਾ ਵਿਸ਼ਵਾਸ ਸੀ ਕਿ ਚਰਚ ਸਮਾਜਿਕ ਨਿਆਂ ਦੀ ਪ੍ਰਾਪਤੀ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਅੱਸੀਂ ਵਿਆਂ ਤੱਕ ਪੁੱਜਦੇ-ਪੁੱਜਦੇ ਐਮਰਜੈਂਸੀ ਤੋਂ ਬਾਅਦ "ਸਰਬ ਭਾਰਤੀ ਕੈਥੋਲਿਕ ਯੂਨੀਵਰਸਿਟੀ ਫੈਡਰੇਸ਼ਨ" ਨਾਲ ਜੁੜੇ ਬਹੁਤ ਸਾਰੇ ਨੌਜਵਾਨ ਟਰੇਡ ਯੂਨੀਅਨਾਂ ਅਤੇ ਮਨੁੱਖੀ ਅਧਿਕਾਰਾਂ ਦੀਆਂ ਜਥੇਬੰਦੀਆਂ ਨਾਲ ਰਲ ਕੇ ਕੰਮ ਕਰਨ ਲੱਗੇ। ਅਰੁਨ ਫਰੇਰਾ ਉਹਨਾਂ ਵਿੱਚੋਂ ਇੱਕ ਸੀ।

ਉਸਨੇ ਸੇਂਟ ਜੇਂਵੀਅਰ ਕਾਲਜ ਮੁੰਬਈ ਤੋਂ ਸਿੱਖਿਆ ਪ੍ਰਾਪਤ ਕੀਤੀ। ਉਸ ਸਮੇਂ ਤੱਕ ਉਸ ਵਿੱਚ ਸਮਾਜਿਕ ਚੇਤਨਾ ਵਿਕਸਤ ਹੋ ਚੁੱਕੀ ਸੀ। ਕਾਲਜ ਵਿੱਚ ਉਸਨੇ ਕੈਨਟੀਨ ਦੇ ਕਾਮਿਆਂ ਨੂੰ ਚੰਗੀਆਂ ਕੰਮ ਦੀਆਂ ਹਾਲਤਾਂ ਲਈ ਸੰਘਰਸ਼ ਕਰਨ ਲਈ ਪ੍ਰੇਰਿਆ। ਕਾਲਜ ਤੋਂ ਬਾਅਦ ਉਹ ਮੁੰਬਈ ਦੀਆਂ ਝੁੱਗੀਆਂ ਝੌਂਪੜੀਆਂ ਵਿੱਚ ਕੰਮ ਕਰਨ ਲੱਗਿਆ। ਫਿਰ ਵਿਧਰਵਾ ਦੇ ਕਾਮਿਆਂ ਵਿੱਚ ਚੰਗੀ ਪਛਾਣ ਬਣਾ ਲਈ।

2007 ਵਿੱਚ ਉਸਨੂੰ ਵੱਖ ਵੱਖ ਦੋਸ਼ਾਂ ਅਧੀਨ ਗ੍ਰਿਫਤਾਰ ਕਰ ਲਿਆ ਗਿਆ। ਜੇਲ੍ਹ ਅਤੇ ਪੁਲਿਸ ਹਿਰਾਸਤ ਵਿੱਚ ਉਸ ਨੂੰ ਬਹੁਤ ਸਾਰੇ ਜਬਰ, ਨਾਰਕੋ ਟੈਸਟਾਂ, ਅੰਡਾ ਸੈਲ, ਜੇਲ੍ਹ ਦੀ ਇਕੱਲਤਾ, ਅਫਸਰਾਂ ਦੇ ਵਿਵਹਾਰ ਬਾਰੇ ਬਹੁਤ ਕੁੱਝ ਜਾਨਣ ਨੂੰ ਮਿਲਿਆ। ਉਸ ਨੂੰ ਚਿੱਤਰ ਬਨਾਉਣ ਦਾ ਸ਼ੌਕ ਹੈ। ਜੇਲ੍ਹ ਵਿੱਚ ਉਹ ਫਾਲਤੂ ਕਾਗਜ ਲੱਭ ਕੇ, ਉਹਨਾਂ ਉੱਪਰ ਜੇਲ੍ਹ ਦੀ ਜ਼ਿੰਦਗੀ ਦੇ ਸਕੈਚ ਚਿੱਤਰਦਾ ਰਹਿੰਦਾ। ਇਸ ਤਰ੍ਹਾਂ ਉਸਨੇ 40 ਦੇ ਕਰੀਬ ਸਕੈਚ ਤਿਆਰ ਕੀਤੇ ਜੋ ਉਸ ਵੱਲੋਂ ਜੇਲ੍ਹ ਜ਼ਿੰਦਗੀ ਵਾਰੇ ਲਿਖੀ ਪੁਸਤਕ 'ਪਿੰਜਰੇ ਦੇ ਰੰਗ' ਵਿੱਚ ਮੌਜੂਦ ਹਨ। (ਇਹ ਕਿਤਾਬ ਪੰਜਾਬੀ ਵਿੱਚ ਮੇਰੇ ਵੱਲੋਂ ਅਨੁਵਾਦ ਕੀਤੀ ਗਈ ਹੈ।) ਸਾਰੇ ਕੇਸਾਂ ਵਿੱਚੋਂ ਬਰੀ ਹੋਣ ਤੋਂ ਬਾਅਦ ਜਦੋਂ ਉਹ ਸਾਰਾ ਸਮਾਨ ਸਾਥੀ ਕੈਦੀਆਂ ਵਿੱਚ ਵੰਡ ਵੰਡਾਈ ਕਰਨ ਤੋਂ ਬਾਅਦ ਜੇਲ੍ਹ ਦੇ ਗੇਟ 'ਤੇ ਪਹੁੰਚਦਾ ਹੈ ਤਾਂ ਬੇਨੰਬਰੀ ਗੱਡੀ ਵਿੱਚ ਸਫੈਦ ਕੱਪੜਿਆਂ ਵਿੱਚ ਚਾਰ ਪੰਜ ਲੋਕ ਉਸ ਨੂੰ ਚੁੱਕ ਕੇ ਲੈ ਜਾਂਦੇ ਹਨ ਅਤੇ ਮੁੜ ਤਸ਼ੱਦਦ, ਪੇਸ਼ੀਆਂ, ਮੁਲਾਕਾਤਾਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਕੇਸ ਪਾਇਆ ਜਾਂਦਾ ਹੈ ਕਿ ਉਸਨੇ ਜੇਲ੍ਹ ਵਿੱਚ ਰਹਿਣ ਸਮੇਂ ਦੌਰਾਨ ਰੇਲ ਗੱਡੀ ਨੂੰ ਅੱਗ ਲਗਾਈ ਅਤੇ ਧਮਾਕੇ ਕੀਤੇ। ਆਖਰਕਾਰ ਇਹਨਾਂ ਸਾਰੇ ਝੂਠੇ ਕੇਸਾਂ ਵਿੱਚੋਂ ਜਨਵਰੀ 2012 ਵਿੱਚ ਪੂਰੇ ਚਾਰ ਸਾਲ ਅੱਠ ਮਹੀਨੇ ਜੇਲ੍ਹ ਵਿੱਚ ਬੰਦ ਰਹਿਣ ਤੋਂ ਬਾਅਦ ਬਾਹਰ ਆਏ।

ਪਤਨੀ ਸਥਾਨਕ ਕਾਲਜ ਵਿੱਚ ਪੜ੍ਹਾਉਂਦੀ ਹੈ। ਮਾਂ ਬਾਪ ਬਿਰਧ ਹਨ। ਬੱਚੇ ਛੋਟੇ ਹਨ। ਅਕਸੈ, ਜੋ ਰਿਹਾਈ ਸਮੇਂ 7 ਸਾਲ ਦਾ ਸੀ, ਜਦੋਂ ਪੁੱਛਦਾ ਹੈ, "ਪਾਪਾ ਤੁਸੀਂ ਵਾਪਸ ਕਦੋਂ ਜਾਵੋਂਗੇ ?" ਤਾਂ ਸਭ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ।

ਅਰੁਨ ਆਪਣੇ ਦੋਸਤਾਂ ਨਾਲ ਮਿਲਕੇ ਸੀ.ਪੀ.ਡੀ.ਆਰ. (ਕਮੇਟੀ ਫਾਰ ਪ੍ਰੋਟੈਕਸ਼ਨ ਆਫ਼ ਡੈਮੋਕਰੇਟਿਕ ਰਾਈਟਸ) ਅਤੇ ਆਈ.ਏ.ਪੀ.ਐਲ (ਇੰਡੀਅਨ ਐਸੋਸੀਏਸ਼ਨ ਆਫ ਪੀਪਲਜ਼ ਲਾਇਰਜ਼) ਬਣਾਕੇ ਦਲਿਤਾਂ, ਆਦਿਵਾਸੀਆਂ, ਵੰਚਿਤ ਸਮੂਹਾਂ ਅਤੇ ਘੱਟ ਗਿਣਤੀਆਂ ਦੇ ਕੇਸਾਂ ਦੀ ਪੈਰਵੀ ਕਰਦੇ ਹਨ ਅਤੇ ਉਹਨਾਂ ਦੇ ਜਮਹੂਰੀ ਹੱਕਾਂ ਲਈ ਸੰਘਰਸ਼ ਲਾਮਬੰਦ ਕਰਦੇ ਰਹਿੰਦੇ ਹਨ। ਸੱਤਾ ਉਹਨਾਂ ਨੂੰ ਅਜਿਹੇ ਕੰਮਾਂ ਤੋਂ ਹਟਾਉਣ ਦਾ ਹਰ ਹੀਲਾ ਖੋਜਦੀ ਰਹਿੰਦੀ ਹੈ।

ਇਸ ਲਈ ਭੀਮਾ ਕੋਰੇਗਾਓ ਸਾਜਿਸ਼ ਕੇਸ ਅਤੇ ਪ੍ਰਧਾਨ ਮੰਤਰੀ ਨੂੰ ਮਾਰਣ ਦੀ ਸਾਜਿਸ਼ ਵਾਲੇ ਕੇਸ ਵਿੱਚ "ਅਰਬਨ ਨਕਸਲਾਂ" ਦੀ ਸ਼੍ਰੇਣੀ ਵਿੱਚ ਅਰੁਨ ਫਰੇਰਾ ਦੇ ਘਰ ਵੀ 28/29 ਅਗਸਤ ਨੂੰ ਛਾਪੇ ਮਾਰੇ ਗਏ ਅਤੇ ਕੁੱਝ ਸਮਾਂ ਹਾਊਸ ਅਰੈਸਟ ਰੱਖਣ ਤੋਂ ਬਾਅਦ ਪੂਨੇ ਪੁਲਿਸ ਵੱਲੋਂ 27 ਅਕਤੂਬਰ 2018 ਨੂੰ ਉਹਨਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਇਸ ਪ੍ਰਬੰਧ ਅੰਦਰ ਅਮੀਰ ਗਰੀਬ ਵਿੱਚ ਖਾਈ ਦਿਨੋ ਦਿਨ ਹੋਰ ਡੂੰਘੀ ਹੋ ਰਹੀ ਹੈ। ਵੰਚਿਤ ਸਮੂਹਾਂ ਨੂੰ ਮਿਲਦੇ ਨਿਗੂਣੇ ਸੰਵਿਧਾਨਕ ਹੱਕਾਂ ਤੋਂ ਵੀ ਸਰਕਾਰਾਂ ਪਾਸਾ ਵੱਟ ਰਹੀਆਂ ਹਨ। ਮੁੜ ਉਹਨਾਂ ਨੂੰ ਹੀ ਦੋਸ਼ੀ ਬਨਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅਜਿਹੇ ਫਾਸ਼ੀ ਤੌਰ ਤਰੀਕਿਆਂ ਵਾਲੇ ਦੌਰ ਅੰਦਰ ਪੜ੍ਹੇ ਲਿਖੇ ਬੁੱਧੀਜੀਵੀਆਂ, ਚਿੰਤਕਾਂ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ, ਵਕੀਲਾਂ, ਪੱਤਰਕਾਰਾਂ, ਲੇਖਕਾਂ, ਰਿਸਰਚ ਸਕਾਲਰਾਂ ਨੂੰ, ਜੋ ਸੱਤਾ ਦੀ ਹਾਂ ਵਿੱਚ ਹਾਂ ਨਹੀਂ ਭਰਦੇ, ਦੋਸ਼ੀ ਕਰਾਰ ਦੇ ਕੇ ਜੇਲ੍ਹਾਂ ਵਿੱਚ ਤੁੰਨਣ ਦੀ ਇਹ ਸੱਤਾਧਾਰੀ ਲੋਕਾਂ ਦੀ ਨੀਤੀ ਦੇਸ਼ ਦੇ ਲਈ, ਸਮਾਜ ਲਈ ਘਾਤਕ ਹੈ। ਇਸ ਵਿਰੁੱਧ ਅਵਾਜ਼ ਬੁਲੰਦ ਕੀਤੀ ਹੀ ਜਾਣੀ ਚਾਹੀਦੀ ਹੈ ਤਾਂ ਜੋ ਅਜਿਹਾ ਨਾ ਹੋਵੇ ਜਦੋਂ ਸਾਡੇ ਲਈ ਆਉਣ ਤਾਂ ਬੋਲਣ ਵਾਲਾ ਕੋਈ ਨਾ ਰਹੇ।

94632-18707

ਇਕਾਈ ਪਟਿਆਲਾ ਨੂੰ ਆਰਥਿਕ ਸਹਾਇਤਾ

1.	ਪ੍ਰਿੰ. ਸੋਹਣ ਗੁਪਤਾ	500
2.	ਲਾਲ ਚੰਦ ਸਿਰਸੀਵਾਲਾ, ਵੈਟਰਨਰੀ ਇੰਸਪੈਕਟਰ (ਸੇਵਾ ਮੁਕਤੀ 'ਤੇ)	1000



ਸਾਡੇ ਸੱਚ ਕਿੰਨੇ ਕੁ ਸੱਚ

ਯੂਵਾਲ ਨੋਆਹ ਹਰਾਰੀ

ਬਥੇਰੇ ਲੋਕ ਇਹ ਖੁਸ਼ੀ ਨਾਲ ਮੰਨ ਲੈਣਗੇ ਕਿ ਪ੍ਰਾਚੀਨ ਯੂਨਾਨੀ ਦੇਵਤੇ, ਦੁਸ਼ਟ ਸਾਮਰਾਜ ਅਤੇ ਬਾਹਰਲੇ ਸਭਿਆਚਾਰਾਂ ਦੀਆਂ ਕਦਰਾਂ-ਕੀਮਤਾਂ ਸਿਰਫ਼ ਕਲਪਨਿਕ ਗੱਲਾਂ ਹਨ। ਪਰ ਅਸੀਂ ਇਹ ਮੰਨਣ ਨੂੰ ਤਿਆਰ ਨਹੀਂ ਹੋਵਾਂਗੇ ਕਿ 'ਸਾਡਾ ਰੱਬ', 'ਸਾਡਾ ਰਾਸ਼ਟਰ', ਜਾਂ 'ਸਾਡੀਆਂ ਆਪਣੀਆਂ ਕਦਰਾਂ-ਕੀਮਤਾਂ' ਵੀ ਗ਼ਲਪ ਮਾਤਰ ਹਨ।

ਅਰਥ ਉਦੋਂ ਸਿਰਜਿਆ ਜਾਂਦਾ ਹੈ ਜਦੋਂ ਅਨੇਕਾਂ ਲੋਕ ਕਹਾਣੀਆਂ ਦਾ ਇੱਕ ਸਾਂਝਾ ਜਾਲ਼ ਬੁਣ ਲੈਂਦੇ ਹਨ। ਕਿਉਂ ਕੋਈ ਵਿਸ਼ੇਸ ਕੰਮ ਜਿਵੇਂ ਧਾਰਮਿਕ ਸਥਾਨ ਵਿਚ ਵਿਆਹ ਕਰਵਾਉਣਾ-ਸਾਨੂੰ ਅਰਥਪੂਰਣ ਲੱਗਦਾ ਹੈ, ਕਿਉਂਕਿ ਮੇਰੇ ਮਾਪੇ ਵੀ ਇਸ ਨੂੰ ਅਰਥਪੂਰਣ ਸਮਝਦੇ ਸਨ, ਮੇਰੇ ਭਰਾ, ਮੇਰੇ ਗੁਆਂਢੀ, ਨੇੜਲੇ ਸ਼ਹਿਰਾਂ ਦੇ ਲੋਕ ਇਥੋਂ ਤੀਕ ਕਿ ਦੂਰ ਮੁਲਕਾਂ ਵਿਚ ਰਹਿੰਦੇ ਲੋਕ ਵੀ ਇਸ ਨੂੰ ਅਰਥਪੂਰਣ ਸਮਝਦੇ ਹਨ। ਅਤੇ ਇਹ ਸਾਰੇ ਲੋਕ ਇਨ੍ਹਾਂ ਕੰਮਾਂ ਨੂੰ ਕਿਉਂ ਅਰਥਪੂਰਣ ਸਮਝਦੇ ਹਨ ? ਕਿਉਂਕਿ ਇਨ੍ਹਾਂ ਦੇ ਦੋਸਤ-ਮਿੱਤਰ ਅਤੇ ਗਵਾਂਢੀ ਵੀ ਇੰਝ ਹੀ ਕਰਦੇ ਹਨ। ਇਸ ਤਰ੍ਹਾਂ ਲੋਕ ਇੱਕ ਦੂਜੇ ਦੇ ਵਿਸ਼ਵਾਸ਼ ਨੂੰ ਹੋਰ ਪੱਕਾ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਅਰਥਾਂ ਦਾ ਜਾਲ ਹੋਰ ਕਸਿਆ ਜਾਂਦਾ ਹੈ ਜਦੋਂ ਤੀਕ ਇਸ ਸਭ ਨੂੰ ਮੰਨਣ ਤੋਂ ਇਲਾਵਾ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ।

ਪਰ ਦਹਾਕਿਆਂ ਅਤੇ ਸਦੀਆਂ ਮਗਰੋਂ ਜਦ ਇਹ ਭਰਮ-ਜਾਲ਼ ਉਧੜਦਾ ਹੈ ਤਾਂ ਇਸ ਦੀ ਥਾਂ ਨਵਾਂ ਜਾਲ਼ ਬੁਣਿਆ ਜਾਣਾ ਸ਼ੁਰੂ ਹੋ ਜਾਂਦਾ ਹੈ। ਇਤਿਹਾਸ ਅਧਿਐਨ ਦਾ ਮਤਲਬ ਇਨ੍ਹਾਂ ਜਾਲਾਂ ਦੇ ਬੁਨਣ ਅਤੇ ਉਧੜਣ ਨੂੰ ਸਮਝਣਾ ਹੁੰਦਾ ਅਤੇ ਇਹ ਵੀ ਸਮਝਣਾ ਹੁੰਦਾ ਹੈ ਕਿ ਕਿਸੇ ਸਮੇਂ ਜੋ ਕੁੱਝ ਲੋਕਾਂ ਨੂੰ ਬਹੁਤ ਮਹੱਤਵਪੂਰਣ ਲਗਦਾ ਹੈ, ਉਸ ਦੀਆਂ ਅਗਲੀਆਂ ਪੀੜ੍ਹੀਆਂ ਲਈ ਉਹ ਬਿਲਕੁਲ ਅਰਥਹੀਣ ਹੋ ਜਾਂਦਾ ਹੈ।

ਸੰਨ 1187 ਵਿਚ (ਮੁਸਲਿਮ ਹਾਕਮ) ਸਲਾਦੀਨ ਨੇ (ਈਸਾਈ) ਧਰਮੀ ਫ਼ੌਜ ਨਾਲ ਹਟੀਨ (ਨੇੜਲੇ ਇਕ ਜਵਾਲਮੁਖੀ ਦਾ ਨਾਂ) ਦੀ ਲੜਾਈ ਜਿੱਤ ਕੇ ਯਰੂਸ਼ਲਮ 'ਤੇ ਕਬਜਾ ਕਰ ਲਿਆ। ਜਵਾਬ ਵਿਚ ਪੋਪ ਨੇ ਇਹ ਪਵਿੱਤਰ ਸ਼ਹਿਰ ਵਾਪਿਸ ਲੈਣ ਲਈ ਤੀਸਰੇ ਧਰਮ-ਯੁੱਧ ਦਾ ਐਲਾਨ ਕਰ ਦਿੱਤਾ। ਕਲਪਨਾ ਕਰੋ ਕਿ ਜੌਨ ਨਾਂ ਦਾ ਇੱਕ ਅੰਗਰੇਜ਼ ਨੌਜਵਾਨ ਸਲਾਦੀਨ ਨਾਲ ਯੁੱਧ ਕਰਨ ਲਈ ਘਰੋਂ ਰਵਾਨਾ ਹੁੰਦਾ ਹੈ। ਜੌਨ ਨੂੰ ਭਰੋਸਾ ਸੀ ਕਿ ਉਸਦਾ ਫੈਸਲਾ ਬਹੁਤ ਅਰਥਪੂਰਣ ਹੈ। ਉਸਨੂੰ ਇਹ ਵੀ ਯਕੀਨ ਸੀ ਕਿ ਜੇਕਰ ਉਹ ਧਰਮ-ਯੁੱਧ ਵਿਚ ਮਾਰਿਆ ਵੀ ਗਿਆ ਤਾਂ ਮੌਤ ਦੇ ਬਾਅਦ ਉਸ ਦੀ ਰੂਹ ਸਿੱਧੀ ਸੁਰਗਾਂ ਨੂੰ ਜਾਵੇਗੀ ਜਿੱਥੇ ਇਹ ਸਦਾ ਸਦਾ ਲਈ ਅਨੰਦ ਮਾਣੇਗੀ। ਜੇ ਉਹ ਇਹ ਜਾਣ ਲੈਂਦਾ ਤਾਂ ਉਸ ਨੇ ਭੈਅ-ਭੀਤ ਹੋ ਜਾਣਾ ਸੀ ਕਿ 'ਰੂਹ' ਅਤੇ 'ਸੁਰਗ' ਮਨੁੱਖਾਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਹਨ। ਜੌਨ ਨੂੰ ਪੂਰਾ ਵਿਸ਼ਵਾਸ਼ ਸੀ ਕਿ ਜੇਕਰ ਉਹ ਪਵਿੱਤਰ ਭੂਮੀ (ਯਰੂਸ਼ਲਮ) 'ਤੇ ਅੱਪੜ ਗਿਆ ਅਤੇ ਕਿਸੇ ਮੁਸਲਿਮ ਯੋਧੇ ਨੇ ਉਸ ਦੇ ਸਿਰ ਵਿਚ ਕੁਹਾੜੀ ਮਾਰ ਦਿੱਤੀ, ਉਸ ਦੇ ਬਹੁਤ ਪੀੜ ਹੋਵੇਗੀ, ਉਸ ਦੀਆਂ ਲੱਤਾਂ ਕੰਬਣਗੀਆਂ, ਉਸ ਦੀਆਂ ਅੱਖਾਂ ਮੂਹਰੇ ਹਨੇਰਾ ਛਾ ਜਾਵੇਗਾ ਅਤੇ ਅਗਲੇ ਹੀ ਖਿਣ ਉਸ ਦੇ ਗਿਰਦ ਚਮਕਦਾਰ ਰੌਸ਼ਨੀ ਫ਼ੈਲ ਜਾਵੇਗੀ, ਉਸ ਨੂੰ ਰੱਬ ਦੇ ਦੂਤਾਂ ਅਤੇ ਮਧੁਰ ਰਬਾਬਾਂ ਦੀਆਂ ਆਵਾਜ਼ਾਂ ਸੁਨਣ ਲੱਗਣਗੀਆਂ ਅਤੇ ਸੋਹਣੇ ਖੰਭਾਂ ਵਾਲੇ ਨੰਨ੍ਹੇ ਦੂਤ ਉਸ ਨੂੰ ਸ਼ਾਨਦਾਰ ਸੁਨਹਿਰੇ ਦਰਵਾਜ਼ਿਆਂ ਵਿਚ ਦੀ (ਸੁਰਗ) ਲੈ ਜਾਣਗੇ।

ਜੌਨ ਨੂੰ ਇਸ ਸਭ ਵਿੱਚ ਡੂੰਘਾ ਭਰੋਸਾ ਸੀ ਕਿਉਂਕਿ ਉਹ ਅਰਥਾਂ ਦੇ ਤਾਕਤਵਰ ਸੰਘਣੇ ਜਾਲ਼ ਵਿੱਚ ਲਿਪਤ ਸੀ। ਉਸ ਦੀ ਸਭ ਤੋਂ ਪੁਰਾਤਨ ਯਾਦ ਕਿਲ੍ਹੇ ਦੇ ਹਾਲ ਵਿੱਚ ਲਮਕਦੀ ਦਾਦੇ ਹੈਨਰੀ ਦੀ ਜੰਗਾਲ਼ੀ ਤਲਵਾਰ ਸੀ। ਜਦ ਉਹ ਬੱਚਾ ਹੀ ਸੀ ਤਾਂ ਉਸਨੇ ਆਪਣੇ ਦਾਦੇ ਹੈਨਰੀ ਦੀਆਂ ਕਹਾਣੀਆਂ ਸੁਣੀਆਂ ਸਨ ਜੋ ਦੂਜੇ ਧਰਮ-ਯੁੱਧ ਵਿੱਚ ਮਾਰਿਆ ਗਿਆ ਸੀ ਅਤੇ ਜੋ ਹੁਣ ਸੁਰਗਾਂ ਵਿੱਚ ਜੌਨ ਅਤੇ ਉਸਦੇ ਪਰਿਵਾਰ ਨੂੰ ਤਕਦਾ ਹੋਇਆ ਫਰਿਸ਼ਤਿਆਂ ਕੋਲ ਆਰਾਮ ਫ਼ਰਮਾ ਰਿਹਾ ਹੈ। ਜਦ ਢਾਡੀ ਕਿਲ੍ਹੇ ਵਿੱਚ ਆਉਂਦੇ, ਉਹ ਉਨ੍ਹਾਂ ਯੋਧਿਆਂ ਦੀ ਬਹਾਦਰੀ ਦੇ ਗੀਤ ਗਾਉਂਦੇ ਜੋ ਪਵਿੱਤਰ ਭੂਮੀ ਲਈ ਧਰਮ-ਯੁੱਧ ਲੜਦੇ ਮਾਰੇ ਗਏ। ਜਦੋਂ ਜੌਨ ਚਰਚ ਵਿੱਚ ਗਿਆ ਤਾਂ ਰੰਗੀਨ ਸ਼ੀਸ਼ਿਆਂ ਨਾਲ ਬਣੀਆਂ ਤਸਵੀਰਾਂ ਵੇਖ ਕੇ ਖੁਸ਼ ਹੁੰਦਾ ਹੈ। ਇਨ੍ਹਾਂ ਵਿੱਚੋਂ ਇੱਕ ਤਸਵੀਰ ਵਿੱਚ ਇੱਕ ਈਸਾਈ ਯੋਧੇ ਨੂੰ ਘੋੜੇ 'ਤੇ ਚੜ੍ਹੇ ਹੋਏ ਅਤੇ ਨੇਜੇ 'ਤੇ ਮੁਸਲਮਾਨ ਦੇ ਟੰਗੇ ਹੋਏ ਸਿਰ ਨਾਲ ਵਿਖਾਇਆ ਗਿਆ ਹੈ। ਕੁੱਝ ਤਸਵੀਰਾਂ ਵਿੱਚ ਨਰਕਾਂ ਵਿੱਚ ਬਲਦੀਆਂ ਪਾਪੀਆਂ ਦੀਆਂ ਰੂਹਾਂ ਨੂੰ ਦਰਸਾਇਆ ਗਿਆ

ਹੈ। ਜੱਾਨ ਸਥਾਨਕ ਪੁਜਾਰੀ ਨੂੰ ਧਿਆਨ ਨਾਲ ਸੁਣਦਾ ਹੈ ਜਿਸ ਨੂੰ ਉਹ ਸਭ ਤੋਂ ਵਿਦਵਾਨ ਮੰਨਦਾ ਹੈ। ਲਗਪਗ ਹਰ ਐਤਵਾਰ ਇਹ ਪੁਜਾਰੀ ਦਿਲਚਸਪ ਘੜੀਆਂ ਕਹਾਣੀਆਂ ਅਤੇ ਗੁਦਗੁਦਾਉਣ ਵਾਲੇ ਚੁਟਕਲਿਆਂ ਰਾਹੀਂ ਦਸਦਾ ਹੈ ਕਿ ਚਰਚ ਤੋਂ ਬਿਨ੍ਹਾਂ ਮੁਕਤੀ ਨਹੀਂ ਹੈ ਅਤੇ ਰੋਮ ਦਾ ਪੋਪ ਸਾਡਾ ਸਾਰਿਆਂ ਦਾ ਧਰਮ ਪਿਤਾ ਹੈ, ਅਤੇ ਸਾਨੂੰ ਸਦਾ ਉਸ ਦੇ ਹੁਕਮਾਂ ਨੂੰ ਮੰਨਣਾ ਚਾਹੀਦਾ ਹੈ। ਜੇਕਰ ਅਸੀਂ ਕਤਲ ਜਾਂ ਚੋਰੀ ਕਰਾਂਗੇ ਤਾਂ ਰੱਬ ਸਾਨੂੰ ਨਰਕਾਂ ਵਿੱਚ ਭੇਜੇਗਾ ਪਰ ਜੇਕਰ ਅਸੀਂ ਕਾਫ਼ਿਰ ਮੁਸਲਮਾਨਾਂ ਨੂੰ ਮਾਰਾਂਗੇ ਤਾਂ ਰੱਬ ਸਾਨੂੰ ਸੁਰਗਾਂ ਵਿੱਚ ਥਾਂ ਦੇਵੇਗਾ।

ਇਕ ਦਿਨ ਜਦ ਜੱਾਨ 18 ਵਰ੍ਹਿਆਂ ਦਾ ਹੋਣ ਲਾਗੇ ਸੀ ਤਾਂ ਕਿਲ੍ਹੇ ਦੇ ਬੂਹੇ 'ਤੇ ਇੱਕ ਘਬਰਾਇਆ ਯੋਧਾ ਆਇਆ ਅਤੇ ਉਸਨੇ ਡੁੱਬੀ ਹੋਈ ਆਵਾਜ਼ ਵਿਚ ਖ਼ਬਰ ਦਿੱਤੀ: ਸਲਾਦੀਨ ਨੇ ਹੱਟੀਨ ਵਿਖੇ ਸਾਡੀ ਧਾਰਮਿਕ ਫ਼ੌਜ ਨੂੰ ਤਬਾਹ ਕਰ ਦਿੱਤਾ ਹੈ। ਯਰੂਸ਼ਲਮ ਦਾ ਪਤਨ ਹੋ ਗਿਆ ਹੈ। ਪੋਪ ਨੇ ਇਕ ਨਵੇਂ ਧਰਮ ਯੁੱਧ ਦਾ ਐਲਾਨ ਕੀਤਾ ਹੈ ਅਤੇ ਇਹ ਵੀ ਕਿਹਾ ਹੈ ਕਿ ਇਸ ਯੁੱਧ ਵਿਚ ਮਰਨ ਵਾਲੇ ਨੂੰ ਮੁਕਤੀ ਪ੍ਰਾਪਤ ਹੋਵੇਗੀ। ਚਾਰੇ ਪਾਸੇ ਖੜ੍ਹੇ ਲੋਕ ਚਿੰਤਿਤ ਹੋ ਗਏ ਪਰ ਜੱਾਨ ਦਾ ਚਿਹਰਾ ਕਿਸੇ ਪਰਾਲੌਕਿਕ ਰੌਸ਼ਨੀ ਨਾਲ ਚਮਕ ਉੱਠਿਆ ਅਤੇ ਉਸਨੇ ਐਲਾਨ ਕੀਤਾ: ਮੈਂ ਕਾਫ਼ਿਰਾਂ ਨਾਲ ਯੁੱਧ ਕਰਨ ਅਤੇ ਆਪਣੀ ਪਵਿੱਤਰ ਭੂਮੀ ਨੂੰ ਆਜ਼ਾਦ ਕਰਵਾਉਣ ਜਾ ਰਿਹਾ ਹਾਂ। ਇਕ ਪਲ ਲਈ ਸਭ ਪਾਸੇ ਚੁੱਪ ਛਾ ਗਈ। ਫੇਰ ਉਨ੍ਹਾਂ ਦੇ ਚਿਹਰਿਆਂ 'ਤੇ ਮੁਸਕਾਨ ਆ ਗਈ ਅਤੇ ਅੱਖਾਂ ਵਿਚ ਹੰਝੂ । ਉਸ ਦੀ ਮਾਂ ਨੇ ਅੱਖਾਂ ਪੂੰਝੀਆਂ, ਉਸ ਨੂੰ ਸੀਨੇ ਨਾਲ ਲਾਇਆ ਅਤੇ ਕਿਹਾ ਕਿ ਉਸਨੂੰ ਜੱਾਨ ਦੀ ਮਾਂ ਹੋਣ 'ਤੇ ਮਾਣ ਹੈ। ਉਸ ਦੇ ਪਿਤਾ ਨੇ ਉਸਦੀ ਪਿੱਠ 'ਤੇ ਥਾਪੀ ਦੇ ਕੇ ਕਿਹਾ: ਪੁੱਤਰ ਜੇਕਰ ਮੈਂ ਤੇਰੀ ਉਮਰ ਦਾ ਹੁੰਦਾ, ਮੈਂ ਵੀ ਤੇਰੇ ਨਾਲ ਚੱਲਦਾ। ਸਾਡੇ ਪਰਿਵਾਰ ਦਾ ਮਾਣ ਦਾਅ 'ਤੇ ਹੈ। ਸਾਨੂੰ ਆਸ ਹੈ ਕਿ ਸਾਨੂੰ ਲਾਜ ਨਹੀਂ ਲਵਾਏਂਗਾ। ਉਸ ਦੇ ਦੋ ਦੋਸਤਾਂ ਨੇ ਐਲਾਨ ਕੀਤਾ ਕਿ ਉਹ ਵੀ ਨਾਲ ਚੱਲਣਗੇ। ਇੱਥੋਂ ਤੀਕ ਕਿ ਜੱਾਨ ਦਾ ਦਰਿਆ-ਪਾਰ ਵਾਲਾ ਦੁਸ਼ਮਣ ਵੀ ਉਸਨੂੰ ਮਿਲਣ ਆਇਆ ਅਤੇ ਉਸਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਜਦ ਉਸਨੇ ਕਿਲ੍ਹਾ ਛੱਡਿਆ, ਪਿੰਡ ਵਾਲੇ ਆਪਣੀਆਂ ਝੁੱਗੀਆਂ ਵਿੱਚੋਂ ਬਾਹਰ ਆਏ, ਸਾਰੀਆਂ ਸੋਹਣੀਆ ਕੁੜੀਆਂ ਨੇ ਉਸ 'ਯੋਧੇ' ਨੂੰ ਰੀਝ ਨਾਲ ਤੱਕਿਆ ਜੋ ਧਰਮ-ਯੁੱਧ ਕਰਨ ਚਲਿਆ ਸੀ। ਜਦ ਉਹ ਇੰਗਲੈਂਡ ਤੋਂ ਚੱਲਿਆਂ ਅਤੇ ਅਜਨਬੀ ਮੁਲਕਾਂ ਵਿਚ ਦੀ ਲੰਘਿਆ ਤਾਂ ਉਸ ਧਰਮ ਅਤੇ ਉਸੇ ਮੰਜ਼ਲ ਲਈ ਇਨ੍ਹਾਂ ਦੇਸ਼ਾਂ ਦੇ ਯੋਧੇ ਵੀ ਉਸ ਨਾਲ ਰਲ ਗਏ। ਜਦੋਂ ਇਹ ਫ਼ੌਜ 'ਪਵਿੱਤਰ' ਭੂਮੀ ਪਹੁੰਚੀ ਅਤੇ ਸਲਾਦੀਨ ਦੇ ਸਿਪਾਹੀਆਂ ਨਾਲ ਲੜਨ ਲੱਗੀ ਤਾਂ ਜੱਾਨ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਮੁਸਲਮਾਨ ਵੀ ਉਸੇ ਦੀ ਤਰ੍ਹਾਂ ਹੀ ਸੋਚਦੇ ਸਨ। ਉਨ੍ਹਾਂ ਲਈ ਈਸਾਈ ਕਾਫ਼ਿਰ ਸਨ ਅਤੇ ਮੁਸਲਮਾਨ ਰੱਬ ਦਾ ਹੁਕਮ ਮੰਨ ਰਹੇ ਸਨ। ਉਹ ਵੀ ਇਹੀ ਸੋਚ ਰਹੇ ਸਨ ਕਿ ਰੱਬ ਅਤੇ ਯਰੂਸ਼ਲਮ ਲਈ ਲੜਾਈ ਵਿਚ ਮਰ ਕੇ ਉਹ ਸਿੱਧੇ ਸੁਰਗਾਂ ਨੂੰ ਜਾਣਗੇ।

ਇਸ ਤਰੀਕੇ ਨਾਲ ਮੱਧਕਾਲੀ ਸਭਿਅਤਾਵਾਂ ਸੂਤਰ-ਸੂਤਰ ਕਰਕੇ ਅਰਥਾਂ ਦੇ ਜਾਲ਼ ਬੁਣਦੀਆਂ ਸਨ ਅਤੇ ਜੱਾਨ ਵਰਗਿਆਂ ਨੂੰ ਮੱਖੀਆਂ ਵਾਂਗ ਉਸ ਵਿਚ ਫ਼ਾਹ ਲੈਂਦੀਆਂ ਸਨ। ਜੱਾਨ ਇਹ ਸੋਚ ਵੀ ਨਹੀਂ ਸੀ ਸਕਦਾ ਕਿ (ਧਰਮ ਦੀਆਂ) ਇਹ ਸਾਰੀਆਂ ਕਹਾਣੀਆਂ ਮਨੋ-ਕਲਪਿਤ ਸਨ ਕਿ ਉਸਦੇ ਮਾਪੇ ਅਤੇ ਚਾਚੇ-ਤਾਏ ਗ਼ਲਤ ਸਨ ਤੇ ਢਾਡੀ ਵੀ, ਉਸਦੇ ਸਾਰੇ ਦੋਸਤ, ਪਿੰਡ ਦੀਆਂ ਕੁੜੀਆਂ, 'ਵਿਦਵਾਨ' ਪਾਦਰੀ, ਦਰਿਆ-ਪਾਰ ਵਾਲਾ ਜਗੀਰਦਾਰ, ਰੋਮ ਦਾ ਪੋਪ, ਵਿਦੇਸ਼ਾਂ ਦੇ ਯੋਧੇ, ਅਤੇ ਮੁਸਲਮਾਨ ਵੀ, ਸਾਰੇ ਹੀ ਭਰਮ ਭੁਲੇਖੇ ਵਿਚ ਸਨ।


ਵਰ੍ਹੇ ਲੰਘਦੇ ਜਾਂਦੇ ਹਨ। ਇਤਿਹਾਸਕਾਰ ਵੇਖਦਾ ਹੈ ਕਿ ਅਰਥਾਂ ਦਾ ਜਾਲ਼ ਉੱਧੜ ਜਾਂਦਾ ਹੈ, ਇਸ ਦੀ ਥਾਂ ਇਕ ਹੋਰ ਜਾਲ਼ ਬੁਣਿਆ ਜਾਣ ਲਗਦਾ ਹੈ। ਜੱਾਨ ਦੇ ਮਾਪੇ ਮਰ ਜਾਂਦੇ ਹਨ, ਸਾਰੀ ਔਲਾਦ ਅਤੇ ਦੋਸਤ ਵੀ ਮਰ ਜਾਂਦੇ ਹਨ। ਢਾਡੀ ਧਰਮ-ਯੁੱਧਾਂ ਦੀ ਥਾਂ ਦੁਖਦਾਈ ਪ੍ਰੇਮ ਕਹਾਣੀਆਂ ਦੇ ਗੀਤ ਗਾਉਣ ਲਗ ਪੈਂਦੇ ਹਨ। ਖਾਨਦਾਨੀ ਕਿਲ੍ਹਾ ਸੜ ਜਾਂਦਾ ਹੈ। ਜਦ ਇਸਦੀ ਮੁੜ ਉਸਾਰੀ ਕੀਤੀ ਜਾਂਦੀ ਹੈ ਤਾਂ ਦਾਦੇ ਹੈਨਰੀ ਦੀ ਤਲਵਾਰ ਦਾ ਨਾਮੋ-ਨਿਸ਼ਾਨ ਨਜ਼ਰ ਨਹੀਂ ਪੈਂਦਾ। ਸਰਦੀ ਦੇ ਤੂਫ਼ਾਨ ਵਿਚ ਚਰਚ ਦੀਆਂ ਖਿੜਕੀਆਂ ਟੁੱਟ ਜਾਂਦੀਆਂ ਹਨ। ਨਵੇਂ ਲਾਏ ਸ਼ੀਸ਼ਿਆਂ ਵਿਚ ਨਾ ਤਾਂ ਈਸਾਈ ਯੋਧੇ ਦੀ ਕੋਈ ਤਸਵੀਰ ਨਜਰੀਂ ਪੈਂਦੀ ਹੈ, ਨਾ ਨਰਕ ਦੇ ਪਾਪੀਆਂ ਦੀ। ਇਨ੍ਹਾਂ ਦੀ ਥਾਂ ਫਰਾਂਸ ਤੇ ਇੰਗਲੈਂਡ ਦੇ ਬਾਦਸ਼ਾਹ ਦੀ ਜਿੱਤ ਦੀਆਂ ਤਸਵੀਰਾਂ ਆ ਜਾਂਦੀਆਂ ਹਨ। ਸਥਾਨਿਕ ਪਾਦਰੀ ਨੇ ਪੋਪ ਨੂੰ 'ਸਾਡਾ ਧਰਮ ਪਿਤਾ' ਕਹਿਣਾ ਛੱਡ ਦਿੱਤਾ ਹੈ, ਹੁਣ ਉਸਨੂੰ 'ਰੋਮ ਵਿਚਲਾ ਰਾਕਸ਼' ਕਿਹਾ ਜਾਂਦਾ ਹੈ। ਨੇੜਲੀ ਯੂਨੀਵਰਸਿਟੀ ਵਿਚ ਵਿਦਵਾਨ ਪ੍ਰਾਚੀਨ ਯੂਨਾਨੀ ਗ੍ਰੰਥਾਂ ਦਾ ਅਧਿਐਨ ਕਰ ਰਹੇ ਹਨ, ਮ੍ਰਿਤਕ ਸਰੀਰ ਚੀਰ-ਫਾੜ ਕਰ ਰਹੇ ਹਨ ਅਤੇ ਬੰਦ ਦਰਵਾਜ਼ਿਆਂ ਓਹਲੇ ਹੌਲੀ ਹੌਲੀ ਕੰਨ ਵਿੱਚ ਕਹਿੰਦੇ ਹਨ ਕਿ ਰੂਹ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ।

ਸਮਾਂ ਲੰਘਦਾ ਰਹਿੰਦਾ ਹੈ। ਜਿੱਥੇ ਕਦੇ ਕਿਲ੍ਹਾ ਖੜ੍ਹਾ ਸੀ, ਉੱਥੇ ਹੁਣ ਇੱਕ ਸ਼ੱਾਪਿੰਗ ਮਾਲ ਹੈ। ਸਥਾਨਿਕ ਸਿਨਮੇ ਵਿਚ ਫਿਲਮ ਚੱਲ ਰਹੀ ਹੈ। ਖਾਲੀ ਚਰਚ ਵਿਚ ਇਕ ਬੋਰ

ਹੋਇਆ ਪਾਦਰੀ ਖੜ੍ਹਾ ਹੈ ਜੋ ਦੋ ਜਪਾਨੀ ਟੂਰਿਸਟਾਂ ਨੂੰ ਆਉਂਦੇ ਵੇਖ ਕੇ ਖੁਸ਼ ਹੋ ਜਾਂਦਾ ਹੈ। ਉਹ ਰੰਗੀਨ ਸ਼ੀਸ਼ਿਆਂ ਵਾਲੀਆਂ ਖਿੜਕੀਆਂ ’ਤੇ ਦਰਜ ਕਹਾਣੀਆਂ ਵੇਰਵੇ ਨਾਲ ਸਮਝਾਉਂਦਾ ਹੈ। ਯਾਤਰੀ ਨਿਮ੍ਹਾ ਨਿਮਾ ਮੁਸਕਰਾਉਂਦੇ ਹਨ ਕਿ ਉਨ੍ਹਾਂ ਨੂੰ ਕੁਝ ਸਮਝ ਨਹੀਂ ਆ ਰਿਹਾ ਬਾਹਰ ਪੌੜੀਆਂ ’ਤੇ ਮੁੰਡੀਰ ਆਪਣੇ ਆਈਫੋਨਾਂ ’ਤੇ ਖੇਡ ਰਹੀ ਹੈ। ਉਹ ਯੂ-ਟਯੂਬ ’ਤੇ ‘ਮੰਨ ਲਵੋ ਕਿ ਸੁਰਗ ਹੈ ਹੀ ਨਹੀਂ’ ਨਾਂ ਦਾ ਨਵਾਂ ਪ੍ਰੋਗਰਾਮ ਵੇਖ ਰਹੇ ਹਨ। ਇਕ ਪਾਕਿਸਤਾਨੀ ਜਮਾਂਦਾਰ ਪੌੜੀਆਂ ’ਤੇ ਝਾੜੂ ਦੇ ਰਿਹਾ ਹੈ, ਨੇੜੇ ਤੋਂ ਹੀ ਰੇਡੀਓ ’ਤੇ ਖਬਰ ਆ ਰਹੀ ਹੈ: ਸੀਰੀਆ ਵਿਚ ਕਤਲੇਆਮ ਜਾਰੀ, ਸਕਿਓਰਟੀ ਕਾਉਂਸਿਲ ਦੀ ਮੀਟਿੰਗ ਬਿਨਾਂ ਕਿਸੇ ਨਿਰਨੇ ਦੇ ਖਤਮ। ਅਚਾਨਕ ਸਮੇਂ ਵਿਚ ਇੱਕ ਖਿੜਕੀ ਖੁਲ੍ਹਦੀ ਹੈ, ਮੁੰਡੀਰ ਦੇ ਚਿਹਰਿਆਂ ’ਤੇ ਇੱਕ ਰਹੱਸਮਈ ਰੋਸ਼ਨੀ ਪੈਂਦੀ ਹੈ, ਉਨ੍ਹਾਂ ਵਿੱਚੋਂ ਇੱਕ ਐਲਾਨ ਕਰਦਾ ਹੈ: ‘ਮੈਂ ਕਾਫ਼ਿਰਾਂ ਨਾਲ ਯੁੱਧ ਕਰਨ ਅਤੇ ਆਪਣੀ ਪਵਿੱਤਰ ਭੂਮੀ ਨੂੰ ਆਜ਼ਾਦ ਕਰਵਾਉਣ ਜਾ ਰਿਹਾ ਹਾਂ।’

‘ਕਾਫ਼ਿਰ’ ਅਤੇ ‘ਪਵਿੱਤਰ ਭੂਮੀ’ ? ਅੱਜ ਦੇ ਇੰਗਲੈਂਡ ਦੇ ਲੋਕਾਂ ਲਈ ਇਨ੍ਹਾਂ ਸ਼ਬਦਾਂ ਦਾ ਕੋਈ ਮਤਲਬ ਨਹੀਂ ਹੈ। ਸ਼ਾਇਦ ਪਾਦਰੀ ਵੀ ਇਹੋ ਸੋਚਦਾ ਹੈ ਕਿ ਮੁੰਡੇ ਨੂੰ ਕੋਈ ਦਿਮਾਗ਼ੀ ਦੌਰਾ ਪੈ ਗਿਆ ਹੈ। ਇਸ ਦੀ ਤੁਲਨਾ ਵਿਚ ਜੇਕਰ ਕੋਈ ਅੰਗਰੇਜ਼ ਜਵਾਨ ‘ਅਮਨੈਸਟੀ ਇੰਟਰਨੈਸ਼ਨਲ’ ਵਿਚ ਸ਼ਾਮਿਲ ਹੋਣ ਅਤੇ ਸ਼ਰਨਾਰਥੀਆਂ ਦੇ ਮਨੁੱਖੀ ਹੱਕਾਂ ਦੀ ਰਾਖੀ ਲਈ ਸੀਰੀਆ ਜਾਣ ਦਾ ਐਲਾਨ ਕਰਦਾ ਹੈ, ਤਾਂ ਉਸਨੂੰ ਹੀਰੋ ਮੰਨਿਆ ਜਾਂਦਾ ਹੈ। ਮੱਧਕਾਲ ਵਿਚ ਇਹ ਸਮਝਿਆ ਜਾਣਾ ਸੀ ਕਿ ਇਹ ਬੰਦਾ ਪਾਗਲ ਹੋ ਗਿਆ ਹੈ। ਬਾਹਰਵੀਂ ਸਦੀ ਦੇ ਇੰਗਲੈਂਡ ਵਿਚ ਕਿਸੇ ਨੂੰ ਨਹੀਂ ਸੀ ਪਤਾ ਕਿ ‘ਮਨੁੱਖੀ ਅਧਿਕਾਰ’ ਕੀ ਹੁੰਦੇ ਹਨ।

ਇਤਿਹਾਸ ਇਸ ਤਰ੍ਹਾਂ ਉੱਧੜਦਾ ਹੈ। ਲੋਕ ਅਰਥਾਂ ਦਾ ਇੱਕ ਜਾਲ਼ ਬੁਣਨਾ ਚਾਹੁੰਦੇ ਹਨ, ਤਹਿ-ਮਨੋਂ ਉਸ ਵਿਚ ਵਿਸ਼ਵਾਸ਼ ਕਰਨਾ ਚਾਹੁੰਦੇ ਹਨ, ਪਰ ਦੇਰ-ਸਵੇਰ ਇਹ ਜਾਲ਼ ਉੱਧੜ ਜਾਂਦਾ ਹੈ ਤੇ ਜਦੋਂ ਅਸੀਂ ਪਿਛਾਂਹ ਮੁੜ ਕੇ ਵੇਖਦੇ ਹਾਂ ਤਾਂ ਸਮਝ ਨਹੀਂ ਆਉਂਦਾ ਕਿ ਕੋਈ ਇਸ ਵਿਚ ਕਿਵੇਂ ਵਿਸ਼ਵਾਸ਼ ਰਖਦਾ ਸੀ। ਪਿੱਛਲਝਾਤ ਮਾਰਨ ’ਤੇ ਸੁਰਗ ਪ੍ਰਾਪਤੀ ਦੀ ਆਸ ਵਿਚ ਧਰਮ-ਯੁੱਧ ’ਤੇ ਜਾਣਾ, ਬਿਲਕੁਲ ਪਾਗਲਪਣ ਲਗਦਾ ਹੈ। ਪਿੱਛਲਝਾਤ ’ਤੇ ਸ਼ੀਤ-ਯੁੱਧ (Cold War) ਹੋਰ ਵੀ ਪਾਗਲਪਣ ਜਾਪਦਾ ਹੈ।




ਪੰਜਾਬੀ ਅਨੁਵਾਦ: ਸੁਭਾਸ਼ ਪਰਿਹਾਰ
98728-22417
(ਕਿਤਾਬ ‘ਸੁਭਾਸ਼ ਪਰਿਹਾਰ’@ ਫੇਸਬੁੱਕ)

ਇਤਿਹਾਸਕ ਦਿਨ

1 ਨਵੰਬਰ	: ਗ਼ਦਰ ਪਾਰਟੀ ਦੇ ਬੁਲਾਰੇ ‘ਗ਼ਦਰ’ ਅਖਬਾਰ ਦਾ ਪਹਿਲਾ ਅੰਕ ਛਪਿਆ (1913)
7 ਨਵੰਬਰ	: ਮਹਾਨ ਰੂਸੀ ਇਨਕਲਾਬ (1917)
8 ਨਵੰਬਰ	: ਐਕਸਰੇ ਦੀ ਖੋਜ (1896)
14 ਨਵੰਬਰ	: ਬਾਲ ਦਿਵਸ
16 ਨਵੰਬਰ	: ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ (1915)
28 ਨਵੰਬਰ	: ਜਨਮ ਦਿਨ (ਫਰੈਡਰਿਕ ਏਂਗਲਜ) 1820 (ਕਾਰਲ ਮਾਰਕਸ ਦੇ ਸਾਥੀ)
1 ਦਸੰਬਰ	: ਵਿਸ਼ਵ ਏਡਜ਼ ਦਿਵਸ
2 ਦਸੰਬਰ	: ਕੌਮੀ ਪ੍ਰਦੂਸ਼ਣ ਰੋਕੂ ਦਿਵਸ
3 ਦਸੰਬਰ	: ਵਿਸ਼ਵ ਅਪਾਹਜ ਦਿਵਸ
3 ਦਸੰਬਰ	: ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)
9 ਦਸੰਬਰ	: ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ	: ਮਨੁੱਖੀ ਅਧਿਕਾਰ ਦਿਵਸ
14 ਦਸੰਬਰ	: ਕੌਮੀ ਊਰਜਾ ਬਚਾਓ ਦਿਵਸ
17 ਦਸੰਬਰ	: ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929)
17 ਦਸੰਬਰ	: ਕਾਕੋਰੀ ਸ਼ਹੀਦ ਰਾਜੇਂਦ੍ਰ ਨਾਥ ਲਾਹਿੜੀ ਨੂੰ ਫਾਂਸੀ (1927)
19 ਦਸੰਬਰ	: ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉੱਲਾ ਖਾਂ, ਰੌਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿੱਚ ਫਾਂਸੀ ਦਿੱਤੀ (1927)
21 ਦਸੰਬਰ	: ਗ਼ਦਰ ਪਾਰਟੀ ਦੇ ਬਾਨੀ ਆਗੂ ਬਾਬਾ ਸੋਹਣ ਸਿੰਘ ਭਕਨਾ ਦਾ ਦੇਹਾਂਤ (1968)
22 ਦਸੰਬਰ	: ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)
24 ਦਸੰਬਰ	: ਮੌਤ (ਈ.ਵੀ. ਰਾਮਸਵਾਮੀ (ਪੇਰੀਆਰ) ਸਵੈਮਾਨ ਅੰਦੋਲਨ ਦੇ ਆਗੂ ਅਤੇ ਜੁਝਾਰੂ ਨਾਸਤਿਕ ਸਮਾਜ ਸੁਧਾਰਕ) (1973)
26 ਦਸੰਬਰ	: ਜਨਮ (ਸ਼ਹੀਦ ਊਧਮ ਸਿੰਘ) (1899)
26 ਦਸੰਬਰ	: ਜਨਮ (ਮਾਓ ਜ਼ੇ ਤੁੰਗ) (1893)

ਤਰਕਸ਼ੀਲਤਾ ਅਤੇ ਜੀਵਨ-8
(ਆਖਰੀ ਕਿਸ਼ਤ)

ਤਰਕ ਤੋਂ ਵਿਵੇਕ ਤੱਕ



ਡਾ. ਸ਼ਿਆਮ ਸੁੰਦਰ ਦੀਪਤੀ

'ਤਰਕਸ਼ੀਲਤਾ ਅਤੇ ਜੀਵਨ' ਲੇਖ ਲੜੀ ਤਹਿਤ ਅਸੀਂ ਤਰਕ ਦੇ ਅਰਥ ਜਾਨਣ ਦੀ ਕੋਸ਼ਿਸ਼ ਕੀਤੀ ਹੈ ਤੇ ਜ਼ਿੰਦਗੀ ਵਿੱਚ ਇਸ ਦੇ ਮਹੱਤਵ ਨੂੰ ਸਮਝਿਆ ਹੈ ।

ਅਸੀਂ ਜਾਣਿਆ ਹੈ ਕਿ ਸਾਡੇ ਕੋਲ ਇਕ ਲਾਜਵਾਬ ਅੰਗ ਹੈ-ਦਿਮਾਗ। ਜੋ ਕਿ ਹੋਰ ਜੀਵਾਂ ਤੋਂ ਕਈ ਪੱਖਾਂ ਤੋਂ ਵਿਲੱਖਣ ਹੈ। ਜੇਕਰ ਮੁੱਖ ਤੌਰ 'ਤੇ ਇਸ ਦਾ ਇੱਕ ਕੰਮ ਉਚਾਰਨਾ ਹੋਵੇ ਤਾਂ ਉਹ ਹੈ ਫੈਸਲਾ ਲੈਣਾ। ਕਿਸੇ ਵੀ ਤਰ੍ਹਾਂ ਦੀ ਸਮੱਸਿਆ ਵਿੱਚੋਂ ਬਾਹਰ ਆਉਣ ਲਈ ਕੋਈ ਰਾਹ ਸੁਝਾਉਣਾ। ਇਸ ਤਰ੍ਹਾਂ ਕਰਨ ਲਈ ਦਿਮਾਗ ਨੂੰ ਸੋਚਣਾ ਪੈਂਦਾ ਹੈ। ਲਗਦਾ ਹੈ ਜਿਵੇਂ ਸਿਰਫ਼ ਮਨੁੱਖ ਹੀ ਸੋਚਦੇ ਹਨ, ਜਾਨਵਰ ਨਹੀਂ, ਭਾਵੇਂ ਉਹ ਵੀ ਫੈਸਲੇ ਲੈਂਦੇ ਹਨ। ਬਿਲਕੁਲ ਸੱਚ ਹੈ ਕਿ ਮਨੁੱਖ ਅਤੇ ਜਾਨਵਰਾਂ ਦੀ ਸੋਚ ਪ੍ਰਕ੍ਰਿਆ ਵਿਚ ਫ਼ਰਕ ਹੈ ਤੇ ਇਸੇ ਆਧਾਰ 'ਤੇ ਆਪਾਂ ਕਹਿ ਸਕਦੇ ਹਾਂ ਕਿ ਫੈਸਲੇ ਲੈਣ ਦੀ ਪ੍ਰਕ੍ਰਿਆ ਵੀ ਅੱਡੋ ਅੱਡ ਹੈ।

ਜਿੰਨਾਂ ਜਾਨਵਰਾਂ ਨੂੰ ਮਨੁੱਖ ਪਾਲਦਾ ਹੈ ਜਿਵੇਂ ਕੁੱਤਾ, ਗਾਂ, ਮੱਝ, ਘੋੜਾ ਆਦਿ; ਕਈ ਵਾਰ ਇਹ ਸਭ ਇਸ ਤਰ੍ਹਾਂ ਦੀ ਮੁਦਰਾ ਵਿਚ ਬੈਠੇ ਹੁੰਦੇ ਹਨ ਕਿ ਜਿਵੇਂ ਸੋਚ ਰਹੇ ਹੋਣ। ਕੁਦਰਤ ਦੀ ਬਣਤਰ ਅਤੇ ਕਾਰਜਪ੍ਰਣਾਲੀ ਤਹਿਤ ਸਾਰੇ ਜਾਨਵਰਾਂ ਵਿਚ ਮਨੁੱਖਾਂ ਸਮੇਤ ਦੋ ਫ਼ੈਸਲੇ ਤਾਂ ਸਰੀਰ ਦਾ ਹੀ ਹਿੱਸਾ ਹਨ। ਉਹ ਹਨ, ਕਿਸੇ ਵੀ ਸਮੱਸਿਆ ਦੇ ਸਮੇਂ ਸਮੱਸਿਆ ਨੂੰ ਲੈ ਕੇ 'ਭਿੜ' ਜਾਣਾ ਤੇ ਜੇਕਰ ਸੰਭਵ ਨਹੀਂ ਤਾਂ 'ਭੱਜ' ਜਾਣਾ। ਖਾਸ ਕਰ ਜਾਨਵਰ, ਆਪਣੇ ਤੋਂ ਵੱਡ ਅਕਾਰੀ ਜਾਂ ਖਤਰਨਾਕ ਸ਼ਿਕਾਰੀ ਅੱਗੇ,'ਭੱਜੋ ਜਾਂ ਭਿੜੋ' ਦੀ ਪ੍ਰਵਿਰਤੀ ਤਹਿਤ ਹੀ ਕਾਰਜਸ਼ੀਲ ਹੁੰਦੇ ਹਨ।

ਮਨੁੱਖ ਵੀ ਕੁਦਰਤ ਦਾ ਹਿੱਸਾ ਹੋਣ ਨਾਤੇ ਇਨ੍ਹਾਂ ਦੋਹਾਂ ਤਰੀਕਿਆਂ ਨੂੰ ਅਪਣਾਉਂਦਾ ਹੈ। ਪਰ ਉਹ ਇੱਕ ਹੋਰ ਤੀਸਰੇ ਤਰੀਕੇ ਨਾਲ ਵੀ ਫੈਸਲੇ ਲੈਂਦਾ ਹੈ। ਸਮੱਸਿਆ ਦੇ ਸਨਮੁੱਖ, ਉਹ ਲੁਕਛਿਪ ਜਾਂਦਾ ਹੈ, ਭੱਜ ਵੀ ਜਾਂਦਾ ਹੈ ਤੇ ਨਾ ਸਰਦੇ ਨੂੰ ਭਿੜ ਵੀ ਪੈਂਦਾ ਹੈ। ਲੜਦਾ, ਗੁੱਸੇ ਹੁੰਦਾ, ਗਾਲੀ - ਗਲੋਚ ਦਾ ਸਹਾਰਾ ਲੈਂਦਾ ਹੈ। ਮਨੁੱਖ ਕੋਲ ਇਹ ਤੀਸਰਾ ਰਾਹ ਹੈ ਕਿ ਨਾ ਭੱਜੀਏ, ਨਾ ਭਿੜੀਏ, ਕਿਸੇ ਤਰੀਕੇ ਨਾਲ ਮਾਮਲੇ ਨੂੰ ਨਿਪਟਾਈਏ।

ਵੈਸੇ ਵੀ ਮਨੁੱਖ ਦੀ ਸਥਿਤੀ ਹੋਰ ਜਾਨਵਰਾਂ ਤੋਂ ਵੱਖਰੀ ਹੈ। ਉਹ ਸਿਰਫ਼ ਕੁਦਰਤੀ ਆਫ਼ਤਾਵਾਂ ਵਰਗੀਆਂ ਸਮੱਸਿਆਵਾਂ ਨਾਲ ਹੀ ਦੋ ਚਾਰ ਨਹੀਂ ਹੁੰਦਾ, ਉਸ ਕੋਲ ਇੱਕ ਸਮਾਜਿਕ ਪ੍ਰਬੰਧ ਹੈ, ਜਿਸ ਦੇ ਤਹਿਤ ਉਹ ਸਮਾਜਿਕ ਮਸਲਿਆਂ, ਉਲਝਣਾਂ ਦਾ ਵੀ ਸ਼ਿਕਾਰ ਹੁੰਦਾ ਹੈ ਤੇ ਉਨ੍ਹਾਂ ਨੂੰ ਵੀ ਸੁਲਝਾਉਂਦਾ ਹੈ। ਰਿਸ਼ਤਿਆਂ ਵਿੱਚ ਅਣ-ਬਣ ਜਾਂ ਤਰੇੜ , ਉਨ੍ਹਾਂ ਵਿਚ ਪ੍ਰਮੁੱਖ ਹੈ। ਇੱਥੇ ਬਹੁਤੀ ਵਾਰੀ ਉਹ ਤੀਸਰੀ ਕਿਸਮ ਦੇ ਢੰਗ-ਤਰੀਕੇ ਨੂੰ ਤਰਜੀਹ ਦਿੰਦਾ ਹੈ। ਜਦੋਂ ਉਹ ਮਿਲ ਬੈਠ ਕੇ ਕਿਸੇ ਅਜਿਹੇ ਫੈਸਲੇ 'ਤੇ ਪਹੁੰਚਦਾ ਹੈ ਕਿ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਤੋਂ ਬਿਨ੍ਹਾਂ ਸਮੱਸਿਆ ਨਾਲ ਨਜਿੱਠਿਆ ਜਾ ਸਕੇ। ਉਹ ਆਪਣੇ ਦਿਮਾਗ ਨਾਲ ਸੋਚਦਾ ਹੈ ਤੇ ਸਮੱਸਿਆ ਦਾ ਵਿਸ਼ਲੇਸ਼ਣ ਕਰਕੇ, ਉਸ ਦੇ ਕਈ ਹੱਲ ਸੋਚਦਾ ਹੈ। ਫਿਰ ਇੱਕ-ਇੱਕ ਹੱਲ ਨੂੰ ਵਿਚਾਰਦਾ ਹੈ ਤੇ ਉਨ੍ਹਾਂ ਵਿੱਚੋਂ ਇੱਕ ਨੂੰ ਚੁਣਦਾ ਹੈ।

ਇਕ ਸਧਾਰਨ ਜਿਹਾ ਉਦਾਹਰਨ ਹੈ। ਤੁਸੀਂ ਘਰੋਂ ਬਾਹਰ ਨਿਕਲੇ ਹੋ। ਤੁਸੀਂ ਆਪਣੇ ਦੋਸਤ ਨੂੰ ਸ਼ਹਿਰ ਦੇ ਦੂਸਰੇ ਕੋਨੇ ਵਿਚ ਮਿਲਣ ਜਾਣਾ ਹੈ। ਤੁਸੀਂ ਆਪਣੀ ਗੱਡੀ ਸਟਾਰਟ ਕਰਨ ਤੋਂ ਪਹਿਲਾਂ ਸੋਚਦੇ ਹੋ ਕਿ ਕਿਸ ਰਾਹ ਤੋਂ ਜਾਇਆ ਜਾਵੇ।

ਉਸ ਰਾਹ 'ਤੇ ਟ੍ਰੈਫਿਕ ਬਹੁਤ ਹੁੰਦੀ ਹੈ।
ਉਸ ਰਾਹ 'ਤੇ ਮੁਰੰਮਤ ਚਲ ਰਹੀ ਹੈ।
ਉਸ ਰਾਹ 'ਤੇ ਬੜੇ ਵਲ-ਵਲੇਵੇਂ ਨੇ।

ਤੇ ਫਿਰ ਸੋਚ-ਸਾਚ ਕੇ ਇਨ੍ਹਾਂ ਵਿੱਚੋਂ ਸਭ ਤੋਂ ਠੀਕ, ਘੱਟ ਸਮਾਂ ਲੈਣ ਵਾਲਾ, ਘੱਟ ਤਕਲੀਫ ਵਾਲੇ ਰਾਹ 'ਤੇ ਜਾਣ ਦਾ ਫੈਸਲਾ ਹੋ ਜਾਂਦਾ ਹੈ। ਇਸੇ ਤਰ੍ਹਾਂ ਹੀ ਤੁਸੀਂ ਕਿਸੇ ਮਾਲ ਵਿੱਚੋਂ ਇੱਕ ਸ਼ਰਟ ਖਰੀਦਣੀ ਹੈ। ਤੁਸੀਂ ਕੱਪੜਾ ਦੇਖਦੇ ਹੋ, ਡਿਜ਼ਾਇਨ ਦੇਖਦੇ ਹੋ, ਪੈਸੇ ਦੇਖਦੇ ਹੋ, ਤੇ ਫਿਰ ਆਪਣੀ ਜੇਬ ਦੇ ਮੱਦੇਨਜ਼ਰ ਇੱਕ ਕਮੀਜ ਲੈ ਕੇ ਆ ਜਾਂਦੇ ਹੋ।

ਦਿਮਾਗ, ਆਪਣੀ ਇਸ ਖਾਸੀਅਤ ਤਹਿਤ ਹੀ ਕਾਰਜ ਕਰਦਾ ਹੈ। ਉਸ ਚਾਹੇ ਇਸ ਤੋਂ ਵੱਡੇ ਪਰਿਪੇਖ ਵਿਚ, ਕੋਰਸ ਦੀ ਚੋਣ ਕਰਨੀ ਹੋਵੇ, ਕੋਰਸ ਲਈ ਕਾਲਜ ਦੀ ਚੋਣ ਅਤੇ ਜ਼ਿੰਦਗੀ ਦੇ ਅਗਲੇ ਪੜਾਅ ਵਿਚ ਆਪਣੇ ਬੱਚੇ ਲਈ ਮੁੰਡੇ-ਕੁੜੀ ਦੀ ਚੋਣ। ਅਸੀਂ ਕਿੰਨਾ ਕੁੱਝ ਵਿਚਾਰਦੇ ਹਾਂ ਤੇ ਫਿਰ ਚੋਣ ਕਰਦੇ ਹਾਂ ਤੇ ਇਕ ਰਾਹ ਅਖਤਿਆਰ ਕਰਦੇ ਹਾਂ।

ਇਸ ਤਰ੍ਹਾਂ ਦਿਮਾਗ ਦਾ ਪਹਿਲਾ ਕਾਰਜ ਹੈ- ਵੱਖ

ਵੱਖ ਢੰਗ ਤਰੀਕਿਆਂ ਬਾਰੇ ਸੋਚਣਾ ਤੇ ਵਿਚਾਰਨਾ ਤੇ ਦੂਸਰਾ ਹੈ, ਉਸ ਚੋਣ ਪ੍ਰਕ੍ਰਿਆ ਵਿੱਚ ਫੈਸਲਾ ਲੈਣ ਬਾਰੇ ਕਿਸੇ ਪੱਖ ਨੂੰ ਮਹੱਤਵ ਦੇਣਾ।

ਜਦੋਂ ਅਸੀਂ ਵੱਖ ਵੱਖ ਤਰੀਕਿਆਂ ਬਾਰੇ ਵਿਚਾਰ ਰਹੇ ਹੁੰਦੇ ਹਾਂ ਤਾਂ ਰਾਹ ਚੁਨਣ ਜਾਂ ਨਾ ਚੁਨਣ ਲਈ, ਸਾਡੇ ਕੋਲ ਤਰਕ ਹੁੰਦੇ ਹਨ। ਉਹ ਤਰਕ ਅਕਸਰ ਕਈ ਤਰ੍ਹਾਂ ਦੇ ਹੋ ਸਕਦੇ ਹਨ, ਪਰ ਇਕ ਪੱਖ ਹੈ ਜੋ ਸਭ ਕਿਤੇ ਸਾਂਝਾ ਹੈ। ਸੌਖਾ ਰਾਹ ਕਿਹੜਾ ਹੈ, ਫਾਇਦੇ ਵਾਲਾ ਫੈਸਲਾ ਕਿਹੜੀ ਚੋਣ ਵਿੱਚ ਹੈ। ਪੈਸੇ ਵੀ ਘੱਟ ਲੱਗਣ, ਕਮੀਜ਼ ਵੀ ਵੱਧ ਹੰਡਣ ਵਾਲੀ ਹੋਵੇ। ਸਮਾਂ ਵੀ ਘੱਟ ਲੱਗੇ। ਇਹ ਤਰਕ ਹਨ। 'ਸ਼ਾੱਰਟ ਕੱਟ' ਵੀ ਇਸੇ ਸੋਚ ਅਤੇ ਤਰਕ ਤਹਿਤ ਹੀ ਲਿਆ ਜਾਂਦਾ ਹੈ।

ਪਰ ਜਦੋਂ ਅਸੀਂ ਆਪਣੇ ਆਲੇ -ਦੁਆਲੇ, ਸਮਾਜ ਦੀ ਬਣਤਰ ਵੱਲ ਝਾਤੀ ਮਾਰਦੇ ਹਾਂ ਤਾਂ ਸਾਡੀ ਸਮਾਜਿਕ ਬਣਤਰ ਵਿੱਚ ਪਈਆਂ ਕਈ ਤਰ੍ਹਾਂ ਦੀਆਂ ਪਰਤਾਂ, ਇਸ ਚੋਣ ਪ੍ਰਕ੍ਰਿਆ ਤੇ ਕਈ ਢੰਗ ਤਰੀਕੇ ਪੇਸ਼ ਕਰਨ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਇਸਦੇ ਵਿਚ ਸਭ ਤੋਂ ਅਹਿਮ ਪਹਿਲੂ ਹੈ - ਲੋਕਾਂ ਦੀ ਆਰਥਿਕ ਹਾਲਤ। ਅਸੀਂ ਜਦੋਂ ਇਹ ਕਹਿੰਦੇ ਹਾਂ ਕਿ ਫਲਾਂ ਵਿਅਕਤੀ ਤਾਂ ਮੂੰਹ ਵਿਚ ਸੋਨੇ ਦਾ ਚਮਚ ਲੈ ਕੇ ਪੈਦਾ ਹੋਇਆ ਸੀ ਤਾਂ ਸਮਝ ਸਕਦੇ ਹਾਂ ਕਿ ਉਸ ਨੂੰ ਸਮੱਸਿਆਵਾਂ ਨਾਲ ਨਜਿੱਠਣ ਲਈ ਕਿੰਨਾਂ ਕੁ ਦਿਮਾਗ ਲਗਾਉਣਾ ਪਵੇਗਾ ਜਾਂ ਇਹ ਵੀ ਹੋ ਸਕਦਾ ਹੈ ਕਿ ਉਸ ਦੀ ਜ਼ਿੰਦਗੀ ਦੀਆਂ ਉਲਝਣਾਂ ਹੀ ਕਿਸੇ ਹੋਰ ਕਿਸਮ ਦੀਆਂ ਹੋਣ। ਜੇਕਰ ਗਰੀਬ ਨੂੰ ਸੜਕ ਵਾਲੇ ਰਾਹ ਲਈ ਕਈ ਕੁੱਝ ਸੋਚਣਾ ਪੈਂਦਾ ਹੈ ਤਾਂ ਅਮੀਰ ਆਦਮੀ, ਆਪਣੇ ਹਵਾਈ ਜਹਾਜ ਦੇ ਰੂਟ ਜਾਂ ਕੰਪਨੀ ਦੀ ਚੋਣ ਵੇਲੇ ਇਹ ਕਰਦਾ ਹੋਵੇਗਾ।

ਪਰ ਇਸ ਤਰ੍ਹਾਂ ਦੇ ਸੱਭਿਆਚਾਰ ਵਿਚ, ਅਮੀਰੀ-ਗਰੀਬੀ ਦੇ ਵਿਤਕਰੇ ਤੋਂ ਅੱਗੇ, ਜਾਤ-ਧਰਮ, ਖਿੱਤੇ-ਖੇਤਰ ਦੇ ਵਖਰੇਵੇਂ ਵੀ ਹਨ ਤੇ ਸਮਾਜਿਕ ਹਾਲਤਾਂ ਵਿਚ ਫੈਸਲੇ ਲੈਣ ਲੱਗਿਆ, ਉਹ ਸਾਹਮਣੇ ਆਉਂਦੇ ਹਨ ਤਾਂ ਵਧੀਆ ਫੈਸਲੇ ਨਹੀਂ ਲਏ ਜਾਂਦੇ। ਜੋ ਕਿ ਉਲਾਰ, ਇਕਪਾਸੜ ਹੁੰਦੇ ਹਨ, ਤਰਕ 'ਤੇ ਖਰੇ ਨਹੀਂ ਉਤਰਦੇ।

ਦਿਮਾਗ ਦੀ ਇਕ ਖਾਸੀਅਤ ਹੈ ਕਿ ਉਹ ਰੋਟੀ ਦੀ ਵੰਡ ਤੋਂ ਲੈ ਕੇ ਹੋਰ ਕੁਦਰਤੀ ਸਰਮਾਏ ਦੀ ਵੰਡ ਵੇਲੇ, ਕੋਈ ਨਾ ਕੋਈ ਤਰਕ ਦਲੀਲ ਭਾਲ ਹੀ ਲੈਂਦਾ ਹੈ ਤੇ ਧੜੱਲੇ ਨਾਲ ਪੇਸ਼ ਕਰਨ ਵਿਚ ਵੀ ਹਿਚਕਚਾਉਂਦਾ ਨਹੀਂ ਹੈ। ਇਸ ਚੋਣ ਪ੍ਰਕ੍ਰਿਆ ਵਿਚ ਮਹੱਤਵਪੂਰਨ ਹੈ, ਵਿਅਕਤੀ ਦੀ ਸਿਖਲਾਈ। ਉਹ ਕਿਸੇ ਵੀ ਤਰ੍ਹਾਂ ਦੀ ਸਮਾਜਿਕ ਸਮੱਸਿਆ ਵੇਲੇ ਫ਼ੈਸਲਾ ਲੈਣ ਲੱਗਿਆ, ਕੀ ਸੋਚਦਾ ਹੈ, ਕਿਵੇਂ ਸੋਚਦਾ ਹੈ।

ਜਿਵੇਂ : ਸਾਡੇ ਕੋਲ ਜੱਦੀ-ਪੁਸ਼ਤੀ ਜਾਇਦਾਦ ਹੈ। ਸਾਡੇ ਪੁਰਖਿਆਂ ਨੇ ਮੇਹਨਤ ਕਰਕੇ ਜੋੜੀ ਹੈ। ਅਸੀਂ ਇਸ ਕਾਰਖਾਨੇ ਨੂੰ ਬਨਾਉਣ ਲਈ ਸਰਮਾਇਆ ਲਾਇਆ ਹੈ। ਮੇਰਾ ਕਰੋੜਾਂ ਰੁਪਈਆ ਲੱਗਿਆ ਹੈ ਤੇ ਹੁਣ। ਜੇਕਰ ਕਿਸੇ ਨੂੰ ਅਮੀਰ-ਗਰੀਬ ਹੋਣ ਦੇ ਇਤਿਹਾਸਕ, ਭੂਗੋਲਿਕ ਪਿਛੋਕੜ ਬਾਰੇ ਦੱਸਣ ਲੱਗੋ ਤਾਂ ਫਿਰ ਸਭ ਤੋਂ ਵੱਡਾ ਹਥਿਆਰ ਹੈ, ਕਿਸਮਤ। ਮੈਂ ਅਮੀਰ ਘਰੇਂ ਪੈਦਾ ਹੋਇਆ, ਤੂੰ ਨਿਮਨ ਜਾਤ ਵਾਲੇ ਦੇ ਘਰ। ਲੇਖਾਂ ਦੀ ਗੱਲ ਹੋਣ ਲੱਗਦੀ ਹੈ। ਤੇ ਫਿਰ ਫੈਸਲਿਆਂ ਦਾ ਆਧਾਰ ਹੀ ਬਦਲ ਜਾਂਦਾ ਹੈ। ਜਦੋਂ ਅਸੀਂ ਮਨੁੱਖ ਦੀ ਗੱਲ ਕਰ ਰਹੇ ਹਾਂ, ਮਨੁੱਖ ਦੇ ਵਿਲੱਖਣ ਦਿਮਾਗ ਦੀ ਗੱਲ ਕਰ ਰਹੇ ਹਾਂ ਤਾਂ ਉਸਦੇ ਫੈਸਲਿਆਂ ਵਿਚ, ਆਪਣੇ ਵਰਗੇ ਮਨੁੱਖਾਂ ਲਈ ਹੀ ਫੈਸਲੇ ਉਲਾਰ ਕਿਉਂ ਲੈ ਹੁੰਦੇ ਹਨ।

ਮਨੁੱਖ ਹੈ ਤਾਂ ਕੁਦਰਤ ਦੀ ਪੈਦਾਵਾਰ, ਪਰ ਉਹ ਰਿਹਾ ਨਹੀਂ ਹੈ। ਉਹ ਆਪਣੇ ਬਣਾਏ ਸਮਾਜਿਕ ਪ੍ਰਬੰਧ ਵਿੱਚ ਬਹੁਤ ਅੱਗੇ ਨਿਕਲ ਆਇਆ ਹੈ। ਇਸ ਲਈ ਉਸ ਦੇ ਫੈਸਲਿਆਂ ਵਿਚ ਸਮਾਜ ਦੀ ਬਣਤਰ ਪ੍ਰਮੁੱਖ ਰਹਿੰਦੀ ਹੈ। ਜਿਵੇਂ ਅਸੀਂ ਦੇਖਦੇ ਹਾਂ: ਅਮਰੀਕਾ-ਰੂਸ ਅਤੇ ਹੁਣ ਅਮਰੀਕਾ-ਚੀਨ ਦੇ ਆਪਸੀ ਕਿੰਨੇ ਵੱਡੇ ਹੀ ਵਖਰੇਵੇਂ ਹਨ ਤੇ ਇਕ ਦੂਸਰੇ ਨੂੰ ਖਤਮ ਕਰਨ ਦੀ ਹੱਦ ਤੱਕ ਪਹੁੰਚੇ ਹੋਏ ਹਨ।

ਦੇਸ਼ਾਂ ਅੰਦਰ, ਖਾਸ ਕਰ ਸਾਡੇ ਮੁਲਕ ਵਿਚ, ਉੱਤਰ-ਦੱਖਣ ਦੇ ਖੇਤਰੀ ਇਲਾਕਿਆਂ ਦੇ ਸਭਿਆਚਾਰ ਪ੍ਰਤੀ ਵਿਰੋਧ ਹੈ, ਨਾਲ ਹੀ ਧਰਮ ਅਤੇ ਜਾਤ ਦੇ ਪੱਖ ਤੋਂ ਆਪਸ ਵਿਚ ਨਫ਼ਰਤ ਤਕ ਭਰੀ ਹੋਈ ਹੈ। ਅਜਿਹੀ ਸਮਾਜਿਕ ਹਾਲਤ ਵਿਚ ਫੈਸਲੇ ਇਕਸਾਰ ਨਹੀਂ ਹੁੰਦੇ ਅਤੇ ਸਾਨੂੰ ਫੈਸਲਿਆਂ ਲਈ ਬੇਤੁਕੀਆਂ, ਗੈਰ-ਵਿਗਿਆਨਕ ਦਲੀਲਾਂ ਉਸਾਰਨੀਆਂ ਪੈਂਦੀਆ ਹਨ ਜਿਵੇਂ ਕਿਸਮਤ, ਲੇਖ ਆਦਿ।

ਪਰ ਕੁਦਰਤ ਵਿਚ ਮਨੁੱਖੀ ਵਿਕਾਸ ਨੂੰ ਦੇਖੀਏ ਤਾਂ ਮਨੁੱਖ ਦੇ ਜੰਗਲੀ ਜੀਵਨ ਦੇ ਆਖਰੀ ਦਿਨ ਅਤੇ ਫਿਰ ਮਿਲਕੇ ਸਮਾਜ ਦੀ ਰਚਨਾ ਕਰਕੇ ਰਿਹਾਇਸ਼ੀ ਬਣ ਕੇ ਗੁਜਾਰੇ ਮੁੱਢਲੇ ਦਿਨ, ਆਪਸੀ ਪਿਆਰ ਅਤੇ ਬਰਾਬਰੀ ਦੇ ਦਿਨ ਸੀ। ਅੱਜ ਵੀ ਜਦੋਂ ਅਸੀਂ ਆਪਣੇ ਆਲੇ-ਦੁਆਲੇ ਦੇ ਸਮਾਜ ਵਿਚ ਦੇਖਦੇ ਹਾਂ ਤੇ ਇੰਨ੍ਹਾਂ ਵਿਤਕਰਿਆਂ ਤੋਂ ਅਸਹਿਜ ਹੋ ਕੇ, ਇੱਕ ਬਰਾਬਰੀ ਵਾਲਾ ਸਮਾਜ ਹੀ ਚਾਹੁੰਦੇ ਹਾਂ। ਇਸ ਨੂੰ ਕਈ ਲੋਕ, ਇਕ ਸੁਪਨਾ ਕਹਿ ਕੇ ਹੱਸਦੇ ਹਨ, ਕਿਉਂਕਿ ਜਿਸ ਪੜਾਅ 'ਤੇ ਅਸੀਂ ਪਹੁੰਚ ਗਏ ਹਾਂ, ਉੱਥੋਂ ਵਾਪਸੀ ਮੁਸ਼ਕਿਲ ਹੀ ਨਹੀਂ, ਨਾ ਮੁਮਕਿਨ ਲਗਦੀ ਹੈ।

ਇਸ ਦਿਸ਼ਾ ਵਿਚ ਜਾਣ ਦਾ ਰਾਹ ਹੈ-ਵਿਵੇਕਸ਼ੀਲਤਾ।

ਇਹ ਵੀ ਸਾਡੇ ਦਿਮਾਗ ਦਾ ਹੀ ਗੁਣ ਹੈ। ਇਹ ਤਰਕ ਤੋਂ ਅਗਲਾ ਪੜਾਅ ਹੈ। ਇਹ ਸੁਪਨਾ ਨਹੀਂ ਹੈ, ਇਹ ਮਨੁੱਖਾਂ ਨੇ ਹੀ ਆਪਸੀ ਸੋਚ ਸਦਕਾ ਕਰਕੇ ਦਿਖਾਇਆ ਹੈ। ਛੋਟੇ-ਛੋਟੇ ਉੱਦਮ ਸਾਡੇ ਮੁਲਕ ਵਿਚ ਹੋਏ ਹਨ, ਜਿੱਥੇ ਵੱਡੇ ਜਗੀਰਦਾਰਾਂ ਤੋਂ ਜਮੀਨਾਂ ਲੈ ਕੇ, ਸਭ ਨੂੰ ਬਰਾਬਰ ਵੰਡੀਆਂ ਗਈਆਂ ਤੇ ਇਸੇ ਤਰ੍ਹਾਂ ਮਾਰਕਸ ਦੀ ਸੋਚ 'ਤੇ ਦੇਸ਼ ਨੂੰ ਸਭ ਦੀ ਪ੍ਰਾਪਰਟੀ ਮੰਨ ਕੇ, ਸਮਰੱਥਾ ਮੁਤਾਬਕ ਕੰਮ ਅਤੇ ਲੋੜ ਮੁਤਾਬਕ ਇਸਤੇਮਾਲ ਦੇ ਸਿਧਾਂਤ ਤਹਿਤ, ਕਾਰਜ ਕੀਤੇ ਗਏ।

ਉੱਥੇ ਇੱਕ ਪਾਸੇ ਧਰਮ ਸਮਾਜਿਕ ਬਰਾਬਰੀ ਵਿੱਚ ਅੜਿਕਾ ਵੀ ਬਣਦਾ ਹੈ ਜਦੋਂ ਉਹ ਲੇਖਾਂ ਅਤੇ ਕਿਸਮਤ ਦੀ ਗੱਲ ਕਰਦਾ ਹੈ। ਨਾਲ ਹੀ ਦੂਸਰੇ ਪਾਸੇ ਸਰਬੱਤ ਦੇ ਭਲੇ ਦੀ ਗੱਲ ਕਰਦਾ ਹੈ। ਪਰ ਜੇਕਰ ਗੌਰ ਨਾਲ ਗਹਿਰਾਈ ਵਿਚ ਜਾ ਕੇ ਸੋਚੋ ਤਾਂ 'ਸਰਬੱਤ ਦੇ ਭਲੇ' ਦੀ ਧਾਰਨਾ ਸਿਰਫ਼ ਉਨ੍ਹਾਂ ਨੂੰ ਰੋਟੀ ਅਤੇ ਕੱਪੜੇ ਤੱਕ ਹੀ ਸੀਮਤ ਰੱਖਦੀ ਹੈ। ਉਨ੍ਹਾਂ ਨੂੰ ਜ਼ਿੰਦਗੀ ਦੀਆਂ ਘੱਟੋ ਘੱਟ ਲੋੜਾਂ ਤਕ ਮਹਿਦੂਦ ਕਰਦੀ ਹੈ ਕਿ ਉਹ ਸਾਹ ਲੈਂਦੇ ਰਹਿਣ। ਉਹ ਚਾਹੇ ਪੜ੍ਹਾਈ ਦੀ ਗੱਲ ਹੈ, ਚਾਹੇ ਸਿਹਤ ਦੀ। ਇਸ ਲਈ ਮਾੜੇ ਮੋਟੇ ਸਕੂਲ ਖੋਲ੍ਹ ਦਿੱਤੇ ਜਾਣ। ਸਿਹਤ ਸਹੂਲਤਾਂ ਦੇ ਲਈ ਕੈਂਪ ਲਾ ਲਏ ਜਾਣ ਜਾਂ ਕਦੇ-ਕਦੇ ਰਾਸ਼ਨ ਵੰਡ ਦਿੱਤਾ ਜਾਵੇ। ਸਰਬੱਤ ਦੇ ਭਲੇ ਵਾਲਾ ਸਿਧਾਂਤ ਬਰਾਬਰੀ ਦੀ ਗੱਲ ਨਹੀਂ ਕਰਦਾ।

ਵਿਵੇਕਸ਼ੀਲਤਾ ਵਿਚ ਪੂਰੀ ਲੋਕਾਈ ਹੈ, ਸਭ ਲਈ ਬਰਾਬਰ ਮੌਕਿਆਂ ਦੀ ਗੱਲ ਹੈ। ਸਭ ਲਈ ਅੱਗੇ ਵਧਣ, ਵਿਕਾਸ ਕਰਨ ਲਈ ਇਕੋ ਜਿਹਾ ਮਾਹੌਲ ਮੁਹੱਈਆ ਕਰਵਾਉਣ ਦੀ ਗੱਲ ਹੈ। ਸਧਾਰਨ ਜਿਹੀ ਉਦਾਹਰਨ ਹੈ , ਅਜੋਕੇ ਪਰਿਪੇਖ ਵਿਚ, ਕੰਮ ਦੋ ਬੰਦਿਆਂ ਲਈ ਹੈ, ਕੰਮ ਲੈਣ ਵਾਲੇ ਪੰਜ ਹਨ। ਹੁਣ ਚੋਣ ਕਾਬਲੀਅਤ ਦੇ ਆਧਾਰ 'ਤੇ ਹੋਵੇ, ਪਰ ਨਹੀਂ। ਚੋਣ ਪ੍ਰਕ੍ਰਿਆ ਵਿਚ ਜਾਤ, ਧਰਮ,ਖਿੱਤਾ, ਅਸਰ-ਰਸੂਖ, ਪੈਸਾ, ਸਿਫਾਰਸ ਹੈ। ਇੱਥੇ ਕਾਬਲੀਅਤ ਤੋਂ ਵੱਧ ਲੋੜ ਵੀ ਹੋਰ ਪਹਿਲੂ ਹੈ। ਇਕ ਪਰਿਵਾਰ ਕੋਲ ਕੋਈ ਵੀ ਸਾਧਨ ਨਹੀਂ ਹੈ, ਕਿਸੇ ਵੀ ਤਰ੍ਹਾਂ ਦੇ ਗੁਜਾਰੇ ਦਾ, ਜਦੋਂ ਕਿ ਦੂਸਰੇ ਘਰਾਂ ਵਿੱਚ ਅਜੇ ਕੁੱਝ ਸੌਖਾ ਹੈ।

ਵਿਵੇਕ ਦੀ ਧਾਰਨਾ, ਮਨੁੱਖੀ ਦਿਮਾਗ ਵਿਚ ਪਈ ਸੋਚ 'ਤੇ ਆਸਰਿਤ ਹੈ। ਮੰਨ ਲਓ ਸਾਡੇ ਕੋਲ ਇੱਕ ਰੋਟੀ ਹੈ। ਅਸੀਂ ਉਸ ਨੂੰ ਦੋ ਕੁੱਤਿਆਂ ਨੂੰ ਪਾ ਦੇਦੇਂ ਹਾਂ। ਉਹ ਇੱਕ ਦੂਸਰੇ 'ਤੇ ਝਪਟਣਗੇ, ਇਕ ਦੂਸਰੇ ਨੂੰ ਖਾਣ ਨੂੰ ਪੈਣਗੇ। ਉਹੀ ਰੋਟੀ ਇੱਕ ਮਨੁੱਖ ਕੋਲ ਹੈ ਤੇ ਉਹ ਦੋ ਵਿਅਕਤੀ ਹਨ। ਉਹ ਉਸ ਨੂੰ ਅੱਧੀ-ਅੱਧੀ ਵੰਡ ਕੇ ਖਾਣਗੇ। ਇਸ ਦਾ ਕਾਰਨ ਹੈ ਕਿ ਮਨੁੱਖ ਨੂੰ ਪਤਾ ਹੈ ਸ਼ਾਮੀ ਹੋਰ ਇੰਤਜ਼ਾਮ ਕਰ ਲਵਾਂਗੇ। ਕੱਲ੍ਹ ਸਵੇਰ ਹੋਣੀ ਹੈ, ਕੋਈ ਨਾ ਕੋਈ ਪ੍ਰਬੰਧ ਹੋ ਹੀ ਜਾਵੇਗਾ। ਇਸ ਤਰ੍ਹਾਂ ਮਨੁੱਖੀ ਸੋਚ ਵਿਵੇਕੀ ਹੈ। ਇਹ ਇਸ ਤਰ੍ਹਾਂ ਕਰਨਾ ਜਾਣਦੀ ਹੈ। ਮਨੁੱਖ ਹੀ ਅਜਿਹਾ ਪ੍ਰਾਣੀ ਹੈ, ਜਿਸ ਨੂੰ ਭਵਿੱਖ ਦਾ ਅਹਿਸਾਸ ਹੈ ਤੇ ਉਹ ਜਦੋਂ ਇਸ ਪਹਿਲੂ ਤੋਂ ਸੋਚਦਾ ਹੈ ਤਾਂ ਉਹ ਵਿਵੇਕਸ਼ੀਲ ਹੋ ਰਿਹਾ ਹੁੰਦਾ ਹੈ।

ਵਿਵੇਕਸ਼ੀਲ ਵਿਅਕਤੀ ਦੇ ਪ੍ਰਮੁੱਖ ਗੁਣ ਹਨ, 'ਮੈਂ' ਨੂੰ ਪਾਸੇ ਰੱਖਣਾ, ਨਿੱਜ ਨੂੰ ਭਾਰੂ ਨਾ ਹੋਣ ਦੇਣਾ। ਆਪਣੇ ਸਭਿਆਚਾਰਕ ਵਖਰੇਵਿਆਂ ਪ੍ਰਤੀ ਜਜ਼ਬਾਤੀ ਨਾ ਹੋਣਾ। ਫੈਸਲਿਆਂ ਨੂੰ ਸਮੇਂ-ਸਮੇਂ ਵਿਚਾਰਣਾ। ਗਲਤ ਲਏ ਗਏ ਫੈਸਲਿਆਂ ਪ੍ਰਤੀ ਵਾਪਸ ਮੁੜ ਵਿਚਾਰਨ ਦੀ ਹਿੰਮਤ ਕਰਨਾ ਤੇ ਨਕਾਰਨ ਵੇਲੇ ਗੁਰੇਜ, ਪਰਹੇਜ ਨਾ ਕਰਨਾਂ। ਠੀਕ ਅਤੇ ਮਨੁੱਖ ਪੱਖੀ ਫੈਸਲਿਆਂ ਨਾਲ ਖੜਣਾ ਭਾਵੇਂ ਲੱਗੇ ਕਿ ਖ਼ੁਦ ਨੂੰ ਨੁਕਸਾਨ ਹੋ ਰਿਹਾ ਹੈ। ਜਿਵੇਂ ਬਰਾਬਰ ਜ਼ਮੀਨ ਵੰਡ ਦੀ ਮੁਹਿੰਮ ਤਹਿਤ, ਜਿਸ ਕੋਲ ਵੱਧ ਜ਼ਮੀਨ ਹੈ, ਉਸ ਨੂੰ ਦੇਣੀ ਪੈਂਦੀ ਹੈ। ਉਸ ਬਾਰੇ ਵਿਵੇਕ ਇਹ ਕਹਿੰਦਾ ਹੈ ਕਿ ਨਹੀਂ, ਇਹ ਫੈਸਲਾ ਮਨੁੱਖੀ ਹੈ, ਕੁਦਰਤ ਦੇ ਹੱਕ ਵਿੱਚ ਹੈ। ਇਸ ਲਈ ਇਹੀ ਰਾਹ ਠੀਕ ਹੈ।

ਸਾਰੀ ਗੱਲ ਨੂੰ ਇਸ ਪੱਖ ਤੋਂ ਸਮੇਟ-ਸਮਝ ਸਕਦੇ ਹਾਂ ਕਿ ਅਸੀਂ ਅੱਜ ਜਿੱਥੇ ਪਹੁੰਚੇ ਹੋਏ ਹਾਂ, ਆਪਣੀ ਸਮਾਜਿਕ ਵੰਡ ਨੂੰ ਬਚਾ ਕੇ ਰੱਖਣ ਵਾਲੇ ਤੌਰ ਤਰੀਕਿਆਂ ਨੂੰ ਮੁੜ ਤੋਂ ਵਿਚਾਰੀਏ। ਕੁਦਰਤ ਦੇ ਹਾਣ ਦਾ ਸਮਾਜਿਕ ਮਾਹੌਲ ਬਣਾਈਏ। ਹਰ ਤਰ੍ਹਾਂ ਦੇ ਕੰਮ ਕਾਜ ਹਨ। ਕੰਮ ਵੰਡ ਵਿਚ ਉਚ ਨੀਚ, ਨਫ਼ਰਤ ਨਾ ਰੱਖੀਏ। ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਨੂੰ ਸਾਹਮਣੇ ਰੱਖਦੇ ਹੋਏ, ਆਹੁਦੇ ਦੀ ਆਰਥਿਕਤਾ ਵਿਚ ਸੰਤੁਲਨ ਹੋਵੇ ਤਾਂ ਜੋ ਸਾਰੇ 'ਮਨੁੱਖੀ ਮਾਣ' ਦੀ ਤਰਜ ਦੀ ਜ਼ਿੰਦਗੀ ਜੀ ਸਕਣ।

98158-08506

ਪੰਨਾ 44 ਦਾ ਬਾਕੀ...

ਚਾਹੀਦੀਆਂ। ਪਹਿਲਾ ਪੈਰਾ ਪੜ੍ਹੋ। ਕਿਸਾਨ ਜਿੱਥੋਂ ਤੁਰਿਆ ਸੀ, ਉਸ ਨੇ ਉੱਥੇ ਪਹੁੰਚਣਾ ਹੈ। ਬੰਦੇ ਦੀ ਲੋਚਾ ਤੇ ਲੋੜਾਂ ਵਿੱਚ ਟਕਰਾ ਹੈ। ਬੰਦੇ ਦੀਆਂ ਲੋੜਾਂ ਸੀਮਤ ਤੇ ਇੱਛਾਵਾਂ ਅਸੀਮਤ ਹਨ, ਬੰਦੇ ਦਾ ਇਹੀ ਸੰਕਟ ਹੈ, ਜੋ ਕਹਾਣੀ ਦਸਦੀ ਹੈ'।

ਉੱਧਰ ਕੁਮੈਂਟੇਟਰ ਦੀਆਂ ਆਵਾਜਾਂ ਆ ਰਹੀਆਂ ਸਨ ਕਿ ਗੱਭਰੂ ਰੇਡ 'ਤੇ ਚੱਲਿਆ ਹੈ, ਇੱਕ ਪਾਸੇ ਤੇਰਾਂ ਹਜਾਰ ਡਾਲਰ ਤੇ ਦੂਜੇ ਪਾਸੇ ਗਿਆਰਾਂ ਹਜਾਰ ਦਾ ਸੁਆਲ ਹੈ, ਹੁਣ ਨਿੱਤਰੂ ਵੜੇਵੇਂ ਖਾਣੀ ਕੁੰਢੀਆਂ ਦੇ ਸਿੰਗ ਫਸ ਗਏ। ਫਿਰ ਪੁਆਇੰਟ ਪਿੱਛੇ ਰੌਲਾ ਪੈ ਗਿਆ। ਹਨੇਰਾ ਵਧ ਰਿਹਾ ਸੀ। ਦਰਸ਼ਕ ਖਿੰਡਣੇ ਸ਼ੁਰੂ ਹੋ ਗਏ। ਡਾਲਰਾਂ ਦੇ ਰੌਲੇ ਵਿੱਚ ਖੇਡ ਗੁਆਚਦੀ ਦਿਸ ਰਹੀ ਸੀ।

ਨਾਵਲ ਅੰਸ਼

ਉਹ 21 ਦਿਨ



ਗੁਰਮੀਤ ਕੜਿਆਲਵੀ

ਪੰਜਾਬੀ ਦੇ ਸਮਰੱਥ, ਪ੍ਰਤੀਬੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਦੇ ਪਲੇਠੇ ਨਾਵਲ 'ਉਹ ਇੱਕੀ ਦਿਨ' ਵਿੱਚੋਂ ਇੱਕ ਅੰਸ਼ ਪਾਠਕਾਂ ਨਾਲ ਸਾਂਝਾ ਕਰਨ ਦੀ ਖੁਸ਼ੀ ਲੈ ਰਹੇ ਹਾਂ। ਅਜੋਕੇ ਸਮੇਂ ਵਿੱਚ ਕੋਰੋਨਾ ਕਾਲ ਦੇ ਬਿਰਤਾਂਤ ਨਾਲ ਜ਼ਿੰਦਗੀ ਨੂੰ ਸੁਖਾਵੇਂ ਰੁਖ ਤੋਰਨ ਲਈ ਮਾਰਗ ਦਰਸਨ ਕਰਦਾ ਇਹ ਨਾਵਲ ਪੰਜਾਬੀ ਸਾਹਿਤ ਦਾ ਹਾਸਲ ਹੈ। ...... ਅਦਾਰਾ

'ਆਹ ਹੁਣ ਵੇਖ ਲਿਓ, ਕਰੋਨਾ ਵਾਇਰਸ ਤੋਂ ਬਚਾ ਵਾਸਤੇ ਦਵਾਈਆਂ ਵੀ ਕੱਢ ਦੇਣੀਆਂ ਅਗਲਿਆਂ ਨੇ। ਆਪਣੇ ਵਰਗਿਆਂ ਨੇ ਮਹਿੰਗੀਆਂ ਸਸਤੀਆਂ ਨ੍ਹੀ ਵੇਖਣੀਆਂ, ਖਰੀਦ ਲੈਣੀਆਂ ਡਰਦਿਆਂ ਈ।' ਆਨੰਦ ਨੇ ਹੈਰਾਨ ਹੋ ਕੇ ਨਿਰਭੈ ਵੱਲ ਵੇਖਿਆ। ਉਸ ਨੂੰ ਯਕੀਨ ਨਾ ਆਇਆ ਕਿ ਇਹ ਉਹੀ ਨਿਰਭੈ ਸੀ-ਜਿਹੜਾ ਹਰ ਵਕਤ 'ਆਪਾਂ ਤਾਂ ਸਮਝਲੋ ਗਏ' ਦਾ ਰਾਗ ਅਲਾਪਦਾ ਰਹਿੰਦਾ ਸੀ।

ਸ਼ੁਕਰ ਆ ਉਏ ਭਰਾਵਾ, ਤੇਰੇ ਦਿਮਾਗ 'ਚ ਵੀ ਕੋਈ ਚੱਜ ਦੀ ਗੱਲ ਆਈ, ਨਹੀਂ ਤਾਂ ਤੂੰ ਕਿਹੜਾ 'ਮੇਰਾ ਕਹਿਣ ਦਾ ਮਤਲਬ' ਵਾਲੇ ਐਸ.ਡੀ.ਐਮ. ਨਾਲੋਂ ਘੱਟ ਸੀਗਾ। ਹਰ ਵਕਤ 'ਆਪਾਂ ਤਾਂ ਸਮਝਲੋ ਗਏ-ਆਪਾਂ ਤਾਂ ਸਮਝਲੋ ਗਏ' ਦਾ ਰੌਲਾ ਪਾ ਕੇ ਸਾਡੇ ਫਿਊਜ਼ ਉਡਾਈ ਰੱਖਦਾ ਸੀਗਾ। ਅੱਧੇ ਸੈਂਟਰ ਨੂੰ ਤਾਂ ਤੇਰੀਆਂ ਗਿਣਤੀਆ-ਮਿਣਤੀਆਂ ਈ ਡਰਾਈ ਰੱਖਦੀਆਂ ਸੀਗੀਆਂ।' ਡਰਾਇਵਰ ਗੁਰਚਰਨ ਦੀ ਗੱਲ 'ਤੇ ਸਾਰੇ ਹੱਸ ਪਏ। ਆਨੰਦ ਨੇ ਸਾਰਿਆਂ ਨੂੰ ਚੁੱਪ ਹੋ ਜਾਣ ਦਾ ਇਸ਼ਾਰਾ ਕਰ ਦਿੱਤਾ।

'ਸਾਰੇ ਵਪਾਰੀਆਂ ਨੇ ਡਰ ਹੀ ਵੇਚਣਾ ਹੈ। ਅਰਬਾਂ-ਖਰਬਾਂ ਡਾਲਰਾਂ ਦੀਆਂ ਮਾਲਕ ਦਵਾਈ ਕੰਪਨੀਆਂ ਨੇ ਡਰ ਪੈਦਾ ਕਰਕੇ ਦਵਾਈਆਂ ਵੇਚਣੀਆਂ। ਆਹ ਇੰਜੈਕਸ਼ਨ ਨਾ ਲੁਆਇਆ ਤਾਂ ਆਹ ਬਿਮਾਰੀ ਹੋਜੂ। ਅਹਿ ਮੈਡੀਸਨ ਨਾ ਲਈ ਤਾਂ ਅਹਿ ਕੰਪਲੀਕੇਸ਼ਨ ਆ ਜਾਊ। ਅਹਿ ਕੈਪਸੂਲ ਬਿਨਾ ਅਹਿ ਹੈਲਥ ਪਰੌਬਲਮ ਹੋ ਜਾਊ। ਹੁਣ ਕੀ ਹੋਵੇਗਾ-ਲੋਕ ਟੈਸਟ ਕਰਾਉਣ ਲਈ ਲੈਬਾਰਟਰੀਆਂ ਵੱਲ ਨੂੰ ਭੱਜਣਗੇ। ਕੰਪਨੀਆਂ ਧੜਾ-ਧੜ ਟੈਸਟ ਕਿੱਟਾਂ ਤਿਆਰ ਕਰਨਗੀਆਂ। ਇਮਊਨਟੀ ਵਧਾਉਣ ਲਈ ਕੈਪਸੂਲ ਮਾਰਕੀਟ 'ਚ ਉਤਾਰੇ ਜਾਣਗੇ। ਨਵੇਂ-ਨਵੇਂ ਯੋਗਾ ਗੁਰੂ, ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਾਉਣ ਲਈ ਨਵੇਂ-ਨਵੇਂ ਢੰਗ ਦੱਸਣਗੇ। ਦੇਸੀ ਜੜੀ ਬੂਟੀਆਂ ਵੇਚਣ ਦੇ ਨਾਂ ਹੇਠ ਉਹਨਾਂ ਦਾ ਵਪਾਰ ਸ਼ੈਤਾਨ ਦੀ ਆਂਦਰ ਵਾਂਗੂੰ ਵਧਦਾ ਹੀ ਜਾਵੇਗਾ।'

'ਸੁਣਲਾ ਕਾਹਲਾ ਸਿਆਂ ਧਿਆਨ ਨਾਲ-ਅਖੇ ਘੁੱਗੀ ਕੀ ਜਾਣੇ ਸਤਿਗੁਰੂ ਕੀਆਂ ਬਾਤਾਂ। ਆਪਾਂ ਤਾਂ ਟਿਕਟਾਂ 'ਚ ਮੋਰੀਆਂ ਕੱਢਣ ਜੋਗੇ ਈ ਆਂ-ਆਪਾਂ ਨ੍ਹੀ ਸਮਝ ਸਕਦੇ ਇਹ ਚੌਂਦੇ ਮੱਸਿਆ ਆਲਾ ਗੋਰਖ਼ ਧੰਦਾ।' ਡਰਾਈਵਰ ਗੁਰਚਰਨ, ਕੰਡਕਟਰ ਨੂੰ ਸੰਬੋਧਨ ਹੁੰਦਾ ਹੈ।

'ਮੁਲਾਇਮ ਚਮੜੀ ਵਾਲੀਆਂ ਐਕਟਰਨੀਆਂ ਨਵੇਂ-ਨਵੇਂ ਫੂਡ ਉਤਪਾਦਾਂ ਦੀ ਮਸ਼ਹੂਰੀ ਕਰਨਗੀਆਂ। ਮਹਾਂਮਾਰੀ ਤੋਂ ਬਚਾਅ ਲਈ ਕਿਸੇ ਖਾਸ ਕੰਪਨੀ ਦੇ ਆਰ. ਓ. ਦਾ ਪਾਣੀ ਪੀਣ ਲਈ ਕਿਹਾ ਜਾਵੇਗਾ। ਨਹਾਉਣ ਲਈ ਵਿਸ਼ੇਸ਼ ਤਰ੍ਹਾਂ ਦੇ ਸ਼ੈਂਪੂ ਤੇ ਸਾਬਣ ਵਰਤਣ 'ਤੇ ਜ਼ੋਰ ਦਿੱਤਾ ਜਾਊ। ਝੱਗ ਨਾਲ ਭਰੇ ਬਾਥ-ਟੱਬ 'ਚ ਨਹਾਉਂਦੀਆਂ ਸੁੰਦਰੀਆਂ ਅੱਗੇ ਕਰੋਨਾ ਭੱਜਦਾ ਹੋਇਆ ਦਿਖਾਇਆ ਜਾਵੇਗਾ। ਗੱਲ ਕੀ ਲੋਕਾਂ ਅੱਗੇ ਜੋ ਪਰੋਸਿਆ ਜਾਵੇਗਾ-ਲੋਕ ਡਰਦੇ ਖਰੀਦੀ ਜਾਣਗੇ।'

'ਅਹਿ ਹੁੰਦਾ ਸਤਿਸੰਗ-ਅਖੇ ਸੁਣਲਾ ਮਨਚਿਤ ਲਾਕੇ ਸਤਿਸੰਗ ਦੋ ਘੜੀਆਂ।' ਡਰਾਇਵਰ ਗੁਰਚਰਨ ਵਜ਼ਦ 'ਚ ਆ ਕੇ ਸਿਰ ਮਾਰਨ ਲੱਗਿਆ ਹੈ।

'ਭਰਾਵਾ, ਜੇ ਤੂੰ ਤੇ ਤੇਰੀ ਉਹ ਬਿਨਾ ਦਵਾਈਆਂ ਵਾਲੀ ਡਾਕਟਰਨੀ ਨਾ ਹੁੰਦੀ, ਏਥੇ ਅੰਮ੍ਰਿਤਸਰ ਵਾਲਾ ਪਾਗਲਖ਼ਾਨਾ ਬਣ ਜਾਣਾ ਸੀ। ਹੋ ਸਕਦਾ ਕਈਆਂ ਦਾ ਤਾਂ ਗੁੱਗਾ ਈ ਪੂਜਿਆ ਜਾਂਦਾ। ਹੋ ਸਕਦਾ ਟੈਨਸ਼ਨ 'ਚ ਆ ਕੇ ਬੁਲਾਰੇ ਵਰਗਾ ਕੋਈ ਤੀਜੀ ਮੰਜ਼ਿਲ 'ਤੋਂ ਛਾਲ ਈ ਮਾਰ ਦਿੰਦਾ।' ਸੁਰਜੀਤ ਕੰਡਕਟਰ ਦੀਆਂ ਅੱਖਾਂ ਸ਼ੁਕਰਾਨੇ ਨਾਲ ਭਰ ਆਈਆਂ।

'ਬੜਾ ਠੰਡਾ ਦਿਮਾਗ ਐ ਵੀ ਡਾਕਟਰਨੀ ਦਾ। ਹੱਸੂ-ਹੱਸੂ ਕਰਦਾ ਮੁੱਖੜਾ ਤਿਊੜੀ ਨ੍ਹੀ ਦੇਖੀ ਮੱਥੇ 'ਤੇ।' ਸੁਣਕੇ ਆਨੰਦ ਨੂੰ ਲੱਗਾ ਜਿਵੇਂ ਕਿਸੇ ਨੇ ਮਿਸ਼ਰੀ ਦੀ ਡਲੀ ਉਸ ਦੀ ਜੀਭ 'ਤੇ ਰੱਖ ਦਿੱਤੀ ਹੋਵੇ।

'ਕਰੋਨਾ ਦਾ ਡਰ ਮੁੱਕਣ ਤੋਂ ਬਾਅਦ, ਮਾਨਸਿਕ ਬੀਮਾਰੀਆਂ ਦਾ ਸ਼ਿਕਾਰ ਲੋਕ ਖੁੰਭਾਂ ਵਾਂਗ ਨਵੇਂ-ਨਵੇਂ ਪੈਦਾ ਹੋਏ ਡੇਰਿਆਂ 'ਚੋਂ ਦੁੱਖਾਂ ਦਾ ਹੱਲ ਤਲਾਸ਼ ਕਰਨਗੇ। ਰਾਜਨੀਤੀ ਡਰ ਦਿਖਾ ਕੇ ਹੋਰ ਆਪਹੁਦਰੀ ਹੋ ਜਾਊ। ਲੋਕਾਂ ਦੇ ਅਧਿਕਾਰ ਹੋਰ ਘੱਟ ਕਰ ਦਿੱਤੇ ਜਾਣਗੇ। ਸਰਕਾਰਾਂ ਸਵੈ-ਨਿਰਭਰਤਾ ਦੇ ਨਾਟਕ ਨਾਲ ਚੰਗੇ ਭਲੇ ਚੱਲਦੇ ਅਦਾਰੇ ਕੌਡੀਆਂ ਦੇ ਭਾਅ

ਆਪਣੇ ਚਹੇਤਿਆਂ ਨੂੰ ਫੜਾ ਦੇਣਗੀਆਂ। ਧਨਾਡਾਂ ਕੋਲ ਪਹਿਲਾਂ ਤੋਂ ਹੀ ਗਹਿਣੇ ਪਿਆ ਦੇਸ਼, ਉਹਨਾਂ ਦੀਆਂ ਜੇਬਾਂ 'ਚ ਹੋਰ ਸੁੰਗੜ ਜਾਵੇਗਾ।' ਆਨੰਦ ਅੰਦਰਲਾ ਗਿਆਨ ਸਾਰਿਆਂ 'ਤੇ ਆਪਣਾ ਜਾਦੂ ਧੂੜੀ ਜਾਂਦਾ ਹੈ।

ਸਾਰੇ ਆਨੰਦ ਦੇ ਮੂੰਹ ਵੱਲ ਹੈਰਾਨੀ ਨਾਲ ਵੇਖੀ ਜਾਂਦੇ ਹਨ। ਉਹਨਾਂ ਨੂੰ ਉਸਦੀਆਂ ਗੱਲਾਂ ਅੱਧ-ਪਚੱਧ ਹੀ ਸਮਝ ਆਉਂਦੀਆਂ ਹਨ।

'ਬਹੁਤ ਡੂੰਘੀਆਂ ਗੱਲਾਂ ਜਵਾਨਾ।' ਸਰਕਾਰੀ ਬੱਸਾਂ ਵਾਲੇ ਡਰਾਇਵਰ ਮੇਜਰ ਨੇ ਵੀ ਹਾਂ 'ਚ ਹਾਂ ਰਲਾ ਦਿੱਤੀ ਹੈ। ਸੁੱਜੇ ਪੈਰਾਂ ਵਾਲੇ ਮਜ਼ਦੂਰ ਵੀ ਉਹਨਾਂ ਦੇ ਕੋਲ ਆ ਬੈਠੇ ਹਨ।

'ਜਿਹੜੀਆਂ ਗੱਲਾ ਮੈਂ ਕਹਿ ਰਿਹੈਂ, ਇਹ ਹੋਣੀਆਂ ਨਹੀਂ ਹੋ ਚੁੱਕੀਆਂ ਨੇ। ਕਿਰਤ ਕਾਨੂੰਨ ਰੱਦ ਕਰ ਦਿੱਤੇ ਗਏ ਨੇ। ਕੰਮ ਦੇ ਘੰਟੇ ਵਧਾ ਦਿੱਤੇ। ਮਾਲਕ ਬਾਹੋਂ ਫੜ ਕੇ ਜਦੋਂ ਮਰਜੀ ਬਾਹਰ ਦਾ ਰਸਤਾ ਵਿਖਾ ਦੇਵੇ, ਕੋਈ ਚਾਰਜੋਈ ਨ੍ਹੀ ਹੋਣੀ। ਮਤਲਬ ਕਿ ਮਾਲਕ ਹੁਣ ਮਜ਼ਦੂਰ ਤੋਂ ਪਸ਼ੂਆਂ ਵਾਂਗ ਕੰਮ ਲੈ ਸਕੇਗਾ।'

'ਸਾਨੂੰ ਵੀ ਬਾਹੋਂ ਫੜਕੇ ਈ ਬਾਹਰ ਕੱਢਿਆ। ਕਿੱਥੇ ਜਾ ਕੇ ਦਾਦ ਫਰਿਆਦ ਕਰੀਏ? ਕੌਣ ਸੁਣੇਗਾ? ਸਾਰੇ ਸਰੀਰ 'ਚ ਚਸਕਾਂ ਪੈਂਦੀਆਂ-ਨੀਂਦ ਨ੍ਹੀ ਆਉਂਦੀ। ਅਸੀਂ ਤਾਂ...।' ਸਰਬਣ ਅੱਖਾਂ ਭਰ ਆਇਆ ਹੈ। ਉਸ ਨੇ ਦੋਵਾਂ ਹੱਥਾਂ ਨਾਲ ਸੁੱਜੇ ਪਏ ਗਿੱਟਿਆਂ ਨੂੰ ਘੁੱਟ ਲਿਆ ਹੈ।

'ਚਰਨਜੀਤ ਵਰਗੀਆ ਹਜ਼ਾਰਾਂ ਟੀਚਰਾਂ ਨੂੰ ਸਕੂਲਾਂ ਵਾਲਿਆਂ ਨੇ ਘਰੇ ਤੋਰ ਦਿੱਤਾ। ਜਿੰਨਾ ਟੀਚਰਾਂ ਦੇ ਸਿਰ 'ਤੇ ਪ੍ਰਾਈਵੇਟ ਸਕੂਲਾਂ ਵਾਲਿਆਂ ਨੇ ਆਪਣੇ ਵੱਡੇ-ਵੱਡੇ ਰਾਜ ਭਾਗ ਖੜੇ ਕਰਲੇ, ਉਹਨਾਂ ਨੂੰ ਕਹਿੰਦੇ ਹੁਣ ਥੋਡੀ ਲੋੜ ਨਹੀਂ ਹੈ। ਹਜ਼ਾਰਾਂ-ਲੱਖਾਂ ਪਰਿਵਾਰ ਰੋਟੀ ਤੋਂ ਆਥਰ ਹੋਗੇ। ਕੌਣ ਸੁਣੂ ਦਾਦ ਫਰਿਆਦ?' ਸੁਰਜੀਤ ਅੰਦਰੋਂ ਦਰਦ ਛਲਕਿਆ ਹੈ।

'ਕੌਣ ਸੁਣੇਗਾ? ਕੋਈ ਨਹੀਂ ਸੁਣੇਗਾ। ਰਾਜਨੀਤੀ ਹੁਣ ਦੇਸ਼ ਭਗਤੀ ਦਾ ਨਵਾਂ ਰਾਗ ਲੈ ਕੇ ਆ ਰਹੀ ਹੈ। ਕੰਮ ਦੀ ਮੰਗ ਕਰਨ ਵਾਲੇ ਨੂੰ ਦੇਸ਼ ਧਰੋਹੀ ਗਰਦਾਨ ਦਿੱਤਾ ਜਾਣਾ ਹੈ। ਤੁਸੀਂ ਸੜਕਾਂ 'ਤੇ ਆ ਕੇ ਰੁਜ਼ਗਾਰ ਮੰਗੋਗੇ-ਉਹ ਤੁਹਾਨੂੰ ਦੇਸ਼ ਦਾ ਗਦਾਰ ਕਹਿਣਗੇ। ਤੁਸੀਂ ਬਿਮਾਰ ਬੱਚੇ ਲਈ ਦਵਾਈ ਦੇਣ ਲਈ ਆਖੋਗੇ-ਉਹ ਕਹਿਣਗੇ ਤੁਹਾਡੇ ਲਈ ਆਲੀਸ਼ਾਨ ਧਰਮ ਅਸਥਾਨ ਉਸਾਰ ਰਹੇ ਹਾਂ। ਤੁਸੀਂ ਕਹੋਂਗੇ ਸਾਡੇ ਬੱਚਿਆਂ ਲਈ ਸਕੂਲ ਕਾਲਜ ਬਣਾਉ-ਉਹ ਕਹਿਣਗੇ ਸਰਕਾਰੀ ਅਦਾਰੇ ਬਾਗੀ ਪੈਦਾ ਕਰਦੇ ਨੇ। ਤੁਸੀਂ ਆਪਣੇ ਸ਼ਹਿਰ ਦੇ ਵਿਕਾਸ ਦੀ ਗੱਲ ਕਰੋਂਗੇ-ਉਹ ਕਹਿਣਗੇ ਤੁਹਾਡੇ ਸ਼ਹਿਰ ਦਾ ਨਾਂ ਪੁਰਾਣੀ ਸੰਸਕ੍ਰਿਤੀ ਅਨੁਸਾਰ ਸਵਰਗਪੁਰੀ ਰੱਖ ਦਿੱਤਾ ਹੈ। ਪਿਆਰੇ ਦੋਸਤੋ, ਵਿਰੋਧ ਦੀ ਗੱਲ ਕਰਨ ਵਾਲੇ ਜੇਲ੍ਹ ਦੀਆਂ ਸਾਲਾਖ਼ਾਂ ਪਿੱਛੇ ਹੋਣਗੇ। ਤੁਹਾਡੇ ਵਿਰੋਧ ਦਾ ਇੱਕੋ-ਇੱਕ ਜਵਾਬ ਹੋਵੇਗਾ-ਜ਼ੁਬਾਨਬੰਦੀ।' ਆਨੰਦ ਦੇਸ਼ ਦੀ ਸਾਰੀ ਵਿਵਸਥਾ ਦਾ ਚੀਰ-ਫਾੜ ਕਰਕੇ ਰੱਖ ਦਿੰਦਾ ਹੈ।

'ਯਾਰ ਐਨੀਆਂ ਸਿਆਣੀਆਂ ਗੱਲਾਂ ਕਿੱਥੋਂ ਸਿੱਖਦੈ? ਡੂੰਘੀਆਂ-ਡੂੰਘੀਆਂ।' 'ਕਿਤਾਬਾਂ 'ਚੋਂ।'

'ਆਹ ਸਾਰੀਆਂ ਗੱਲਾਂ ਈ ਕਿਤਾਬਾਂ 'ਚ ਹੁੰਦੀਆਂ?' ਨਿਰਭੈ ਹੈਰਾਨ ਹੋ ਕੇ ਪੁੱਛਦਾ ਹੈ।

'ਜ਼ਿੰਦਗੀ ਹੈ ਕੀ ਤੇ ਜਿਉਣੀ ਕਿਵੇਂ ਚਾਹੀਦੀ-ਇਹ ਕਿਤਾਬਾਂ ਪੜ੍ਹਕੇ ਈ ਪਤਾ ਲੱਗਦਾ। ਕਿਸੇ ਵਿਦਵਾਨ ਦਾ ਕਥਨ ਹੈ ਕਿ ਬਿਹਤਰ ਜ਼ਿੰਦਗੀ ਦਾ ਰਸਤਾ ਕਿਤਾਬਾਂ ਵਿਚੋਂ ਦੀ ਹੋ ਕੇ ਜਾਂਦਾ ਹੈ। ਕਿਤਾਬਾਂ ਸਾਨੂੰ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਵੀ ਕਰਾਉਂਦੀਆਂ ਹਨ। ਮੈਨੂੰ ਹੁਣ ਯਾਦ ਨਹੀਂ ਆ ਰਿਹਾ ਕਿੱਥੇ ਪੜ੍ਹਿਆ, ਕਿਸੇ ਫਿਲਾਸਫ਼ਰ ਨੇ ਲਿਖਿਆ ਕਿ ਮਨੁੱਖ ਓਨੀ ਦੇਰ ਹੀ ਜਿਉਂਦਾ ਜਿੰਨੀ ਦੇਰ ਕਿਤਾਬਾਂ ਪੜ੍ਹਦਾ ਹੈ।'

'ਜੀਅ ਉਏ ਸੋਹਣਿਆ-ਜਿੰਨਾ ਚਿਰ ਤੇਰਾ ਜੀਅ ਕਰਦਾ ਓਨਾ ਚਿਰ ਜੀਅ।' ਗੁਰਚਰਨ ਥਾਪੜਾ ਦਿੰਦਾ ਹੈ।

'ਕਿਤਾਬਾਂ ਸਾਡੇ ਅੰਦਰ ਵਿਚਾਰਾਂ ਦਾ ਯੁੱਧ ਛੇੜ ਦਿੰਦੀਆਂ ਨੇ। ਜਿਹੜੀ ਮੈਂ ਮਨੁੱਖ ਅੰਦਰਲੇ ਡਰਾਂ ਦੀ ਗੱਲ ਕੀਤੀ ਹੈ ਨਾ, ਇਹਨਾਂ ਡਰਾਂ ਨੂੰ ਖ਼ਤਮ ਕਰਨ ਦਾ ਸਭ ਤੋਂ ਵੱਡਾ ਜ਼ਰੀਆ ਵੀ ਪੁਸਤਕਾਂ ਹੀ ਨੇ। ਲੋਕਾਂ ਅੰਦਰਲੇ ਡਰ ਬੰਦ ਹੋਣ ਦੀ ਦੇਰ ਹੈ, ਫਿਰ ਡਰ ਦੀ ਰਾਜਨੀਤੀ ਕਰਨ ਵਾਲੀਆਂ ਸਰਕਾਰਾਂ ਬਣਨੀਆਂ ਵੀ ਬੰਦ ਹੋ ਜਾਣਗੀਆਂ।' ਆਨੰਦ ਨੇ ਆਪਣਾ 'ਸਤਿਸੰਗ' ਖ਼ਤਮ ਕੀਤਾ ਤਾਂ ਸੁਣਨ ਵਾਲਿਆਂ ਨੇ ਆਪਣੇ ਆਪ ਨੂੰ ਭਰਿਆ ਭਰਿਆ ਮਹਿਸੂਸ ਕੀਤਾ।

98726 40994

ਪੰਨਾ 52 ਦਾ ਬਾਕੀ...

ਆਜ਼ਾਦ ਨਹੀਂ।ਉਹ ਕਿੰਨਾ ਵੀ ਜ਼ੁਲਮ ਢਾਹੁਣ, ਮੈਨੂੰ ਕਦੇ ਵੀ ਰਹਿਮ ਲਈ ਨਹੀ ਝੁਕਾ ਸਕਦੇ ਕਿਉਂਕਿ ਮੈਂ ਆਪਣੇ ਯਕੀਨ ਨੂੰ ਛੱਡ ਦੇਣ ਦੀ ਥਾਂ ਸਿਰ ਉੱਚਾ ਕਰ ਕੇ ਮਰਨਾ ਪਸੰਦ ਕਰਾਂਗਾ।ਇਕ ਦਿਨ ਆਵੇਗਾ ਜਦੋਂ ਇਤਿਹਾਸ ਬੋਲੇਗਾ ਪਰ ਇਹ ਉਹ ਇਤਿਹਾਸ ਨਹੀਂ ਜੋ ਪੈਰਿਸ, ਲੰਡਨ ਜਾਂ ਯੁਨਾਈਟਿਡ ਨੇਸ਼ਨ ਵੱਲੋਂ ਪੜ੍ਹਾਇਆ ਜਾਵੇਗਾ।ਇਹ ਉੱਥੇ ਪੜ੍ਹਾਇਆ ਜਾਵੇਗਾ ਜਿੱਥੇ ਦੇਸ਼ਾਂ ਨੇ ਬਸਤੀਵਾਦ ਅਤੇ ਉਨ੍ਹਾਂ ਦੀਆਂ ਕਠਪੁਤਲੀਆਂ ਤੋਂ ਆਜ਼ਾਦੀ ਹਾਸਲ ਕੀਤੀ ਹੋਵੇਗੀ। ਅਫਰੀਕਾ ਆਪਣਾ ਇਤਿਹਾਸ ਆਪ ਲਿਖੇਗਾ ਜੋ ਕੇ ਸਵੈਮਾਣ ਦਾ ਇਤਿਹਾਸ ਹੋਵੇਗਾ।

ਕੌਂਗੋ ਜਿੰਦਾਬਾਦ, ਅਫ਼ਰੀਕਾ ਜ਼ਿੰਦਾਬਾਦ।

ਥਿਸਵਿਲੇ ਜੇਲ੍ਹ ਪੈਟਰਿਸ ਲਮੁੰਬਾ

ਡਾਲਰਾਂ ਦੇ ਰੌਲੇ ਵਿੱਚ ਗੁਆਚੀ ਖੇਡ



ਅਵਤਾਰ ਗੋਂਦਾਰਾ

'ਨੱਪ ਕੇ ਰੱਖੀਂ.. ਮਸਲ ਦੇ ਏਨੂੰ..ਬਾਹਲਾ ਤਿੜਿਆ ਸੀ', ਇੱਕ ਜਾਫੀ ਛੁੱਟਣ ਲਈ ਤਰਲੋ ਮੱਛੀ ਹੋਈ ਜਾ ਰਹੇ ਰੇਡਰ ਨੂੰ ਢਾਹੀ ਬੈਠਾ ਹੈ ਅਤੇ ਉਸ ਦੇ ਹਮੈਤੀ ਹੱਲਾ-ਸ਼ੇਰੀ ਦੇ ਰਹੇ ਹਨ। ਦਾਇਰੇ ਤੋਂ ਬਾਹਰ ਖੜੇ ਦਰਸ਼ਕਾਂ ਦਾ ਪੂਰਾ ਜੋਰ ਲੱਗ ਰਿਹਾ ਹੈ। ਕਬੱਡੀ ਦਾ ਮੈਚ ਹੈ, ਕੈਲੋਫੋਰਨੀਆ ਦੇ ਸ਼ਹਿਰ ਫਰੇਜ਼ਨੋ ਦੇ ਗਰਾਊਂਡ ਵਿੱਚ। ਪੰਜਾਬੀ ਮੁੰਡੇ, ਗੱਭਰੂ, ਬਜੁਰਗ ਪੱਬਾਂ ਭਾਰ ਖੜੇ ਦੇਖ ਰਹੇ ਹਨ। ਪ੍ਰਬੰਧਕਾਂ ਦੇ ਲਾਏ ਛੋਲੇ ਭਠੂਰਿਆਂ ਦੇ ਲੰਗਰ 'ਚ ਵੀ ਚਹਿਲ ਪਹਿਲ ਹੈ ਅਤੇ ਕੁਲਫੀਆਂ ਵਾਲੇ ਨੇ ਵੀ ਮਾਹੌਲ ਵਿੱਚ ਮਿਠਾਸ ਘੋਲੀ ਹੋਈ ਹੈ। ਕਈ ਪਾਸੇ ਖੜੇ ਢਾਣੀਆਂ ਬਣਾ ਕੇ ਤਬਸਰਾ ਕਰ ਰਹੇ ਹਨ, ਕਿਤੇ ਕਿਤੇ ਕਬੱਡੀ ਦੇ ਮੈਦਾਨ ਵਿੱਚ ਪੈਂਦਾ ਰੌਲਾ ਉਨਾਂ ਦਾ ਧਿਆਨ ਖਿੱਚਦਾ ਹੈ। ਇਹ ਟੂਰਨਾਮੈਂਟ ਘੱਟ, ਮੇਲਾ ਜਿਆਦਾ ਹੈ। ਗਰਾਂਈ, ਰਿਸ਼ਤੇਦਾਰ, ਪੁਰਾਣੇ ਯਾਰ ਬੇਲੀ, ਜਮਾਤੀ ਅਤੇ ਹਮ-ਖਿਆਲਾਂ ਦਾ ਮੇਲ-ਜੋਲ ਹੋ ਰਿਹਾ ਹੈ।

ਪ੍ਰਬੰਧਕਾਂ ਨੇ ਨਾਂ ਵੀ ਠੀਕ ਹੀ ਰੱਖਿਆ ਹੈ, 'ਕਬੱਡੀ-ਮੇਲਾ'। ਮੇਰਾ ਦੋਸਤ ਅਤੇ ਜਮਾਤੀ ਸੰਤੋਖ ਮਿਨਹਾਸ ਕਹਿੰਦਾ, 'ਹੁਣ ਖੇਡਾਂ ਖੇਡਾਂ ਨਹੀਂ ਰਹੀਆਂ, ਇਹ ਵਪਾਰ ਬਣ ਗਈਆਂ ਹਨ, ਇੱਕ ਪੇਸ਼ਾ। ਖਿਡਾਰੀ ਖੇਡਣ ਲਈ ਪੈਸੇ ਲੈਂਦੇ ਹਨ ਅਤੇ ਇਨਾਮ ਵਿੱਚ ਮਿਲਣ ਵਾਲੀ ਸ਼ੀਲਡ ਜਾਂ ਕੱਪ ਨਾਲੋਂ, ਅੱਖ ਮਿਲਣ ਵਾਲੀ ਰਾਸ਼ੀ 'ਤੇ ਹੁੰਦੀ ਹੈ'। ਕੋਲ ਖੜਾ ਗੀਤਕਾਰ ਹਰਜਿੰਦਰ ਕੰਗ ਹਮੇਸ਼ਾ ਵਾਂਗ ਟੋਟਕਾ ਸੁਣਾ ਕੇ ਉਸ ਦੀ ਪੁਸ਼ਟੀ ਕਰਦਾ ਹੈ। ਕੰਗ ਕਹਿੰਦਾ, 'ਇੱਕ ਵਾਰ ਕਬੱਡੀ ਦੇ ਮੈਚ ਵਿੱਚ, ਇੱਕੋ ਖਿਡਾਰੀ ਆ ਖੜਾ ਹੋਇਆ। ਵਿਰੋਧੀ ਟੀਮ ਕਹਿੰਦੀ ਬਾਕੀ ਖਿਡਾਰੀ ਲਿਆ। ਉਹ ਕਹਿੰਦਾ, ਲਿਆਉਣ ਦੀ ਲੋੜ ਨਹੀਂ, ਥੋਡੇ ਚੋ ਹੀ ਲੈ ਲੈਣੇ ਹਨ।' ਵਿਰੋਧੀਆਂ ਨੇ ਇਤਰਾਜ਼ ਕੀਤਾ ਇਹ ਕਿਵੇਂ ਹੋ ਸਕਦਾ ਹੈ ? ਜਦੋਂ ਬੋਲੀ ਸ਼ੁਰੂ ਹੋਈ, ਇੱਕ ਇੱਕ ਕਰਕੇ ਸਾਰੇ ਖਿਡਾਰੀ ਵਿਕ ਗਏ। ਕੱਲਾ ਤਿਕੜਮਬਾਜ, ਖੜੇ ਪੈਰ ਟੀਮ ਬਣਾ ਕੇ, ਪਹਿਲਵਾਨੀ ਗੇੜੇ ਕੱਢਣ ਲੱਗਾ। ਹੁਣ ਜਿਆਦਾਤਰ ਖਿਡਾਰੀ ਪਿੰਡ, ਸ਼ਹਿਰ, ਇਲਾਕੇ ਜਾਂ ਮੁਲਕ ਦਾ ਨਾਂ ਉੱਚਾ ਕਰਨ ਲਈ ਨਹੀਂ ਖੇਡਦੇ, ਪੈਸਾ ਕਮਾਉਣ ਲਈ ਖੇਡਦੇ ਹਨ। ਖੇਡ ਕੋਈ ਹੋਵੇ, ਕੁਝ ਖਿਡਾਰੀਆਂ ਵਲੋਂ ਪੈਸੇ ਲੈ ਕੇ ਖੇਡਣ ਦੀ ਕੋਈ ਗੱਲ ਲੁਕੀ ਛੁਪੀ ਹੋਈ ਨਹੀਂ ਹੈ। ਇਸ ਮਾਮਲੇ ਚੋ ਕ੍ਰਿਕਟ ਦਾ ਨਾਂ ਸਰੇ-ਫਰਿਸਤ ਹੈ'।

'ਕੈਲੋਫੋਰਨੀਆ ਕਬੱਡੀ ਫੈਡਰੇਸ਼ਨ' ਵੱਲੋਂ ਕਰਵਾਏ ਗਏ ਟੂਰਨਾਮੈਂਟ ਦਾ ਆਖਰੀ ਮੈਚ ਘੁਸਮੁਸੇ ਵਿੱਚ ਖੇਡਿਆ ਗਿਆ। ਹਮੈਤੀਆਂ ਦੇ ਬਾਰ ਬਾਰ ਦਖਲ ਦੇਣ ਨਾਲ ਰੌਲਾ ਪੈ ਰਿਹਾ ਸੀ। ਅਫਰਾ ਤਫਰੀ ਸੀ। ਪ੍ਰਬੰਧਕ ਅਤੇ ਖਿਡਾਰੀ ਪਾਲੇ ਵਿੱਚ ਇੰਝ ਫਿਰ ਰਹੇ ਸਨ, ਜਿਵੇਂ ਵਿਆਹ ਵਿੱਚ ਨਾਨਕਾ ਮੇਲ ਫਿਰਦਾ ਹੋਵੇ। ਸਟੇਕ ਵੱਡਾ ਸੀ, ਜਿੱਤਣ ਵਾਲੀ ਟੀਮ ਨੂੰ ਤੇਰਾਂ ਅਤੇ ਹਾਰਨ ਵਾਲੀ ਟੀਮ ਨੂੰ ਗਿਆਰਾਂ ਹਜਾਰ ਡਾਲਰ ਮਿਲਣੇ ਸਨ। ਇੰਨਾਂ ਕਬੱਡੀ ਮੇਲਿਆਂ ਵਿੱਚ ਅਕਸਰ ਰੈਫਰੀ ਅਤੇ ਕੁਮੈਂਟੇਟਰ ਵਜੋਂ ਹਾਜਰੀ ਲੁਆਉਂਦੇ ਆ ਰਹੇ ਗੁਰਮੇਲ ਦਿਓਲ ਨੇ ਦੱਸਿਆ ਕਿ ਕਬੱਡੀ ਟੀਮ ਨੂੰ ਤਿਆਰ ਕਰਨ ਲਈ ਤੀਹ ਤੋਂ ਚਾਲੀ ਹਜ਼ਾਰ ਡਾਲਰ ਖਰਚ ਹੋ ਜਾਂਦਾ ਹੈ। ਔਕਾਤ ਮੁਤਾਬਿਕ ਖਿਡਾਰੀ ਤਿੰਨ ਤੋਂ ਦਸ ਹਜ਼ਾਰ ਡਾਲਰ ਤੱਕ ਵਸੂਲ ਕਰਦਾ ਹੈ। ਇਹ ਖਿਡਾਰੀ ਘੱਟ ਤੇ 'ਉਦਮੀ' ਜਿਆਦਾ ਹੁੰਦੇ ਹਨ।

ਪੁਰਾਣੇ ਬਜੁਰਗਾਂ ਦੀ ਸੋਚ ਸੀ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਵਿੱਚ ਪਾਓ। ਹੁਣ ਤਾਂ ਉਲਟ ਹੋਇਆ ਪਿਆ ਹੈ, ਪਹਿਲਵਾਨ ਵੀ ਨਸ਼ਾ ਤਸ਼ਕਰੀ ਵਿੱਚ ਭਾਈਵਾਲ ਬਣੇ ਫਿਰਦੇ ਹਨ। ਖੇਡ ਭਾਵਨਾ ਗਾਇਬ ਹੈ। ਜੇ ਭਾਵਨਾ ਡਾਲਰ ਕਮਾਉਣਾ ਹੋਵੇ, ਤਾਂ ਖੇਡ ਖੇਡ ਨਹੀਂ ਰਹਿੰਦੀ ਵਪਾਰ ਬਣ ਜਾਂਦੀ ਹੈ। ਅਜੇਹੀ ਖੇਡ ਖੇਡਦਿਆਂ ਨਸ਼ੇ ਦੀ ਤਲਬ ਰਹਿੰਦੀ ਹੈ। ਖੇਡ ਆਪਣੇ ਆਪ ਵਿੱਚ ਨਸ਼ਿਆਉਂਦੀ ਨਹੀਂ। ਹੁਣ ਤਾਂ ਖੇਡਾਂ ਦੇ ਮੁਹਾਵਰਿਆਂ ਚ ਵੀ ਵਿਗਾੜ ਆ ਗਿਆ ਹੈ। ਜੇ ਕਿਸੇ ਦੀ ਲਾਪ੍ਰਵਾਹੀ 'ਤੇ ਕਿੰਤੂ ਪ੍ਰੰਤੂ ਕਰਨਾ ਹੋਵੇ ਤਾਂ ਆਖੀਦਾ ਹੈ, 'ਖੇਡਾਂ ਨਾ ਖੇਡ, ਬੰਦਾ ਬਣ'। ਜੇ ਤੁਹਾਡੇ ਨਾਲ ਕੋਈ ਜਾਣੂ ਠੱਗੀ ਮਾਰ ਜਾਵੇ ਤਾਂ ਅਕਸਰ ਕਿਹਾ ਜਾਂਦਾ ਹੈ, 'ਉਹ ਤਾਂ ਖੇਡ ਖੇਡ ਗਿਆ'। ਜੇ ਬੇਧਿਆਨੀ ਵਿੱਚ ਹੀ ਕੁਝ ਮਾੜਾ ਵਾਪਰ ਜਾਵੇ ਤਾਂ ਬੰਦਾ ਕਹਿੰਦਾ ਹੈ ਕਿ, 'ਖੇਡ ਖੇਡ ਵਿੱਚ ਕੁੰਡਾ ਕਰਵਾ ਲਿਆ'।

ਇਹ ਹੋਈ ਮਹਾਤੜਾਂ ਦੀ ਗੱਲ। ਸਿਆਣੇ ਕੀ ਕਹਿੰਦੇ ਹਨ, ਉਨਾਂ ਦੀ ਵੀ ਸੁਣ ਲਈਏ। ਮਾਰਕ ਟਵੇਨ ਦਾ ਕਹਿਣਾ ਹੈ ਕਿ ਲੋੜ ਲਈ ਕੀਤਾ ਗਿਆ ਕਾਰਜ 'ਕੰਮ' ਹੈ, ਅਤੇ ਮੌਜ ਲਈ ਕੀਤਾ ਗਿਆ 'ਖੇਡ'। ਮਨੋਰੰਜਨ ਜਾਂ ਦਿਲ-ਬਹਿਲਾਵੇ ਲਈ ਕੀਤੀ ਸਰਗਰਮੀ ਹੀ ਖੇਡ ਦੀ ਕੋਟੀ ਵਿੱਚ ਆਉਂਦੀ ਹੈ। ਇਸ ਵਿੱਚ ਆਪਮੁਹਾਰਤਾ ਹੁੰਦੀ ਹੈ। ਇਸ ਨੂੰ ਕਰਦਿਆਂ ਤਨ,

ਮਨ ਖਿੜਦਾ ਹੈ। ਬੰਦੇ ਦੀ ਜ਼ਿੰਦਗੀ ਵਿੱਚ ਖੇਡ ਸ਼ਾਮਿਲ ਕਿਵੇਂ ਹੋਈ ਤੇ ਕਿਵੇਂ ਉਹ ਆਪਣਾ ਅਸਲ ਮਕਸਦ ਗੰਵਾ ਬੈਠੀ, ਇਹ ਕਹਾਣੀ ਵੀ ਬੜੀ ਦਿਲਚਸਪ ਹੈ। ਸਪੈਂਸਰ ਨਾਂ ਦਾ ਵਿਦਵਾਨ ਕਹਿੰਦਾ ਹੈ ਕਿ ਖੇਡ ਦਾ ਮੁੱਖ ਲੱਛਣ ਇਹ ਹੈ ਕਿ ਇਸ ਦਾ ਰੋਟੀ ਰੋਜ਼ੀ ਨਾਲ ਕੋਈ ਵਾਸਤਾ ਨਹੀਂ ਹੈ। ਖੇਡਦਿਆਂ ਖਿਡਾਰੀ ਸਾਹਵੇਂ ਕੋਈ ਸਵਾਰਥ ਨਹੀਂ ਹੁੰਦਾ। ਇਹ ਗੱਲ ਠੀਕ ਹੈ ਕਿ ਖੇਡ ਖੇਡਦਿਆਂ ਖਿਡਾਰੀ ਦਾ ਜੁੱਸਾ ਤਕੜਾ ਹੁੰਦਾ ਹੈ ਅਤੇ ਉਸ ਦੀ ਨਸਲ ਨੂੰ ਵੀ ਫਾਇਦਾ ਹੁੰਦਾ ਹੈ। ਬਿੱਲੀ ਜਦੋਂ ਖੁਰਾਕ ਲਈ ਚੂਹੇ ਮਗਰ ਭੱਜਦੀ ਹੈ ਤਾਂ ਇਸ ਵਿੱਚ ਉਸ ਦਾ ਸੁਆਰਥ ਹੈ, ਪਰ ਇਹੀ ਬਿੱਲੀ ਜਦੋਂ ਖਿੱਦੋਂ ਮਗਰ ਦੌੜਦੀ ਹੈ ਤਾਂ ਖੇਡ ਬਣ ਜਾਂਦੀ ਹੈ। ਸਪੈਂਸਰ ਦਾ ਕਹਿਣਾ ਹੈ ਕਿ ਜੀਵਨ ਨਿਰਬਾਹ ਵਿੱਚ, ਜੀਵ ਦੀ ਸਾਰੀ ਊਰਜਾ ਖਤਮ ਨਹੀਂ ਹੁੰਦੀ। ਵਾਧੂ ਬਚੀ ਊਰਜਾ ਨੂੰ ਖਾਰਜ ਕਰਨ ਲਈ ਖੇਡ ਦਾ ਵਰਤਾਰਾ ਹੋਂਦ ਵਿੱਚ ਆਇਆ। ਸ਼ਿਕਾਰੀ ਜਾਨਵਾਰ, ਵਿਹਲੇ ਪਲਾਂ ਵਿੱਚ ਝੂਠ-ਮੂਠ ਦੀ 'ਲੜਾਈ' ਤੇ 'ਸ਼ਿਕਾਰ' ਕਰਦੇ ਹਨ। ਇਹ ਉਨ੍ਹਾਂ ਦੀ ਖੇਡ ਹੈ। ਸ਼ਬਦ ਕੋਸ਼ਾਂ ਵਿੱਚ ਖੇਡ ਦੇ ਪੰਜ ਗੁਣ ਦਰਜ ਹਨ :

ਮਨੋਰੰਜਨ, ਲਾਲਚ ਦੀ ਅਣਹੋਂਦ, ਆਪ ਮੁਹਾਰਤਾ, ਪ੍ਰਤੀਬੱਧਤਾ ਅਤੇ ਦੋਸਤਾਨਾ ਵਿਰੋਧ।

ਜੇ ਇੰਨਾਂ ਵਿੱਚੋਂ ਇੱਕ ਵੀ ਗੈਰਹਾਜ਼ਰ ਹੋਵੇ, ਤਾਂ ਸਰਗਰਮੀ ਖੇਡ ਦੇ ਘੇਰੇ ਤੋਂ ਬਾਹਰ ਚਲੀ ਜਾਂਦੀ ਹੈ, ਖੇਡ ਨਹੀਂ ਰਹਿੰਦੀ। ਮਨੋਵਿਗਿਆਨੀ ਕਹਿੰਦੇ ਹਨ, ਖੇਡ ਰਾਹੀਂ ਕਈ ਮੂਲ ਪ੍ਰਵਿਰਤੀਆਂ ਦੀ ਖਲਾਸੀ ਹੁੰਦੀ ਹੈ। ਸਾਡੀ 'ਕਿੱਲਰ ਇੰਸਟਿਕਟ' ਦੀ ਖੇਡ ਰਾਹੀਂ ਕਾਇਆ-ਕਲਪ ਹੋ ਜਾਂਦੀ ਹੈ। ਕ੍ਰੋਧ ਅਤੇ ਗੁੱਸੇ ਦੀ ਊਰਜਾ ਖੇਡ ਵਿੱਚ ਸਦਗੁਣ ਹੋ ਨਿਬੜਦੀ ਹੈ। ਦਰਸ਼ਕਾਂ ਦੇ ਮਨਾਂ ਵਿੱਚ ਦੱਬਿਆ ਹੋਇਆ ਗੁੱਸਾ ਅਤੇ ਕ੍ਰੋਧ, ਖਿਡਾਰੀਆਂ ਦੀਆਂ ਝੜਪਾਂ ਵੇਖ ਕੇ ਰਿਸ ਜਾਂਦਾ ਹੈ। ਉਹ ਨਿਸਲ ਹੋ ਜਾਂਦੇ ਹਨ।

ਫਰੀਦਕੋਟ ਨੇੜਲੇ ਪਿੰਡ ਕੰਮੇਆਣਾ ਵਿੱਚ ਸੀਲ ਕੁੱਕੜਾਂ ਦੀ ਲੜਾਈ ਦੇਖਣ ਵਾਲੀ ਹੁੰਦੀ ਸੀ। ਕੁੱਕੜ ਤੜਾਂ ਮਾਰ ਰਹੇ ਹਨ। ਉਨ੍ਹਾਂ ਦੀਆਂ ਕਲਗੀਆਂ ਲਹੂ ਲੁਹਾਨ ਹਨ। ਘੇਰਾ ਬਣਾਈ ਬੈਠੇ, ਦਰਸ਼ਕ ਪੱਬਾਂ ਭਾਰ, ਸਪਰਿੰਗਾਂ ਵਾਂਗ ਬੁੜਕ ਰਹੇ ਹਨ। ਕੁੱਕੜਾਂ ਨਾਲੋਂ ਉਨ੍ਹਾਂ ਦਾ ਜ਼ੋਰ ਜਿਆਦਾ ਲੱਗ ਰਿਹਾ ਹੈ। ਇਸੇ ਪ੍ਰਵਿਰਤੀ ਦੇ ਧੱਕੇ ਅਸੀਂ ਸ਼ੱਤਰਿਆਂ (ਭੇਡੂ) ਦੇ ਹਿੰਸਕ ਭੇੜ ਨੂੰ ਖੇਡ ਬਣਾ ਲਿਆ ਹੈ।

ਖੇਡ ਮੇਲਿਆਂ ਵਿੱਚ ਸਾਡੀ 'ਇੱਜੜ ਭੁੱਖ' ਵੀ ਤੁਸ਼ਟ ਹੁੰਦੀ ਹੈ। ਮੇਲੇ ਇਕੱਲਤਾ ਦੀ ਕੰਧ ਢਾਉਂਦੇ ਹਨ। ਲੋਕਾਂ ਦੀ ਭੱਜ-ਦੌੜ ਬਾਰੇ, ਤਾਲਸਤਾਏ ਦੇ ਹਵਾਲੇ ਨਾਲ, ਇਸ ਮੇਲੇ ਵਿੱਚ ਆਏ ਪ੍ਰਿੰ. ਸਰਵਣ ਸਿੰਘ ਨੇ ਕਹਾਣੀ ਸੁਣਾਈ। ਉਹ ਬੋਲਿਆ, 'ਕਾਲਜ ਪੜ੍ਹਦਿਆਂ ਤਾਲਸਤਾਏ ਦੀ ਕਹਾਣੀ ਪੜੀ, 'ਬੰਦੇ ਨੂੰ ਕਿੰਨੀ ਜ਼ਮੀਨ ਚਾਹੀਦੀ ਹੈ', ਇੱਕ ਕਿਸਾਨ ਕੋਲ ਦਸ ਕਿਲੇ ਜ਼ਮੀਨ ਸੀ। ਸਾਰਾ ਟੱਬਰ ਕੰਮ ਕਰਦਾ। ਗੁਜ਼ਾਰਾ ਹੋਈ ਜਾਂਦਾ ਸੀ। ਹੌਲੀ ਹੌਲੀ ਨਾਲ ਲਗਦੀ ਜਮੀਨ ਖਰੀਦਣੀ ਸ਼ੁਰੂ ਕਰ ਦਿੱਤੀ। ਸੌ ਕਿੱਲਾ ਬਣਾ ਲਿਆ। ਨਾਲ ਸਾਧਾਂ ਦਾ ਡੇਰਾ ਸੀ। ਸਾਧ ਕਹਿੰਦੇ ਕਿੰਨੀ ਜਮੀਨ ਚਾਹੀਦੀ ਹੈ। ਕਿਸਾਨ ਕਹਿੰਦੇ ਜਿੰਨੀ ਮਰਜੀ ਦੇ ਦਿਓ। ਸਾਧ ਕਹਿੰਦੇ, 'ਤੂੰ ਆਵਦੇ ਵਾਲੀ ਸਾਨੂੰ ਦੇ ਦੇ ਅਸੀਂ ਡੇਰਾ ਬਣਾ ਲੈਂਦੇ ਹਾਂ। ਤੇ ਡੇਰੇ ਵਾਲੀ ਜਮੀਨ ਚੋਂ ਜਿੰਨੀ ਮਰਜੀ ਹੈ, ਵਲ ਲੈ।' ਕਿਸਾਨ ਨੂੰ ਲੱਗਿਆ, ਸਾਧ ਕਮਲੇ ਆ। ਮੈਂ ਤਾਂ ਸ਼ਾਮ ਨੂੰ ਹਜਾਰਾਂ ਏਕੜ ਵਲ ਲੂੰ , ਦੇਣੇ ਸੌ ਕਿੱਲੇ ਆ। ਉਨ੍ਹਾਂ ਨੇ ਸ਼ਰਤ ਲਾਈ ਕਿ ਦਿਨ ਚੜ੍ਹਦੇ ਤੋਂ ਲੈ ਕੇ ਛਿਪਣ ਤੱਕ ਜਿਥੋਂ ਤੁਰਿਆ ਸੀ, ਉੱਥੇ ਮੁੜ ਕੇ ਆਉਣਾ ਪਊ, ਨਹੀਂ ਤਾਂ ਤੇਰਾ ਸੌ ਕਿੱਲਾ ਸਾਡਾ'। ਕਿਸਾਨ ਕਹਿੰਦਾ ਠੀਕ ਹੈ। ਪਹਿਲਾਂ ਤਾਂ ਉਸ ਨੂੰ ਸਾਰੀ ਰਾਤ ਨੀਂਦ ਨਾ ਆਈ। ਮੂੰਹ ਝਾਖਰੇ ਹੀ ਉਠ ਕੇ ਬੈਠ ਗਿਆ। ਸ਼ੂਟ ਵੱਟ ਕੇ ਭੱਜਿਆ। ਸਾਧ ਕਹਿੰਦੇ ਡੱਕਾ ਸਿੱਟਦਾ ਜਾਂਈਂ, ਵੱਟ ਪਾਉਣੀ ਸੁਖਾਲੀ ਰਹੂ। ਕਿਸਾਨ ਭੱਜਿਆ ਜਾਂਦੈ, ਜਮੀਨ ਚੰਗੀ ਆਉਂਦੀ ਗਈ, ਉਹਦੀ ਤਮਾ ਵਧਦੀ ਗਈ। ਭੁੱਖਾ, ਥੱਕਿਆ ਭੱਜਿਆ ਜਾ ਰਿਹਾ ਹੈ। ਦਿਨ ਢਲੇ ਉਹ ਡਿੱਗਦਾ ਢਹਿੰਦਾ ਸ਼ੁਰੂ ਵਾਲੇ ਥਾਂ 'ਤੇ ਆ ਗਿਆ, ਸਾਧ ਕਹਿੰਦੇ 'ਬਹੁਤ ਬਹੁਤ ਵਧਾਈ, ਇਹ ਜਮੀਨ ਤੇਰੀ ਹੋਈ।' ਓਹ ਏਨਾ ਥੱਕ ਗਿਆ ਕਿ ਨਿਢਾਲ ਹੋ ਕੇ ਭੁੰਜੇ ਡਿੱਗ ਪਿਆ ਤੇ ਪ੍ਰਾਣ ਤਿਆਗ ਦਿੱਤੇ। ਉਸ ਲਈ ਕਬਰ ਪੁੱਟੀ ਗਈ। ਸੱਥਰ 'ਤੇ ਬੈਠੇ ਸੋਗੀ ਗੱਲਾਂ ਕਰਦੇ ਆ ਕਿ ਉਸ ਨੂੰ ਜਮੀਨ ਤਾਂ ਏਨੀ ਕੁ ਚਾਹੀਦੀ ਸੀ ਉਹ ਕਾਹਦੇ ਪਿੱਛੇ ਭੱਜਿਆ ਫਿਰਿਆ। ਸਾਡੇ ਪ੍ਰਫੈਸਰ ਨੇ ਕਹਾਣੀ ਦਾ ਮੋਰਲ (ਸਿੱਖਿਆ) ਕੱਢਿਆ ਕਿ ਬੰਦੇ ਦੀ ਲੋੜ ਸਿਰਫ 'ਸਾਢੇ ਤਿੰਨ ਹੱਥ' ਜਮੀਨ ਕਬਰ ਲਈ ਚਾਹੀਦੀ ਹੈ।'

ਕੁਝ ਚਿਰ ਬਾਅਦ ਗੋਰਕੀ ਦੀ ਟਿੱਪਣੀ ਪੜਨ ਦਾ ਮੌਕਾ ਮਿਲਿਆ, ਉਸ ਨੇ ਕਿਹਾ ਕਹਾਣੀ ਇਹ ਸੁਨੇਹਾ ਨਹੀਂ ਦਿੰਦੀ। ਉਸ ਨੇ ਕਿਹਾ ਇਹ ਕਹਾਣੀ ਕਹਿੰਦੀ ਹੈ ਕਿ ਮਰੇ ਬੰਦੇ ਨੂੰ 'ਸਾਢੇ ਤਿੰਨ ਹੱਥ' ਤੇ ਜਿਉਂਦੇ ਬੰਦੇ ਨੂੰ 'ਸਾਰੀ ਧਰਤੀ' ਚਾਹੀਦੀ ਹੈ। ਫਿਰ ਇੱਕ ਹੋਰ ਵਿਦਵਾਨ ਦੀ ਲਿਖਤ ਮਿਲੀ ਜਿਸ ਨੇ ਕਿਹਾ ਕਿ 'ਗੋਰਕੀ ਦੀ ਗੱਲ ਵੀ ਠੀਕ ਨਹੀਂ। ਕਹਾਣੀ ਚੱਜ ਨਾਲ ਪੜ੍ਹੋ। ਇਹ ਗੱਲ ਨਹੀਂ ਦੱਸਦੀ ਕਿ ਬੰਦੇ ਨੂੰ 'ਸਾਢੇ ਤਿੰਨ ਹੱਥ ਜਮੀਨ' ਚਾਹੀਦੀ ਹੈ। ਇਹ ਵੀ ਨਹੀਂ ਦੱਸਦੀ ਕਿ ਸਾਰੀ ਚਾਹੀਦੀ ਹੈ। ਉਹ ਕਹਿੰਦਾ ਬੰਦੇ ਨੂੰ ਦੋਨੋਂ ਚੀਜਾਂ ਨਹੀਂ

...ਬਾਕੀ ਪੰਨਾ 40 'ਤੇ

ਸਦੀਵੀਂ ਵਿਛੋੜੇ ’ਤੇ

ਡਾ. ਵਿਕਾਸ ਲਾਖਾ ਦਾ ਵਿਲੱਖਣ ਸ਼ੋਕ ਸਮਾਗਮ

ਜੀਵਨ ਸੱਚ ਅਤੇ ਮੌਤ ਇੱਕ ਅਟੱਲ ਘਟਨਾ ਹੈ। ਜੀਵਨ ਦੇ ਸੱਚ ਹੋਣ ਦਾ ਪ੍ਰਮਾਣ ਸਾਡੀ ਧਰਤੀ ’ਤੇ ਮਨੁੱਖ ਵੱਲੋਂ ਕੀਤਾ ਉਸਾਰ ਹੈ। ਵੱਡੀਆਂ-ਵੱਡੀਆਂ ਇਮਾਰਤਾਂ, ਡੈਮ, ਸੜਕਾਂ ਤੇ ਰੇਲਵੇ ਪਟੜੀਆਂ ਦਾ ਜਾਲ ਆਦਿ ਇੱਥੋਂ ਦੇ ਕਿਰਤੀਆਂ ਦੀ ਦੇਣ ਹੈ। ਹਰ ਤਰ੍ਹਾਂ ਦੀ ਮਸ਼ੀਨਰੀ ਵਿਗਿਆਨੀਆਂ ਦੀ ਕਾਢ ਹੈ। ਕਹਿਣ ਤੋਂ ਭਾਵ ਜੋ ਕੁੱਝ ਅਸੀਂ ਅੱਖਾਂ ਨਾਲ ਦੇਖਦੇ ਹਾਂ, ਉਹ ਜਾਂ ਤਾਂ ਕੁਦਰਤੀ ਹੈ ਜਾਂ ਮਨੁੱਖ ਦਾ ਸਿਰਜਿਆ ਹੈ। ਮੌਤ ਦੀ ਘਟਨਾ ਦੋ ਕਾਰਨਾਂ ਕਰਕੇ ਵਾਪਰਦੀ ਹੈ। ਇਹ ਕੁਦਰਤੀ ਜਾਂ ਗੈਰ-ਕੁਦਰਤੀ ਕਾਰਨਾਂ ਕਰਕੇ ਹੁੰਦੀ ਹੈ। ਬੁਢਾਪੇ ਕਾਰਨ ਸਰੀਰ ਦੇ ਅੰਗਾਂ ਦਾ ਹਰਕਤਹੀਣ ਹੋਣਾ ਕੁਦਰਤੀ ਮੌਤ ਹੈ ਜਦੋਂਕਿ ਬਾਕੀ ਸਭ ਬਿਮਾਰੀਆਂ ਜਾਂ ਐਕਸੀਡੈਂਟਾਂ ਨਾਲ ਹੋਈਆਂ ਮੌਤਾਂ ਗੈਰ-ਕੁਦਰਤੀ ਹੁੰਦੀਆਂ ਹਨ। ਮੌਤ ਤੋਂ ਭਾਵ ਸਰੀਰ ਦੀਆਂ ਸਾਰੀਆਂ ਪ੍ਰਣਾਲੀਆਂ ਦਾ ਗਤੀਹੀਣ ਹੋਣਾ ਹੈ। ਡਾਕਟਰੀ ਵਿਗਿਆਨ ਅਨੁਸਾਰ ਜਦੋਂ ਦਿਮਾਗ ਨੂੰ ਸਾਫ਼ ਖ਼ੂਨ ਮਿਲਣਾ ਬੰਦ ਹੋ ਜਾਵੇ ਤਾਂ ਮਨੁੱਖ ਦੀ ਮੌਤ ਹੋ ਜਾਂਦੀ ਹੈ।



ਦਿਮਾਗ ਨੂੰ ਖ਼ੂਨ ਦੀ ਸਪਲਾਈ ਨਾ ਮਿਲਣ ਦਾ ਮੁੱਖ ਕਾਰਨ ਸਰੀਰ ਦੀਆਂ ਅੰਦਰੂਨੀ ਪ੍ਰਣਾਲੀਆਂ ਦਾ ਬੁਢਾਪੇ ਕਾਰਣ, ਕਿਸੇ ਗੰਭੀਰ ਬਿਮਾਰੀ ਜਾਂ ਐਕਸੀਡੈਂਟ ਕਾਰਣ ਹਰਕਤਹੀਣ ਹੋਣਾ ਹੈ। ਇਸ ਕਰਕੇ ਮੌਤ ਸਮੇਂ ਮਨੁੱਖ ਦੇ ਸਰੀਰ ਵਿੱਚੋਂ ਨਾ ਕੁੱਝ ਬਾਹਰ ਨਿਕਲਦਾ ਹੈ ਅਤੇ ਨਾ ਹੀ ਜਨਮ ਸਮੇਂ ਇਸ ਦੇ ਅੰਦਰ ਕੋਈ ਚੀਜ਼ ਪ੍ਰਵੇਸ਼ ਕਰਦੀ ਹੈ ਜਿਵੇਂ ਕਿ ਸਾਡਾ ਪੁਜਾਰੀ ਵਰਗ ਲੋਕਾਂ ਨੂੰ ਡਰਾ ਕੇ ਗੁੰਮਰਾਹ ਕਰ ਰਿਹਾ ਹੈ।

ਉਪਰੋਕਤ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ 25 ਅਗਸਤ ਨੂੰ ਡਾ. ਵਿਕਾਸ ਦੀ ਭੇਦਭਰੇ ਢੰਗ ਨਾਲ ਹੋਈ ਮੌਤ ਵੀ ਗੈਰ-ਕੁਦਰਤੀ ਹੈ। ਗੈਰ-ਕੁਦਰਤੀ ਮੌਤਾਂ ਲਈ ਸਾਡੇ ਦੇਸ਼ ਦਾ ਰਾਜਸੀ ਤਾਣਾ-ਬਾਣਾ ਜ਼ਿੰਮੇਵਾਰ ਹੈ ਜਿਸ ਨੂੰ ਬਦਲਣ ਲਈ ਡਾ. ਵਿਕਾਸ ਵੀ ਯਤਨਸ਼ੀਲ ਸੀ। ਫਗਵਾੜਾ ਇਕਾਈ ਦੇ ਸਰਗਰਮ ਆਗੂ ਸਾਥੀ ਸੁਰਿੰਦਰਪਾਲ ਪੱਦੀ ਅਤੇ ਭੈਣ ਹਰਪਾਲ ਕੌਰ ਦਾ ਇੱਕਲੌਤਾ ਬੇਟਾ ਸੀ – ਡਾ. ਵਿਕਾਸ। ਸਾਥੀ ਸੁਰਿੰਦਰਪਾਲ ਪੱਦੀ ’ਤੇ ਪਰਬਤੋਂ ਭਾਰੀ ਆਈ ਆਫਤ ਸਮੇਂ ਸਾਰਾ ਸਮਾਜ ਉਨ੍ਹਾਂ ਨਾਲ ਕੰਧ ਬਣ ਕੇ ਖੜ੍ਹ ਗਿਆ। ਸਾਥੀ ਸੁਰਿੰਦਰਪਾਲ ਵਿਗਿਆਨਕ ਵਿਚਾਰਾਂ ਦਾ ਧਾਰਨੀ ਹੋਣ ਕਾਰਣ ਇਸ ਨਾਜ਼ੁਕ ਅਤੇ ਸੰਵੇਦਨਸ਼ੀਲ ਹਾਲਤ ਵਿੱਚ ਵੀ ਆਪਣੀ ਪਦਾਰਥਵਾਦੀ ਸੋਚ ’ਤੇ ਅਡੋਲ ਖੜ੍ਹਾ ਰਿਹਾ। ਇਹੀ ਕਾਰਣ ਸੀ ਕਿ ਡਾ. ਵਿਕਾਸ ਦੀ ਮ੍ਰਿਤਕ ਦੇਹ ਨੂੰ ਸਮੇਟਣ ਸਮੇਂ ਸਭ ਧਾਰਮਿਕ ਤੇ ਅੰਧ-ਵਿਸ਼ਵਾਸੀ ਰੀਤੀ-ਰਿਵਾਜਾਂ ਨੂੰ ਤਿਆਗ ਕੇ ਵਿਗਿਆਨਕ ਨਜ਼ਰੀਏ ਵਾਲਾ ਬਦਲ ਅਪਣਾਇਆ। ਡਾ. ਵਿਕਾਸ ਦੀ ਅਰਥੀ ਨੂੰ ਸਭ ਤੋਂ ਪਹਿਲਾਂ ਉਸ ਦੀਆਂ ਭੈਣਾਂ ਨੇ ਮੋਢਾ ਲਾਇਆ ਅਤੇ ਅਰਥੀ ਦੇ ਅੱਗੇ ਉਸ ਦੀ ਵਿਗਿਆਨਕ ਸੋਚ ਨੂੰ ਦਰਸਾਉਂਦੇ ਬੈਨਰ ਲੈ ਕੇ ਤਰਕਸ਼ੀਲ ਮੈਂਬਰ ਤੁਰ ਰਹੇ ਸਨ। ਚਿਖਾ ਨੂੰ ਅਗਨੀ ਦੇਣ ਤੋਂ ਪਹਿਲਾਂ ਉਹ ਗੀਤ ਜੋ ਵਿਕਾਸ ਅਕਸਰ ਸਕੂਲ ਸਮਾਗਮਾਂ ਅਤੇ ਤਰਕਸ਼ੀਲ ਮੇਲਿਆਂ ’ਤੇ ਗਾਇਆ ਕਰਦਾ ਸੀ, ਸੰਤ ਰਾਮ ਉਦਾਸੀ (ਪ੍ਰਸਿੱਧ ਇਨਕਲਾਬੀ ਕਵੀ) ਦਾ ਗੀਤ “ਮੇਰੀ ਮੌਤ ’ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ” ਗਾਇਆ ਗਿਆ। ਉਸ ਦੀ ਰਾਖ ਵਿੱਚੋਂ ਹੱਡੀਆਂ (ਫੁੱਲ) ਚੁਗ ਕੇ ਫਿਲੌਰ ਨੇੜੇ ਸਤਲੁਜ ਦਰਿਆ ਵਿੱਚ ਰੋੜ੍ਹ ਦਿੱਤੀਆਂ ਅਤੇ ਬਾਕੀ ਬਚੀ ਰਾਖ ਸਾਥੀ ਸੁਰਿੰਦਰ ਨੇ ਬੋਰੀ ਵਿੱਚ ਪਾ ਕੇ ਘਰ ਲੱਗੇ ਬੂਟਿਆਂ ’ਚ ਪਾਉਣ ਲਈ ਘਰ ਰੱਖ ਲਈ।

6 ਸਤੰਬਰ ਨੂੰ ਡਾ. ਵਿਕਾਸ ਦੀਆਂ ਯਾਦਾਂ ਅਤੇ ਵਿਚਾਰ ਸਾਂਝੇ ਕਰਨ ਵਾਸਤੇ ਸ਼ੋਕ ਸਮਾਗਮ ਸੀ। ਪੰਡਾਲ ਵਿੱਚ ਸਾਥੀ ਸੁਰਿੰਦਰਪਾਲ ਦੇ ਰਿਸ਼ਤੇਦਾਰ, ਮੁਲਾਜ਼ਮ, ਪਿੰਡ ਤੇ ਇਲਾਕੇ ਦੇ ਨਾਮਵਰ ਲੋਕ, ਉਨ੍ਹਾਂ ਦੇ ਦੋਸਤ ਅਤੇ ਪੰਜਾਬ ਭਰ ਦੇ ਤਰਕਸ਼ੀਲ ਆਗੂ ਬਹੁਤ ਹੀ ਸੋਗਮਈ ਮਾਹੌਲ ਵਿੱਚ ਅੱਖਾਂ ਦੇ ਅੱਥਰੂ ਸਾਂਭ ਕੇ ਬੈਠੇ ਸਨ। ਸਭ ਤੋਂ ਪਹਿਲਾਂ ਡਾ. ਵਿਕਾਸ ਲਾਖਾ ਦੇ ਸੰਘਰਸ਼ਮਈ ਜੀਵਨ ਅਤੇ ਵਿਗਿਆਨਕ ਸੋਚ ਨੂੰ ਦਰਸਾਉਂਦੀ ਦਸਤਾਵੇਜੀ ਫਿਲਮ ਹਾਜ਼ਰੀਨ ਨੂੰ ਦਿਖਾਈ ਗਈ ਜਿਸ ਨੂੰ ਦੇਖ ਕੇ ਅੱਖਾਂ ਨਮ ਹੋ ਗਈਆਂ ਅਤੇ ਜਜ਼ਬਾਤ ਭਾਰੂ ਹੋ ਗਏ। ਸਮਾਗਮ ਵਿੱਚ ਬੁਲਾਰਿਆਂ ਵੱਲੋਂ ਜਿੱਥੇ ਡਾ. ਵਿਕਾਸ ਦੇ ਜੁਝਾਰੂ ਜੀਵਨ ’ਤੇ ਚਾਨਣਾ ਪਾਇਆ ਗਿਆ ਉੱਥੇ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਕਿ ਇਹ ਮੌਤ ਗੈਰ-ਕੁਦਰਤੀ ਹੈ। ਮੌਤ ਕੋਈ ਭਾਣਾ ਨਹੀਂ ਅਤੇ ਨਾ ਹੀ ਇਸ ਨੂੰ ਮਿੱਠਾ ਕਰਕੇ ਮੰਨਿਆ ਜਾ ਸਕਦਾ ਹੈ। ਇਸ ਮੌਤ ਲਈ ਜ਼ਿੰਮੇਵਾਰ ਕਾਰਣਾਂ ਦੀ ਪੜਤਾਲ ਕਰਨੀ ਚਾਹੀਦੀ ਹੈ ਅਤੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਲਈ ਯਤਨ ਕਰਨੇ ਚਾਹੀਦੇ ਹਨ। ਡਾ.

ਵਿਕਾਸ ਸਾਡੇ ਦੇਸ਼ ਦੀਆਂ ਮਾੜੀਆਂ ਜੀਵਨ ਹਾਲਤਾਂ ਦਾ ਸ਼ਿਕਾਰ ਹੋਇਆ ਹੈ। ਇਨ੍ਹਾਂ ਮਾੜੀਆਂ ਜੀਵਨ ਹਾਲਤਾਂ ਨੂੰ, ਜਿਹੜੀਆਂ ਸਧਾਰਨ ਲੋਕਾਂ ਦੇ ਜੀਵਨ ਵਿੱਚ ਵੱਡੀਆਂ ਰੁਕਾਵਟਾਂ ਖੜ੍ਹੀਆਂ ਕਰਦੀਆਂ ਹਨ, ਬਦਲਣਾ ਬਹੁਤ ਜ਼ਰੂਰੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਸਮਾਜ ਦੇ ਹਰ ਵਰਤਾਰੇ ਨੂੰ ਵਿਗਿਆਨਕ ਨਜ਼ਰੀਏ ਤੋਂ ਪਰਖਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪ੍ਰਚਲਿਤ ਪਿਛਾਂਹ ਖਿੱਚੂ ਤੇ ਰੂੜੀਵਾਦੀ ਧਾਰਨਾਵਾਂ ਨੂੰ ਤਿਆਗਣ ਤੋਂ ਬਿਨ੍ਹਾਂ ਨਰੋਏ ਸਮਾਜ ਨੂੰ ਸਿਰਜਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਅਖੌਤੀ ਧਰਮ ਰਾਜ ਦਾ ਫਲਸਫਾ, ਜੋ ਕਿ ਪੁਜਾਰੀ ਵਰਗ ਵੱਲੋਂ ਰਾਜਸੀ ਲੋਕਾਂ ਦੀ ਸਰਪ੍ਰਸਤੀ ਨਾਲ ਕਿਰਤੀ ਲੋਕਾਂ ਨੂੰ ਗੁੰਮਰਾਹ ਕਰਕੇ, ਉਨ੍ਹਾਂ ਨੂੰ ਸਵਰਗਾਂ ਦੇ ਲਾਰੇ ਤੇ ਨਰਕਾਂ ਦੇ ਡਰਾਵੇ ਦੇ ਕੇ ਲੁੱਟਣ ਲਈ ਫੈਲਾਇਆ ਗਿਆ ਹੈ, ਰੱਦ ਕਰਨਾ ਪਵੇਗਾ। ਡਾ. ਵਿਕਾਸ ਬਹੁਤ ਮਿਹਨਤੀ, ਇਮਾਨਦਾਰ, ਮਿਲਾਪੜੇ ਸੁਭਾਅ ਅਤੇ ਸਮਰਪਣ ਦੀ ਭਾਵਨਾ ਨਾਲ ਕੰਮ ਕਰਨ ਵਾਲਾ ਨੌਜਵਾਨ ਸੀ। ਉਨ੍ਹਾਂ ਦੇ ਗੁਣਾਂ ਅਤੇ ਉਨ੍ਹਾਂ ਦੀ ਵਿਗਿਆਨਕ ਸੋਚ ਨੂੰ ਅਪਣਾਉਣਾ ਹੀ ਉਸ ਨੂੰ ਸੱਚਾ ਸਤਿਕਾਰ ਹੋਵੇਗਾ। ਸਮਾਗਮ ਵਿੱਚ ਆਪਣੇ ਵਿਚਾਰ ਸਾਂਝੇ ਕਰਨ ਵਾਲਿਆਂ 'ਚ ਮਾ. ਸੁਖਦੇਵ ਲਾਖਾ, ਮਾ. ਕਰਨੈਲ ਸਿੰਘ, ਹੈੱਡਮਾਸਟਰ ਬੋਧ ਰਾਜ, ਮੈਡਮ ਸਤਵੰਤ ਕੌਰ, ਪ੍ਰੇਮ ਭੋਜੇਵਾਲ, ਸੁਰਜੀਤ ਟਿੱਬਾ, ਸੁਸਾਇਟੀ ਦੇ ਸੂਬਾ ਆਗੂ ਰਾਮ ਸਵਰਨ ਲੱਖੇਵਾਲੀ, ਮਲਕੀਤ ਲਾਖਾ (ਸਾਬਕਾ ਡਾਇਰੈਕਟਰ ਕਿਰਤ ਵਿਭਾਗ), ਪੱਤਰਕਾਰ ਨਿਰਮਲ ਗੁੜਾ, ਪ੍ਰੋ. ਸੁਰਜੀਤ ਸਿੰਘ, ਸਤਪਾਲ ਜੇ.ਈ.ਆਦਿ ਸ਼ਾਮਲ ਸਨ। ਨਵਾਂ ਸ਼ਹਿਰ ਜ਼ੋਨ ਦੇ ਮੁਖੀ ਡਾ. ਜੁਗਿੰਦਰ ਕੁਲੇਵਾਲ ਅਤੇ ਰੋਪੜ ਇਕਾਈ ਦੇ ਮੈਂਬਰ ਉਚੇਚੇ ਤੌਰ 'ਤੇ ਹਾਜ਼ਰ ਹੋਏ। ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਬਲਵਿੰਦਰਪ੍ਰੀਤ ਨੇ ਤਰਕਸ਼ੀਲ ਬੁੱਕ ਸਟਾਲ ਵੀ ਲਗਾਈ। ਇਸ ਵਿਲੱਖਣ ਅਤੇ ਤਰਕਸ਼ੀਲ ਦਿੱਖ ਵਾਲੇ ਪ੍ਰੋਗਰਾਮ ਨੂੰ ਸਫ਼ਲ ਬਣਾਉਣ ਲਈ ਇਸ ਪਰਿਵਾਰ ਦੇ ਸਾਬਕਾ ਸਰਪੰਚ ਮਨੋਹਰ ਲਾਖਾ ਦਾ ਯੋਗਦਾਨ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ। ਤਰਕਸ਼ੀਲ ਸੁਸਾਇਟੀ ਪੰਜਾਬ ਸਾਥੀ ਸੁਰਿੰਦਰਪਾਲ ਪੱਦੀ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਇਸ ਅਤਿਅੰਤ ਦੁੱਖ ਦੀ ਘੜੀ ਵਿੱਚ ਵਿਗਿਆਨਕ ਸ਼ੋਕ ਸਮਾਗਮ ਕਰਵਾਉਣ ਦੇ ਸਿਦਕ ਨੂੰ ਸਲਾਮ ਕਰਦੀ ਹੈ। ਸਾਥੀ ਬਲਵੀਰ ਦੁਸਾਂਝ ਨੇ ਸਭ ਦਾ ਧੰਨਵਾਦ ਕੀਤਾ। ਸਾਥੀ ਜਸਵਿੰਦਰ ਦੇ ਸ਼ਬਦ, ਉਹਨਾਂ ਦੇ ਬਿਮਾਰ ਹੋਣ ਕਰਕੇ ਨਾ ਆਉਣ ਕਾਰਣ, ਪੜ੍ਹ ਕੇ ਸੁਣਾਏ ਗਏ।

- ਸੁਖਦੇਵ ਫਗਵਾੜਾ

98726-36037

ਪੰਨਾ 32 ਦਾ ਬਾਕੀ...

ਰਹਿੰਦੀਆਂ ਹਨ ਅਤੇ ਆਪਣੇ-ਆਪਣੇ ਸਿਸਟਮ ਲਈ ਕਾਰਜ ਕਰਦੀਆਂ ਹਨ।ਇਹ ਸਾਰਾ ਦ੍ਰਿਸ਼ ਦੇਖ ਕੇ ਮੈਂ ਬੜੀ ਵਾਰੀ ਭਾਵੁਕ ਵੀ ਹੋਇਆ ਹਾਂ।ਤੁਸੀ ਸੱਚ ਪੁੱਛੋ ਤਾਂ ਮੈ ਕਈ ਵਾਰ ਰੋਇਆ ਵੀ ਹਾਂ।ਵਾਹ ਪ੍ਰਕਿਰਤੀਏ ! ਅਪੂਰਨਤਾ ਅੰਦਰ ਜ਼ਿੰਦਗੀ, ਅਪੂਰਨਤਾ ਅੰਦਰ ਸੁਹੱਪਣ, ਤੇਰਾ ਵੀ ਕੋਈ ਜਵਾਬ ਨਹੀਂ।ਸੰਪੂਰਨਤਾ ਜੜਤਾ ਦੀ ਸਟੇਟ ਹੈ। ਇਸ ਦੋਸ਼ਪੂਰਣ ਅਪੂਰਨਤਾ ਕਰਕੇ ਹੀ ਗਤੀਸ਼ੀਲਤਾ ਹੈ।ਪ੍ਰਕਿਰਤੀ ਦਾ ਵਰਤਾਰਾ ਯਤਨ ਅਤੇ ਗਲਤੀ (Trial and Error) 'ਤੇ ਅਧਾਰਤ ਹੈ। ਭਾਵੇਂ ਸਾਡੇ ਅੰਦਰ ਸਾਨੂੰ ਮਾਰਨ ਲਈ ਕੋਈ ਪ੍ਰੋਗਰਾਮ ਨਹੀਂ ਚੱਲ ਰਿਹਾ, ਫਿਰ ਵੀ ਅਸੀਂ ਮਰਦੇ ਹਾਂ।ਤੁਸੀਂ ਇਸ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ ਕਿ ਮੰਗਲ ਗ੍ਰਹਿ ਦੀ ਜਾਣਕਾਰੀ ਲੈਣ ਲਈ ਜਿਹੜੀ ਪ੍ਰੋਬ ਬਣਾਈ ਗਈ ਉਸਦਾ ਮੈਟੀਰੀਅਲ ਤੇ ਹੋਰ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਕਿ ਉਹ ਉਥੇ 80 ਕੁ ਦਿਨ ਜਰੂਰ ਕੰਮ ਕਰ ਸਕੇ।ਪਰ ਉਹ ਕੰਮ 200 ਦਿਨ ਕਰਦੀ ਰਹੀ।ਇਹ ਇੰਜਨੀਅਰ ਦਾ ਬਣਾਇਆ ਡਿਜ਼ਾਈਨ ਸੀ ਕਿ ਘੱਟੋ-ਘੱਟ 80 ਕੁ ਦਿਨ ਕੰਮ ਕਰ ਸਕੇ। ਪਰ ਜੀਵਨ-ਵਿਕਾਸ ਕੋਈ ਡਿਜ਼ਾਈਨ ਨਹੀਂ ਸਗੋਂ ਕਰੋੜਾਂ ਸਾਲਾਂ ਦੀ ਪ੍ਰਕਿਰਿਆ ਨੇ ਸਾਨੂੰ ਘੱਟੋ ਘੱਟ 40-45 ਸਾਲ ਜਿਉਂਦੇ ਰਹਿਣ ਦਾ ਪ੍ਰਬੰਧ ਕੀਤਾ ਹੈ। ਪ੍ਰਕਿਰਤੀ ਅਸੀਮਤ ਜ਼ਿੰਦਗੀ ਦੀ ਗਵਾਹੀ ਨਹੀਂ ਭਰਦੀ।ਇਹ ਤਾਂ ਬੱਸ ਐਨੀ ਕੁ ਭੂਮਿਕਾ ਜ਼ਰੂਰ ਨਿਭਾਉਂਦੀ ਹੈ ਕਿ ਹਰ ਪ੍ਰਜਾਤੀ ਨੂੰ ਜ਼ਰੂਰੀ ਜੀਵਨ ਅਵਧੀ ਤੀਕਰ ਚੱਲਦਾ ਰੱਖਿਆ ਜਾਵੇ।ਇਸ ਤੋਂ ਵੱਧ ਜਿਉਂਦੇ ਰਹਿਣ ਲਈ ਸਾਨੂੰ ਖ਼ੁਦ ਸਾਂਭ ਸੰਭਾਲ ਦੇ ਢੰਗ ਤਰੀਕੇ ਭਾਲਣੇ ਪੈਂਦੇ ਹਨ। ਵੱਧ ਸਮਾਂ ਪਾ ਕੇ ਪ੍ਰਕਿਰਤੀ ਦੇ ਦਿੱਤੇ ਜਿਉਣ ਦੇ ਤਰੀਕਿਆਂ ਵਿੱਚ ਵਿਗਾੜ ਵੀ ਆਉਣ ਲੱਗਦਾ ਹੈ।ਜਦੋਂ ਸੈੱਲਾਂ ਦੀ ਟੁੱਟ ਭੱਜ ਅਤੇ ਟੁੱਟੇ ਭੱਜੇ ਸੈੱਲਾਂ ਦੀ ਮੁਰੰਮਤ ਵਿਚਕਾਰ ਉਚਿਤ ਸੰਤੁਲਨ ਨਹੀਂ ਰਹਿੰਦਾ ਤਾਂ ਇਹੀ ਅਸੰਤੁਲਨ ਬੁਢਾਪੇ ਦਾ ਕਾਰਨ ਬਣਦਾ ਹੈ।ਇੰਝ ਅਸੀਂ ਬੁਢਾਪੇ ਵੱਲ ਵਧਣ ਲੱਗਦੇ ਹਾਂ। ਬੁਢਾਪੇ ਨੂੰ ਬਹੁਤੇ ਮਾੜਾ ਹੀ ਕਹਿੰਦੇ ਸੁਣਿਆ ਹੈ। ਕੀ ਇਸ ਵਿੱਚ ਕੁਝ ਚੰਗਾ ਵੀ ਹੈ ?ਇਸ ਨੂੰ ਆਪਾਂ ਅਗਲੀ ਗੱਲਬਾਤ ਵਿੱਚ ਜਾਰੀ ਰੱਖਾਂਗੇ।ਆਜ ਕੀ ਮੁਲਾਕਾਤ ਬਸ ਇਤਨੀ।

ਸ਼ਬਦੀ ਰੂਪ : ਹਰੀਕ੍ਰਿਸ਼ਨ ਮਾਇਰ/ਜਸਵੰਤ ਮੋਹਾਲੀ

ਸਾਰੇ ਸਮਾਜਾਂ ਅੰਦਰ ਔਰਤਾਂ ਨੂੰ
ਸਾਰੇ ਧਰਮਾਂ ਵੱਲੋਂ ਦਬਾਇਆ ਜਾਂਦਾ ਹੈ।

ਤਸਲੀਮਾ ਨਸਰੀਨ



ਪਾਠਕਾਂ ਦੇ ਖਤ

ਸੰਪਾਦਕ 'ਤਰਕਸ਼ੀਲ'
ਮੁੱਖ ਦਫ਼ਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਬਰਨਾਲਾ -148101 (ਪੰਜਾਬ)
email : tarkshiloffice@gmail.com



'ਤਰਕਸ਼ੀਲ' ਦੇ ਸਤੰਬਰ-ਅਕਤੂਬਰ ਅੰਕ ਦੀ ਸੰਪਾਦਕੀ ਪੜ੍ਹੀ। ਤੁਸੀਂ ਦਿੱਲੀ ਦੰਗਿਆਂ ਦੇ ਸੰਬੰਧ ਵਿੱਚ ਦਿੱਲੀ ਪੁਲਿਸ ਵੱਲੋਂ ਫਿਰਕਾਪ੍ਰਸਤੀ ਵਿਰੁੱਧ ਪ੍ਰਚਾਰ ਕਰਨ ਵਾਲਿਆਂ ਨੂੰ ਨਜ਼ਾਇਜ ਕੇਸਾਂ ਵਿੱਚ ਉਲਝਾਉਣ ਦਾ ਜਿਕਰ ਕੀਤਾ ਹੈ ਜਿਹਨਾਂ ਵਿੱਚ ਪ੍ਰੋ. ਅਪੂਰਵਾਨੰਦ, ਹਰਸ਼ ਮੰਦਰ, ਯੋਗਿੰਦਰ ਯਾਦਵ ਤੇ ਰਾਹੁਲ ਰਾਇ ਦਾ ਨਾਂ ਵੀ ਲਿਖਿਆ ਹੈ ਪਰ ਇਹਨਾਂ ਦੇ ਨਾਲ ਹੀ ਸੀ.ਪੀ.ਆਈ. (ਐੱਮ.) ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੈਚੂਰੀ ਨੂੰ ਵੀ ਚਾਰਜਸ਼ੀਟ ਕੀਤਾ ਗਿਆ ਹੈ ਜਦ ਕਿ ਤੁਸੀਂ ਉਹਨਾਂ ਦਾ ਜਿਕਰ ਨਹੀਂ ਕੀਤਾ। ਮੇਰਾ ਸਵਾਲ ਹੈ ਕਿ ਕੀ ਉਹਨਾਂ ਦਾ ਨਾਮ ਜਾਣ ਬੁੱਝ ਕੇ ਛੱਡਿਆ ਗਿਆ ਹੈ ਜਾਂ ਯਾਦ ਨਹੀਂ ਰਿਹਾ। ਕਿਤੇ ਤਰਕਸ਼ੀਲ ਵੀ ਸੰਕੀਰਨਤਾਵਾਦ ਦਾ ਸ਼ਿਕਾਰ ਤਾਂ ਨਹੀਂ ਹੋ ਗਏ ? ਬਾਕੀ ਸਾਰਾ ਮੈਟਰ ਜਾਣਕਾਰੀ ਭਰਪੂਰ ਅਤੇ ਰੌਚਕ ਹੈ। ਉੱਤਰ ਦੇਣ ਦੀ ਕ੍ਰਿਪਾਲਤਾ ਕਰਨਾ ਜੀ। **ਜਸਵਿੰਦਰ ਸਿੰਘ ਮਾਣੋਚਾਹਲ, ਤਰਨਤਾਰਨ**

ਸੰਪਾਦਕ : ਜਸਵਿੰਦਰ ਜੀ, ਤਰਕਸ਼ੀਲ ਸੰਕੀਰਨਤਾਵਾਦੀ ਨਹੀਂ ਹਨ। ਇਹ ਅੰਕ ਅਗਸਤ ਮਹੀਨੇ ਦੇ ਅੰਤ ਵਿੱਚ ਫਾਈਨਲ ਹੋ ਗਿਆ ਸੀ ਜਦ ਕਿ ਯੈਚੂਰੀ ਜੀ ਨੂੰ 11 ਸਤੰਬਰ ਨੂੰ ਨਾਮਜਦ ਅਤੇ 8 ਅਕਤੂਬਰ ਨੂੰ ਚਾਰਜਸ਼ੀਟ ਕੀਤਾ ਗਿਆ। ਪਾਦਰੀ ਸਟੇਨ ਸਵਾਮੀ ਅਤੇ ਕੁਝ ਹੋਰ ਬੁੱਧੀਜੀਵੀਆਂ ਨੂੰ ਵੀ ਚਾਰਜਸ਼ੀਟ ਕੀਤਾ। ਤਰਕਸ਼ੀਲ ਸੁਸਾਇਟੀ ਪੰਜਾਬ ਸਾਰੀਆਂ ਨਜ਼ਾਇਜ ਗ੍ਰਿਫਤਾਰੀਆਂ, ਚਾਰਜਸ਼ੀਟਾਂ ਦਾ ਵਿਰੋਧ ਕਰਦੀ ਹੈ।

***

ਭਾਵੇਂ ਕਿ 'ਤਰਕਸ਼ੀਲ' ਮੈਗਜ਼ੀਨ ਦਾ ਸਟੈਂਡਰਡ ਹੈ, ਲੇਕਿਨ ਸਤੰਬਰ-ਅਕਤੂਬਰ 20 ਅੰਕ ਬੁੱਧੀਜੀਵੀਆਂ ਲਈ ਵੱਧ ਅਤੇ ਬਾਕੀ ਤਬਕਿਆਂ, ਖਾਸ ਕਰਕੇ ਵਿਦਿਆਰਥੀਆਂ ਦੇ ਪੱਧਰ ਦਾ ਘੱਟ ਲੱਗਿਐ। ਬਾਲ ਕੋਨਾ ਵੀ ਬਾਲਾਂ ਦੇ ਹਾਣ ਦਾ ਨਹੀਂ ਸੀ। ਕਹਾਣੀ ਬਲੈਕਹੋਲ 'ਓਪਰੀ ਕਸਰ' ਦੀਆਂ ਕਹਾਣੀਆਂ ਵਾਂਗ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਵਿੱਚ ਅਸਫਲ ਰਹੀ। ਇਸ ਕਹਾਣੀ ਨੂੰ ਪੜ੍ਹਨ ਲਈ ਖਿੱਚ ਹੀ ਨਹੀਂ ਪੈਦਾ ਹੋਈ। ਸਭ ਤੋਂ ਪਹਿਲਾਂ ਪਾਠਕ ਪਰਚੇ ਦੀ ਦਿੱਖ ਅਤੇ ਸਿਰਲੇਖਾਂ ਨੂੰ ਵੇਖਦੇ ਹਨ। ਉਸ ਤੋਂ ਮਗਰੋਂ ਪੜ੍ਹਨ ਜਾਂ ਨਾ ਪੜ੍ਹਨ ਦਾ ਮਨ ਬਣਾਉਂਦੇ ਹਨ। ਸਤੰਬਰ-ਅਕਤੂਬਰ 20 ਤੋਂ ਸ਼ਾਇਦ ਕਾਫੀ ਪਾਠਕਾਂ ਨੇ ਨਾ-ਪੜ੍ਹਨ ਦਾ ਮਨ ਬਣਾਇਆ ਹੋਵੇ। ਅਜਿਹੇ ਅੰਕਾਂ ਨੇ ਨਵੇਂ ਪਾਠਕ ਤਿਆਰ ਨਹੀਂ ਕਰਨੇ। ਸੰਪਾਦਕੀ ਬੋਰਡ ਧਿਆਨ ਦੇਵੇ। **ਅਜੀਤ ਪ੍ਰਦੇਸੀ**

ਸੰਪਾਦਕ : ਪ੍ਰਦੇਸੀ ਜੀ, ਆਪ ਜੀ ਦੀ ਚਿੱਠੀ ਅੰਤਰ-ਵਿਰੋਧਾਂ ਭਰਪੂਰ ਹੈ। ਇਸ ਚਿੱਠੀ ਅਨੁਸਾਰ ਤੁਸੀਂ ਕਹਾਣੀ ਪੜ੍ਹੀ ਹੀ ਨਹੀਂ ਕਿਉਂਕਿ ਤੁਸੀਂ ਆਪ ਹੀ ਲਿਖਿਆ ਹੈ ਕਿ ਪੜ੍ਹਨ ਲਈ ਖਿੱਚ ਪੈਦਾ ਨਹੀਂ ਹੋਈ। ਫਿਰ ਬਿਨ੍ਹਾਂ ਪੜ੍ਹੇ ਤੁਹਾਡਾ ਇਹ ਨਿਰਣਾ ਕਿ ਇਹ ਕਹਾਣੀ 'ਓਪਰੀ ਕਸਰ' ਦੀਆਂ ਕਹਾਣੀਆਂ ਵਾਂਗ ਪਾਠਕਾਂ ਨੂੰ ਆਪਣੇ ਨਾਲ ਰੱਖਣ ਵਿੱਚ ਅਸਫਲ ਰਹੀ, ਤਰਕਸੰਗਤ ਨਹੀਂ। ਪਾਠਕਾਂ ਤੋਂ ਠੋਸ ਰੂਪ ਵਿੱਚ ਉਹਨਾਂ ਦੇ ਵਿਚਾਰ ਜਾਣੇ ਬਿਨ੍ਹਾਂ ਖ਼ੁਦ ਆਪ ਹੀ ਦਿੱਖ ਅਤੇ ਸਿਰਲੇਖਾਂ ਤੋਂ ਇਹ ਮਨੋ-ਕਲਪਨਾ ਬਣਾ ਲੈਣਾ ਕਿ 'ਸ਼ਾਇਦ ਕਾਫੀ ਪਾਠਕਾਂ ਨੇ ਨਾ ਪੜ੍ਹਣ ਦਾ ਮਨ ਬਣਾਇਆ ਹੋਵੇ' ਸਾਰਥਿਕ ਨਹੀਂ। ਫਿਰ ਵੀ ਤੁਹਾਡੀ ਅਲੋਚਨਾ ਸਿਰ ਮੱਥੇ। ਧੰਨਵਾਦ ਜੀ।

ਪਛੜ ਕੇ ਮਿਲੀ ਚਿੱਠੀ :

ਜੁਲਾਈ-ਅਗਸਤ ਦਾ 'ਤਰਕਸ਼ੀਲ' ਮੈਗਜ਼ੀਨ ਹਮੇਸ਼ਾਂ ਦੀ ਤਰ੍ਹਾਂ ਦਿਲ ਖਿਚਵਾਂ ਸੀ। ਟਾਈਟਲ 'ਤੇ ਲੱਗੀ ਜਾਰਜ ਫਲਾਇਡ ਦੀ ਫੋਟੋ, ਉਸ ਦੀ ਮੌਤ ਤੋਂ ਬਾਅਦ ਅਮਰੀਕਾ ਵਿੱਚ ਉੱਠਿਆ ਤੂਫਾਨ ਕਾਬਲੇ ਤਰੀਫ ਸੀ। ਕਵਿਤਾ ਦੇ ਨਾਲ ਲੱਗੀ ਲਹੂ-ਲੁਹਾਨ ਪੈਰ ਦੀ ਫੋਟੋ, ਬਿਨ੍ਹਾਂ ਸੋਚੇ ਸਮਝੇ ਹਾਕਮਾਂ ਵੱਲੋਂ ਲਗਾਈ ਤਾਲਾਬੰਦੀ, ਹਾਕਮਾਂ ਦੇ ਮੱਥੇ 'ਤੇ ਇੱਕ ਕਲੰਕ ਪੇਸ਼ ਕਰਦੀ ਹੈ। ਸੰਪਾਦਕੀ ਦੇ ਵਿੱਚ ਮਜ਼ਦੂਰਾਂ ਦੇ ਸੜਕਾਂ 'ਤੇ ਪੈਦਲ ਚੱਲਣ, ਮਰਨ, ਬੱਚੇ ਜੰਮਣ ਦੀ ਪੂਰੀ ਤਸਵੀਰ ਦਰਦਮਈ ਸੀ। ਹੇਮ ਰਾਜ ਸਟੈਨੋ ਦਾ ਲਿਖਿਆ ਲੇਖ ਵਧੀਆ ਜਾਣਕਾਰੀ ਦਿੰਦਾ ਹੈ। ਸੀਰਨੀ (ਹੱਡ ਬੀਤੀ) ਪ੍ਰਸ਼ੰਸਾਯੋਗ ਹੈ। ਵਰਵਰਾ ਰਾਓ ਬਾਰੇ ਜਾਣਕਾਰੀ ਪੜ੍ਹਕੇ ਗਿਆਨ ਵਿੱਚ ਵਾਧਾ ਹੋਇਆ ਹੈ। 'ਮੈਂ ਤਰਕਸ਼ੀਲ ਕਿਵੇਂ ਬਣਿਆ' ਲੇਖ ਵੀ ਬਹੁਤ ਜਾਣਕਾਰੀ ਭਰਪੂਰ ਸੀ। ਜਸਵੰਤ ਮੋਹਾਲੀ ਦਾ ਲੇਖ ਦੱਸਦਾ ਹੈ ਕਿਵੇਂ ਹਾਕਮਾਂ ਨੂੰ ਲੋਕਾਂ ਦੀਆਂ ਜਾਨਾਂ ਨਾਲੋਂ ਇਕੌਨਮੀ ਸਤਾਉਣ ਲੱਗੀ। ਮੁਕਦੀ ਗੱਲ ਹਰ ਵਾਰ ਦੀ ਤਰ੍ਹਾਂ ਸਾਰਾ ਪੇਪਰ ਹੀ ਗਿਆਨ, ਵਿਗਿਆਨ, ਤਰਕਵਾਦੀ ਸੋਚ ਦੀ, ਹਾਕਮਾਂ ਦੇ ਜਬਰ ਜੁਲਮ ਦੀ, ਹੱਕ ਸੱਚ ਦੀ ਲੜਾਈ ਦੀ ਅਵਾਜ਼ ਦਬਾਉਣ ਦੀ, ਸਮੇਂ ਸਮੇਂ 'ਤੇ ਹਾਕਮਾਂ ਵੱਲੋਂ, ਫਿਰਕੂ ਰੰਗਤ ਦੇ ਕੇ, ਗੱਦੀਆਂ ਮੱਲਣ ਦੀਆਂ ਸਾਰੀਆਂ ਜਾਣਕਾਰੀਆਂ ਵਧੀਆਂ ਢੰਗ ਨਾਲ ਪੇਸ਼ ਕਰਦਾ ਹੈ। **ਸੁਖਵਿੰਦਰ ਸਿੰਘ ਖਾਰਾ**

ਪੇਸ਼ਕਦਮੀਆਂ

ਮਾਝਾ ਜੋਨ : ਕਿਸਾਨ ਸੰਘਰਸ਼ ਨੂੰ ਦਿੱਤੀ ਪੂਰਨ ਹਮਾਇਤ : ਕਿਸਾਨ ਜਥੇਬੰਦੀਆਂ ਦੇ ਬੁਟਾਰੀ ਰੇਲਵੇ ਸਟੇਸ਼ਨ (ਜ਼ਿਲ੍ਹਾ ਅੰਮ੍ਰਿਤਸਰ) ਚੱਲ ਰਹੇ ਅਣਮਿੱਥੇ ਸਮੇਂ ਦੇ ਧਰਨੇ ਨੂੰ ਪੂਰਨ ਹਮਾਇਤ ਦਿੱਤੀ। ਜ਼ਿਲ੍ਹਾ ਤਰਨਤਾਰਨ ਤੇ ਅੰਮ੍ਰਿਤਸਰ ਦੇ ਤਰਕਸ਼ੀਲ ਵੱਡੀ ਗਿਣਤੀ ਵਿੱਚ ਬੁਟਾਰੀ ਰੇਲਵੇ ਸਟੇਸ਼ਨ ਪਹੁੰਚੇ। ਰਸਤੇ 'ਚ ਖਿਲਚੀਆਂ ਬੱਸ ਅੱਡੇ 'ਤੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ। ਰੋਸ ਪ੍ਰਦਰਸ਼ਨ ਨੂੰ ਜੋਨ ਮੁਖੀ ਰਜਵੰਤ ਬਾਗੜੀਆ ਨੇ ਸੰਬੋਧਨ ਕੀਤਾ। ਇਸ ਮੌਕੇ ਇਕਾਈ ਖਿਲਚੀਆਂ ਵੱਲੋਂ ਜਸਬੀਰ ਖਿਲਚੀਆਂ ਦੀ ਅਗਵਾਈ ਹੇਠ ਬੁਟਾਰੀ ਵਿਖੇ ਚੱਲ ਰਹੇ ਧਰਨੇ ਲਈ 9000 ਰੁਪਏ ਆਰਥਿਕ ਮਦਦ ਦਿੱਤੀ ਗਈ। ਇਸ ਮੌਕੇ ਮੁਖਤਾਰ ਗੋਪਾਲਪੁਰ, ਸੁਮੀਤ ਸਿੰਘ, ਮਾਸਟਰ ਦਲਬੀਰ ਚੰਬਾ, ਨਰਿੰਦਰ ਸ਼ੇਖਚੱਕ, ਸੇਵਾ ਸਿੰਘ, ਸੁਖਵਿੰਦਰ ਖਾਰਾ, ਬਲਬੀਰ ਲਹਿਰੀ, ਜਸਪਾਲ ਸਿੰਘ, ਮਨਜੀਤ ਬਾਸਰਕੇ, ਹਰਨੰਦ ਬੱਲਿਆਂਵਾਲਾ, ਲਖਵਿੰਦਰ ਗੋਪਾਲਪੁਰ, ਕਰਮਜੀਤ ਸਿੰਘ, ਹਰਦੀਪ ਸਿੰਘ, ਅਮੋਲਕ ਸਿੰਘ, ਸਤਨਾਮ ਜੰਡਿਆਲਾ, ਕਸ਼ਮੀਰ ਚੋਹਲਾ, ਬਲਵਿੰਦਰ ਦੁਧਾਲਾ, ਸੁਰਜੀਤ ਸਿੰਘ, ਬਲਕਾਰ ਦੁਧਾਲਾ, ਤਸਵੀਰ ਸਿੰਘ, ਸ਼ਿੰਗਾਰਾ ਸਿੰਘ, ਪ੍ਰਿੰਸੀਪਲ ਦਿਓਲ, ਗੁਰਪ੍ਰੀਤ ਸਿੰਘ, ਸੁਖਵੰਤ ਸਿੰਘ ਆਦਿ ਤੋਂ ਇਲਾਵਾ ਵੱਖ-ਵੱਖ ਇਕਾਈਆਂ ਦੇ ਮੈਂਬਰ ਮੌਜੂਦ ਸਨ।

ਹਾਥਰਸ ਜਬਰ ਜਿਨਾਹ ਖਿਲਾਫ਼ ਪੁਤਲਾ ਫੂਕਿਆ : ਜਿਲਾ ਅੰਮ੍ਰਿਤਸਰ ਤੇ ਤਰਨਤਾਰਨ ਦੇ ਤਰਕਸ਼ੀਲ ਜੰਡਿਆਲਾ ਵਿਖੇ ਮੋਟਰਸਾਈਕਲ ਰੈਲੀ ਕੱਢਦੇ ਹੋਏ ਪਹੁੰਚੇ, ਜਿੱਥੇ ਜੰਡਿਆਲਾ ਇਲਾਕੇ ਦੇ ਤਰਕਸ਼ੀਲ ਮੋਟਰਸਾਈਕਲ ਰੈਲੀ 'ਚ ਸ਼ਾਮਲ ਹੋਏ, ਜਦ ਰੈਲੀ ਖਿਲਚੀਆਂ ਪਹੁੰਚੀ ਤਾਂ ਉੱਥੇ ਖਿਲਚੀਆਂ ਇਕਾਈ ਦੇ ਮੈਂਬਰ ਤੇ ਹਮਦਰਦ ਹਾਜ਼ਰ ਸਨ । ਖਿਲਚੀਆਂ ਵਿਖੇ 100 ਦੇ ਕਰੀਬ ਤਰਕਸ਼ੀਲਾਂ ਨੇ ਰੋਹ ਭਰਪੂਰ ਮੁਜ਼ਾਹਰਾ ਕੀਤਾ ਅਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ। ਇਸ ਮੌਕੇ ਜੋਨ ਆਗੂ ਮੁਖਤਾਰ ਗੋਪਾਲਪੁਰਾ, ਰਜਵੰਤ ਸਿੰਘ ਬਾਗੜੀਆ ਤੇ ਸੁਮੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਜਸਬੀਰ ਖਿਲਚੀਆਂ, ਮਨਜੀਤ ਬਾਸਰਕੇ, ਮਾਸਟਰ ਦਲਬੀਰ ਚੰਬਾ, ਨਰਿੰਦਰ ਸ਼ੇਖਚੱਕ, ਅਮਰਜੀਤ ਬਾਈ, ਜਸਪਾਲ ਬਾਸਰਕੇ, ਸੇਵਾ ਸਿੰਘ, ਲਖਵਿੰਦਰ ਗੋਪਾਲਪੁਰ, ਸੁਖਵਿੰਦਰ ਖਾਰਾ, ਬਲਕਾਰ ਦੁਧਾਲਾ, ਗੁਰਪ੍ਰੀਤ ਲੱਧੜ, ਹਰਦੀਪ ਖਲਚੀਆਂ, ਹਰਨੰਦ ਸਿੰਘ ਬੱਲਿਆਂਵਾਲਾ, ਬਲਬੀਰ ਲਹਿਰੀ, ਮਾਸਟਰ ਤਸਵੀਰ ਸਿੰਘ, ਮਾ. ਨਛੱਤਰ ਸਿੰਘ, ਮੇਜਰ ਸਿੰਘ, ਸਤਨਾਮ ਜੰਡਿਆਲਾ, ਅਮੋਲਕ ਸਿੰਘ, ਸੁਖਵੰਤ ਚੇਤਨਪੁਰੀ, ਮਾ. ਕਸ਼ਮੀਰ ਚੋਹਲਾ, ਬਲਵਿੰਦਰ ਜਹਾਂਗੀਰ, ਹਰਪ੍ਰੀਤ ਮੀਆਂਵਿੰਡ ਆਦਿ ਹਾਜਰ ਸਨ।

ਰਜਵੰਤ ਬਾਗੜੀਆ

ਇਕਾਈ ਕੋਹਾੜਾ : ਲਾਦੀਆਂ ਕਲਾਂ, ਬਾਰਨਹਾੜਾ ਤੇ ਤਲਵਾੜਾ (ਲੁਧਿਆਣਾ) ਦੀਆਂ ਪੰਚਾਇਤਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤੇ ਗਏ। ਦਲਬੀਰ ਕਟਾਣੀ ਜਥੇਬੰਦਕ ਮੁਖੀ ਦੀ ਅਗਵਾਈ ਵਿੱਚ ਰਜਿੰਦਰ ਜੰਡਾਲੀ ਅਤੇ ਗੁਰਿੰਦਰ ਜੰਡਾਲੀ ਵੱਲੋਂ ਜਾਦੂ ਦੇ ਟ੍ਰਿਕ ਵਿਖਾ ਕੇ ਲੋਕਾਂ ਨੂੰ ਜਾਗ੍ਰਤ ਕੀਤਾ ਗਿਆ। ਵਿਗਿਆਨਕ ਸੋਚ ਦੇ ਪ੍ਰਸਾਰ ਲਈ ਸੁਸਾਇਟੀ ਦੀਆਂ ਪ੍ਰਕਾਸ਼ਿਤ ਕਿਤਾਬਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਲੋਕਾਂ ਨੇ ਸਾਹਿਤ ਵੀ ਖਰੀਦਿਆ ਅਤੇ ਪ੍ਰਚਲਤ ਮਾਨਤਾਵਾਂ ਸਬੰਧੀ ਪ੍ਰਸ਼ਨ ਪੁੱਛੇ। ਸੁਸਾਇਟੀ ਦੀ ਟੀਮ ਨੇ ਤਸੱਲੀ ਬਖਸ਼ ਜੁਆਬ ਦਿੱਤੇ। ਗੁਰਜੀਤ ਸਿੰਘ ਗਿੱਲ, ਜਸਪ੍ਰੀਤ ਸਿੰਘ ਗਿੱਲ, ਪਰਮਜੀਤ ਸਿੰਘ, ਫੌਜੀ ਬਚਨ ਸਿੰਘ, ਗੁਰਪ੍ਰੀਤ ਸਿੰਘ ਸਿੱਧੂ, ਹਰਜਿੰਦਰ ਕੌਰ ਅਤੇ ਕਾਮਰੇਡ ਕੁਲਦੀਪ ਸਿੰਘ ਸਾਰੇ ਲਾਦੀਆਂ ਕਲਾਂ ਅਤੇ ਕੁਲਦੀਪ ਸਿੰਘ ਖੰਗੂੜਾ, ਨਰਿੰਦਰ ਸਿੰਘ ਗਿੱਲ, ਹਰਦਿਆਲ ਸਿੰਘ, ਸਵਰਨ ਸਿੰਘ, ਸਕੰਦਰ ਸਿੰਘ ਅਤੇ ਮਲਕੀਂਦਰ ਸਿੰਘ, ਮਨਪ੍ਰੀਤ ਕਾਲੂ ਪਿੰਡ ਬਾਰਨਹਾੜਾ ਤੇ ਤਲਵਾੜਾ ਦੇ ਸਾਥੀਆਂ ਨੇ ਵਿਸ਼ੇਸ਼ ਤੌਰ 'ਤੇ ਪ੍ਰੋਗਰਾਮ ਦੀ ਕਾਮਯਾਬੀ ਲਈ ਸਾਥ ਦਿੱਤਾ।

ਇਕਾਈ ਅੰਮ੍ਰਿਤਸਰ : ਮੈਗਜ਼ੀਨ ਰਲੀਜ਼ : ਇਕਾਈ ਦੇ ਮੀਡੀਆ ਮੁਖੀ ਧਰਵਿੰਦਰ ਕੋਹਾਲੀ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿੱਚ 'ਤਰਕਸ਼ੀਲ' ਮੈਗਜ਼ੀਨ ਦਾ ਸਤੰਬਰ-ਅਕਤੂਬਰ ਅੰਕ ਰਿਲੀਜ਼ ਕੀਤਾ ਗਿਆ। ਇਸ ਮੌਕੇ ਇਕਾਈ ਮੁਖੀ ਸੁਮੀਤ ਸਿੰਘ, ਜਸਪਾਲ ਬਾਸਰਕਾ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਸੰਬੋਧਨ ਕੀਤਾ। ਇਸ ਮੌਕੇ ਪਿਛਲੇ ਸਾਲ ਵਿਛੋੜਾ ਦੇ ਗਏ ਤਰਕਸ਼ੀਲ ਆਗੂਆਂ ਵਰਿੰਦਰ ਕੌਰ, ਕਾਮਰੇਡ ਅਜੀਤ ਸਿੰਘ, ਮੁਖਵਿੰਦਰ ਚੋਹਲਾ ਅਤੇ ਬਲਵੰਤ ਸਿੰਘ ਦੀ ਯਾਦ ਨੂੰ ਸਮਰਪਿਤ ਇੱਕ ਸਮਾਗਮ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਇਸ ਮੌਕੇ ਤਰਕਸ਼ੀਲ ਆਗੂ ਅਸ਼ਵਨੀ ਕੁਮਾਰ, ਹਰਜਿੰਦਰ ਜਲਾਲਪੁਰ, ਕੰਵਲਜੀਤ ਸਿੰਘ, ਰਮੇਸ਼ ਕੁਮਾਰ, ਬਨਾਰਸੀ ਦਾਸ, ਦਮਨਜੀਤ ਕੌਰ, ਹਰਜੀਤ ਕੌਰ ਅਤੇ ਨਵਰੀਤ ਆਦਿ ਸ਼ਾਮਿਲ ਹੋਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉੱਘੇ ਵਿਦਵਾਨ ਡਾ. ਦਰਿਆ ਦੀ ਅਚਨਚੇਤੀ ਮੌਤ ਉੱਤੇ ਗਹਿਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ।

ਰੋਸ ਪ੍ਰਦਰਸ਼ਨ : ਲੋਕਪੱਖੀ, ਜਮਹੂਰੀ ਅਤੇ ਜਨਤਕ ਜਥੇਬੰਦੀਆਂ

ਦੇ ਸਹਿਯੋਗ ਨਾਲ ਮੋਦੀ ਸਰਕਾਰ ਵੱਲੋਂ ਧੱਕੇਸ਼ਾਹੀ ਨਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਅਤੇ ਕਿਰਤ ਕਾਨੂੰਨਾਂ ਵਿਚਲੀਆਂ ਮਜ਼ਦੂਰ ਵਿਰੋਧੀ ਸੋਧਾਂ ਦੇ ਖਿਲਾਫ਼ ਅਤੇ ਉੱਤਰ ਪ੍ਰਦੇਸ਼ ਵਿੱਚ ਵਾਪਰੀਆਂ ਜਬਰ ਜਨਾਹ ਅਤੇ ਕਤਲ ਦੀਆਂ ਵਹਿਸ਼ੀ ਘਟਨਾਵਾਂ ਦੇ ਖਿਲਾਫ਼ ਧਰਮ ਸਿੰਘ ਮਾਰਕੀਟ ਵਿਖੇ ਨਾਅਰੇਬਾਜ਼ੀ ਕਰਕੇ ਸਖਤ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਜਮਹੂਰੀ ਆਗੂ ਡਾ. ਪਰਮਿੰਦਰ ਸਿੰਘ, ਉੱਘੇ ਚਿੰਤਕ ਡਾ. ਸ਼ਿਆਮ ਸੁੰਦਰ ਦੀਪਤੀ, ਕਿਸਾਨ ਆਗੂ ਕਾਮਰੇਡ ਬਲਵਿੰਦਰ ਦੁਧਾਲਾ, ਜਮਹੂਰੀ ਆਗੂ ਯਸ਼ਪਾਲ ਝਬਾਲ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਆਗੂ ਦੀਪ ਦੇਵਿੰਦਰ ਸਿੰਘ, ਪੀ.ਐੱਸ.ਯੂ. (ਲਲਕਾਰ) ਦੀ ਆਗੂ ਰਵਿੰਦਰ ਅਤੇ ਤਰਕਸ਼ੀਲ ਆਗੂ ਸੁਮੀਤ ਸਿੰਘ ਨੇ ਸੰਬੋਧਨ ਕੀਤਾ। ਐਡਵੋਕੇਟ ਅਮਰਜੀਤ ਬਾਈ ਨੇ ਰੋਸ ਧਰਨੇ ਵਿੱਚ ਸ਼ਾਮਿਲ ਸਾਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਜਸਪਾਲ ਬਾਸਰਕਾ, ਮਾਸਟਰ ਕੁਲਜੀਤ ਵੇਰਕਾ, ਮਨਜੀਤ ਬਾਸਰਕੇ, ਅਸ਼ਵਨੀ ਕੁਮਾਰ, ਲੇਖਕ ਮਲਵਿੰਦਰ, ਜ਼ਮਹੂਰੀ ਸਭਾ ਦੇ ਪ੍ਰਧਾਨ ਅਮਰਜੀਤ ਭੱਲਾ, ਮੈਡਮ ਊਸ਼ਾ ਦੀਪਤੀ, ਗਾਇਕ ਸੁਖਵੰਤ ਚੇਤਨਪੁਰੀ, ਵਿਦਿਆਰਥੀ ਆਗੂ ਗਗਨ, ਗੁਰਪਾਲ ਗੁਰੀ, ਬਲਬੀਰ ਮਾਧੋਪੁਰੀ, ਕੰਵਲਜੀਤ ਸਿੰਘ, ਦਮਨਜੀਤ ਕੌਰ, ਸ਼ਰਨਜੀਤ ਕੌਰ, ਜਨਕ ਰਾਜ, ਹੇਮੰਤ ਕੁਮਾਰ, ਕਾਨਵ ਮਹਿਤਾ, ਬਲਵਿੰਦਰ ਜਹਾਂਗੀਰ, ਮੇਲਾ ਰਾਮ ਆਦਿ ਨੇ ਸ਼ਮੂਲੀਅਤ ਕੀਤੀ। ਇੱਥੇ ਅੰਮ੍ਰਿਤਸਰ ਦੀਆਂ ਦੋ ਹੋਰ ਸਰਗਰਮੀਆਂ ਐਡ ਕਰ ਦਿੱਤੀਆਂ ਜਾਣ ਜੀ।

ਧਰਨੇ ਵਿੱਚ ਸ਼ਮੂਲੀਅਤ : ਮੀਰਾਂ ਕੋਟ ਚੱਕ, ਅੰਮ੍ਰਿਤਸਰ ਵਿਖੇ ਰਿਲਾਇੰਸ ਦੇ ਸ਼ੌਪਿੰਗ ਮਾਲ ਦਾ ਘਿਰਾਓ ਕਰ ਰਹੇ ਕਿਸਾਨ ਸੰਗਠਨਾਂ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ ਗਈ। ਕਥੂ ਨੰਗਲ ਟੋਲ ਪਲਾਜ਼ਾ ਅਤੇ ਭਾਜਪਾ ਐੱਮ. ਪੀ. ਸ਼ਵੇਤ ਮਲਿਕ ਦੀ ਰਿਹਾਇਸ਼ ਦੇ ਘਿਰਾਓ ਦੇ ਧਰਨੇ ਵਿੱਚ ਵੀ ਭਰਵੀਂ ਸ਼ਮੂਲੀਅਤ ਕੀਤੀ ਗਈ।

ਇਨਕਲਾਬੀ ਨਾਟਕਕਾਰ ਹੰਸਾ ਸਿੰਘ ਬਿਆਸ ਦੀ ਯਾਦ ਵਿੱਚ ਸ਼ੋਕ ਸਭਾ: ਬੁਲਾਰਿਆਂ ਨੇ ਕਿਹਾ ਕਿ ਉਹਨਾਂ ਨੇ ਆਪਣੀ ਖਰਾਬ ਸਿਹਤ ਦੀ ਪ੍ਰਵਾਹ ਕੀਤੇ ਬਗੈਰ ਆਪਣੇ ਪਰਿਵਾਰ ਅਤੇ ਰੰਗ ਮੰਚ ਦੇ ਸਾਥੀ ਕਲਾਕਾਰਾਂ ਦੇ ਸਹਿਯੋਗ ਨਾਲ ਬਿਆਸ ਵਿਖੇ ਸਥਾਪਿਤ ਰੰਗ ਮੰਚ ਕੇਂਦਰ ਵਿੱਚ ਲਗਾਤਾਰ ਲੋਕ ਪੱਖੀ ਨਾਟਕਾਂ ਦੀ ਪੇਸ਼ਕਾਰੀ ਕੀਤੀ ਅਤੇ ਦਰਸ਼ਕਾਂ ਦਾ ਇੱਕ ਵੱਡਾ ਵਰਗ ਪੈਦਾ ਕੀਤਾ। ਉਹ ਇੱਕ ਪ੍ਰਤੀਬਧ ਕਲਾਕਾਰ, ਨਿਰਦੇਸ਼ਕ, ਲੇਖਕ ਅਤੇ ਭਾਅ ਗੁਰਸ਼ਰਨ ਸਿੰਘ ਦੇ ਰੰਗਮੰਚ ਦਾ ਵਾਰਸ ਸਨ।

ਇਕਾਈ ਭੀਖੀ : 'ਮਾਨਸਿਕ ਰੋਗ ਅਤੇ ਵਧ ਰਹੇ ਤਣਾਅ' ਵਿਸ਼ੇ 'ਤੇ ਵਿਚਾਰ ਚਰਚਾ : ਨਵਯੁਗ ਸਾਹਿਤ ਕਲਾ ਮੰਚ ਅਤੇ ਇਕਾਈ ਭੀਖੀ ਵੱਲੋਂ ਸਾਂਝੇ ਤੌਰ 'ਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਵਿਖੇ 'ਮਾਨਸਿਕ ਰੋਗ ਤੇ ਵਧ ਰਿਹਾ ਤਣਾਅ' ਵਿਸ਼ੇ 'ਤੇ ਵਿਚਾਰ ਚਰਚਾ ਕਰਵਾਈ ਗਈ ਜਿਸ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਡਾ. ਸ਼ਿਆਮ ਸੁੰਦਰ ਦੀਪਤੀ ਨੇ ਸ਼ਿਰਕਤ ਕੀਤੀ। ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸੇਵਾ ਮੁਕਤ ਆਈ. ਜੀ. ਅਮਰ ਸਿੰਘ ਚਹਿਲ ਨੇ ਸ਼ਿਰਕਤ ਕੀਤੀ ਜਦ ਕਿ ਨਗਰ ਪੰਚਾਇਤ ਪ੍ਰਧਾਨ ਵਿਨੋਦ ਕੁਮਾਰ ਸਿੰਗਲਾ, ਸਾਬਕਾ ਸਰਪੰਚ ਪ੍ਰਸ਼ੋਤਮ ਮੱਤੀ, ਮੰਚ ਪ੍ਰਧਾਨ ਭੁਪਿੰਦਰ ਫੌਜੀ, ਡਾ. ਊਸ਼ਾ ਰਾਣੀ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ। ਸਮਾਗਮ ਨੂੰ ਭੁਪਿੰਦਰ ਫੌਜੀ ਅਤੇ ਕਾ. ਕਿਰਪਾਲ ਬੀਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜਗਸੀਰ ਸਿੱਲਣ, ਜਸ਼ਨਪ੍ਰੀਤ ਤੇ ਅਵਨੂਰ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਮੰਚ ਸੰਚਾਲਨ ਮਾ. ਅਮਰੀਕ ਭੀਖੀ ਨੇ ਕੀਤਾ। ਇਸ ਮੌਕੇ ਸੇਵਾ ਮੁਕਤ ਫਾਰਮੇਸੀ ਅਫ਼ਸਰ ਸੁਖਦਰਸ਼ਨ ਸਿੰਘ ਸੋਨੀ, ਮੋਹਨਜੀਤ ਦਲਿਓ, ਐਸ.ਡੀ.ਓ. ਰਾਜਿੰਦਰ ਰੋਹੀ, ਲੱਖਾ ਸਿੰਘ ਜੇ.ਈ., ਜਸਪਾਲ ਅਤਲਾ, ਹਰਮੇਸ਼ ਭੋਲਾ ਮੱਤੀ, ਸੁਖਪਾਲ ਸਿੰਘ ਜੋਗਾ, ਬੂਟਾ ਸਿੰਘ ਬੀਰ, ਵਰਿੰਦਰ ਕੁਮਾਰ ਖੀਵਾ, ਸੁਖਵਿੰਦਰ ਵੀਰ, ਅੰਮ੍ਰਿਤਪਾਲ ਬੱਛੋਆਣਾ, ਲਵਪ੍ਰੀਤ ਸਿੰਘ ਬੋੜ੍ਹਾਵਾਲ, ਐਡਵੋਕੇਟ ਸਵਰਨਜੀਤ ਦਲਿਓ, ਮਾ. ਮਨਜੀਤ ਸਿੰਘ, ਸਾਹਿਲ ਬੱਤਰਾ, ਡੀਪੀ. ਜਿੰਦਲ, ਡਾ. ਕੁਲਦੀਪ ਚੌਹਾਨ, ਹਰਵਿੰਦਰ ਭੀਖੀ, ਧਰਮਿੰਦਰ ਸੋਨੀ, ਹਰਜਿੰਦਰ ਅਤਲਾ, ਬਲਕਾਰ ਸਿੰਘ, ਜਸਵੀਰ ਸਿੰਘ, ਪਰਗਟ ਸਮਾਓ, ਗੁਰਮੇਜ ਸਿੰਘ, ਵੀਰਾਂ ਰਾਣੀ, ਪਰਮਜੀਤ ਕੌਰ, ਸ਼ੰਕੁਤਲਾ ਦੇਵੀ ਵੀ ਹਾਜ਼ਰ ਸਨ। **ਭੁਪਿੰਦਰ ਫੌਜੀ**

ਜ਼ੋਨ ਬਰਨਾਲਾ-ਸੰਗਰੂਰ : 1. ਲੌਂਗੋਵਾਲ ਵਿਖੇ ਹਾਥਰਸ ਅਤੇ ਬਲਰਾਮ ਪੁਰ ਦੀਆਂ ਮਨ-ਕੰਬਾਊ ਜਬਰ ਜਿਨਾਹ ਦੀਆਂ ਗੈਰ ਮਨੁੱਖੀ ਘਟਨਾਵਾਂ ਖਿਲਾਫ ਰੋਸ ਮੁਜ਼ਾਹਰੇ ਵਿੱਚ ਸ਼ਮੂਲੀਅਤ ਕੀਤੀ। ਕਮਲਜੀਤ ਵਿੱਕੀ ਨੇ ਸੰਬੋਧਨ ਵੀ ਕੀਤਾ। 2. ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸੰਗਰੂਰ ਵਿਖੇ ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿੱਚ ਪੰਜਾਬੀ ਅਤੇ ਉਰਦੂ ਬੋਲੀ ਦਾ ਰੁਤਬਾ ਘਟਾਉਣ ਖਿਲਾਫ ਕੀਤੇ ਮੁਜ਼ਾਹਰੇ ਵਿੱਚ ਸੰਗਰੂਰ, ਲੌਂਗੋਵਾਲ ਅਤੇ ਧੂਰੀ ਇਕਾਈਆਂ ਵੱਲੋਂ ਸਾਂਝੇ ਰੂਪ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਜੁਝਾਰ ਲੌਂਗੋਵਾਲ, ਪਰਮਵੇਦ, ਬਲਬੀਰ ਲੌਂਗੋਵਾਲ, ਪਰਵਿੰਦਰ ਉਭਾਵਾਲ, ਸੁਖਦੇਵ ਧੂਰੀ ਨੇ ਸੰਬੋਧਨ ਕੀਤਾ। 3. ਜ਼ਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੱਦੇ 'ਤੇ ਬੁੱਧੀਜੀਵੀਆਂ, ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਖਿਲਾਫ ਰੋਸ ਮੁਜ਼ਾਹਰੇ ਅਤੇ ਡੀ.ਸੀ. ਨੂੰ ਮੰਗ ਪੱਤਰ ਦੇਣ ਵਿੱਚ ਇਕਾਈ ਲੌਂਗੋਵਾਲ, ਸੰਗਰੂਰ, ਧੂਰੀ ਅਤੇ ਦਿੜਬਾ ਨੇ ਸਾਂਝੀ ਸ਼ਮੂਲੀਅਤ ਕੀਤੀ। ਇਸ ਮੌਕੇ ਤਰਕਸ਼ੀਲ ਆਗੂਆਂ ਨੈਬ ਸਿੰਘ ਦਿੜ੍ਹਬਾ,

ਬਲਬੀਰ ਲੌਂਗੋਵਾਲ, ਪਰਮਵੇਦ ਸੰਗਰੂਰ, ਸੁਖਦੇਵ ਧੂਰੀ ਨੇ ਵਿਚਾਰ ਸਾਂਝੇ ਕੀਤੇ। 4. ਨੌਜਵਾਨ ਭਾਰਤ ਸਭਾ (ਲਲਕਾਰ) ਵੱਲੋਂ ਪਿੰਡ ਦੁੱਗਾ ਵਿਖੇ ਯੂ.ਪੀ. ਵਿੱਚ ਦਲਿਤ ਬੱਚੀਆਂ ਨਾਲ ਸਮੂਹਿਕ ਜ਼ਬਰ ਜਿਨਾਹ ਖਿਲਾਫ਼ ਰੋਸ ਮੁਜ਼ਾਹਰੇ ਵਿੱਚ ਇਕਾਈ ਲੌਂਗੋਵਾਲ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜੁਝਾਰ ਲੌਂਗੋਵਾਲ, ਬਲਬੀਰ ਲੌਂਗੋਵਾਲ ਨੇ ਸੰਬੋਧਨ ਕੀਤਾ। 5. ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਲੁੱਟ ਕਰਨ ਦੀ ਖੁੱਲੀ ਛੁੱਟੀ ਦੇਣ ਲਈ ਨਵੇਂ ਗੈਰ ਜਮਹੂਰੀ ਢੰਗ ਨਾਲ ਬਣਾਏ ਕਾਨੂੰਨਾਂ ਖਿਲਾਫ ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਵਿੱਢੇ ਸੰਘਰਸ਼ਾਂ ਵਿੱਚ ਬਰਨਾਲਾ ਇਕਾਈ ਨਾਲ ਬਡਬਰ ਟੋਲ ਪਲਾਜ਼ਾ ਵਿਖੇ ਭਰਵੀਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸੂਬਾ ਆਗੂ ਬਲਬੀਰ ਲੌਂਗੋਵਾਲ, ਜੋਨ ਆਗੂ ਸੋਹਣ ਸਿੰਘ, ਜੋਰਾ ਖਿਆਲੀ, ਮਾ. ਹਰਮੇਲ ਸਿੰਘ, ਕਮਲਜੀਤ ਵਿੱਕੀ, ਗੱਗੂ ਲੌਂਗੋਵਾਲ, ਸੁਖਵੀਰ ਸਿੰਘ ਆਦਿ ਆਗੂ ਹਾਜ਼ਰ ਸਨ। ਜੋਨ ਜਥੇਬੰਦਕ ਮੁਖੀ ਜੁਝਾਰ ਲੌਂਗੋਵਾਲ ਨੇ ਮੰਚ ਤੋਂ ਵਿਚਾਰ ਸਾਂਝੇ ਵੀ ਕੀਤੇ। 6. ਪਿੰਡ ਡਸਕੇ (ਲਹਿਰਾਗਾਗਾ) ਦੇ ਵਾਸੀਆਂ ਵੱਲੋਂ ਇੱਕ ਵਿਅਕਤੀ ਵੱਲੋਂ ਹਥੌਲੇ ਕਰਕੇ ਅਤੇ ਨਸ਼ੀਲੀਆਂ ਦਵਾਈਆਂ ਨਾਲ ਲੋਕਾਂ ਦਾ ਇਲਾਜ ਕਰਨ ਬਹਾਨੇ ਮਾਨਸਿਕ ਅਤੇ ਆਰਥਿਕ ਲੁੱਟ ਕਰਨ ਖਿਲਾਫ ਸੀਨੀਅਰ ਪੁਲਿਸ ਕਪਤਾਨ ਨੂੰ ਲੁੱਟ ਦੇ ਅੱਡੇ ਨੂੰ ਬੰਦ ਕਰਵਾਉਣ ਲਈ ਸੰਗਰੂਰ ਅਤੇ ਲੌਂਗੋਵਾਲ ਇਕਾਈਆਂ ਵੱਲੋਂ ਅਗਵਾਈ ਕਰਦਿਆਂ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਪਰਮਵੇਦ, ਕ੍ਰਿਸ਼ਨ ਸਿੰਘ ਲੈਕਚਰਾਰ, ਜੁਝਾਰ ਲੌਂਗੋਵਾਲ, ਬਲਬੀਰ ਲੌਂਗੋਵਾਲ, ਹਰਭਗਵਾਨ ਗੁਰਨੇ, ਅੰਮ੍ਰਿਤਪਾਲ ਸਿੰਘ ਤੋਂ ਇਲਾਵਾ ਪੰਚਾਇਤ ਮੈਂਬਰ ਹਾਜ਼ਰ ਹੋਏ।


ਜੁਝਾਰ ਲੌਂਗੋਵਾਲ

ਇਕਾਈ ਮੋਹਾਲੀ : ਅੰਧਵਿਸ਼ਵਾਸਾਂ ਵਿਰੁੱਧ ਪੇਂਟਿੰਗ ਮੁਕਾਬਲੇ : ਜਿਲ੍ਹਾ ਪੱਧਰ ਮੁਕਾਬਲੇ ਦੇ ਜੇਤੂ ਵਿਦਿਆਰਥਾਂ ਦਾ ਕੀਤਾ ਸਨਮਾਨ: ਇੱਕ ਸਾਲ ਲਈ ਮੁਫਤ ਪੜ੍ਹਨਗੇ ਵਿਗਿਆਨਕ ਸਾਹਿਤ: ਤਰਕਸ਼ੀਲ ਆਗੂ ਜਰਨੈਲ ਕ੍ਰਾਂਤੀ, ਲੈਕਚਰਾਰ ਸੁਰਜੀਤ ਸਿੰਘ ਅਤੇ ਜਸਵੰਤ ਮੋਹਾਲੀ ਨੇ ਦੱਸਿਆ ਕਿ ਵਿਗਿਆਨ ਮੰਚ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਆਨ ਲਾਈਨ ਪੇਂਟਿੰਗ ਮੁਕਾਬਲੇ ਕਰਵਾਏ ਗਏ ਜਿਸ ਦਾ ਵਿਸ਼ਾ ਸਮਾਜ ਵਿੱਚ ਪਾਏ ਜਾਂਦੇ ਅੰਧਵਿਸ਼ਵਾਸਾਂ ਵਿਰੁੱਧ ਜਾਗਰੂਕ ਕਰਨਾ ਸੀ। ਮੁਕਾਬਲੇ ਵਿੱਚ ਜ਼ਿਲ੍ਹਾ ਮੋਹਾਲੀ ਦੇ ਵੱਖ ਵੱਖ ਸਕੂਲਾਂ ਦੇ 88 ਵਿਦਿਆਰਥੀਆਂ ਨੇ ਹਿੱਸਾ ਲਿਆ। ਪਹਿਲੀ ਤੋਂ ਅੱਠਵੀਂ ਤੱਕ ਦੇ ਵਰਗ ਵਿੱਚ ਸਰਕਾਰੀ ਹਾਈ ਸਕੂਲ ਗਾਜੀਪੁਰ ਦੇ ਵਿਦਿਆਰਥੀ ਸ਼ੁਭਨੀਤ ਸਿੰਘ ਨੇ ਪਹਿਲੀ, ਇੰਟਰਨੈਸ਼ਨਲ ਪਬਲਿਕ ਸਕੂਲ ਕੁਰਾਲੀ ਦੀ ਵਿਦਿਆਰਥਣ ਹਰਸਿਮਰਤ ਕੌਰ ਨੇ ਦੂਜਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਦੀ ਵਿਦਿਆਰਥਣ ਨਵਨਿੰਦਰ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਰਗ ਵਿੱਚੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੋਹਾਣਾ ਦੀ ਵਿਦਿਆਰਥਣ ਅਦਿੱਤੀ ਬਾਂਸਲ ਨੇ ਪਹਿਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਿੰਘਪੁਰਾ ਦੀ ਵਿਦਿਆਰਥਣ ਨਰਿੰਦਰ ਕੌਰ ਨੇ ਦੂਜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੂਟਾ ਸਿੰਘ ਵਾਲਾ ਦੀ ਵਿਦਿਆਰਥਣ ਨਵਗੀਤ ਸੋਢੀ ਅਤੇ ਸਰਕਾਰੀ ਹਾਈ ਸਕੂਲ ਛੱਤ ਦੀ ਵਿਦਿਆਰਥਣ ਨਿਕਿਤਾ ਨੇ ਸਾਂਝੇ ਰੂਪ ਵਿੱਚ ਤੀਜਾ ਸਥਾਨ ਹਾਸਲ ਕੀਤਾ। ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ। ਆਗੂਆਂ ਨੇ ਸਮੂਹ ਵਿਦਿਆਰਥੀਆਂ ਦੇ ਅਧਿਆਪਕਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਵਿਦਿਆਰਥੀਆਂ ਦੇ ਮਾਪੇ, ਅਧਿਆਪਕਾਂ ਤੋਂ ਇਲਾਵਾ ਗੋਰਾ ਹੁਸ਼ਿਆਰਪੁਰੀ, ਜਸਵਿੰਦਰ ਸਿੰਘ, ਇਕਬਾਲ ਸਿੰਘ, ਗੁਰਤੇਜ ਸਿੰਘ ਸ਼ਮਸ਼ੇਰ ਸਿੰਘ ਆਦਿ ਹਾਜ਼ਿਰ ਸਨ।

ਹਰਪ੍ਰੀਤ ਮੋਹਾਲੀ

ਇਕਾਈ ਪਟਿਆਲਾ : ਲਾਲ ਚੰਦ ਸਿਰਸੀਵਾਲਾ ਵੈਟਰਨਰੀ ਇੰਸਪੈਕਟਰ ਦੀ ਰਿਟਾਇਰਮੈਂਟ ਪਾਰਟੀ 'ਤੇ ਤਰਕਸ਼ੀਲ ਕਿਤਾਬਾਂ ਦੀ ਸਟਾਲ ਲਗਾਈ ਗਈ ਜਿਸ ਵਿੱਚ 300 ਦੇ ਕਰੀਬ ਕਿਤਾਬਾਂ ਮੁਫ਼ਤ ਦਿੱਤੀਆਂ ਗਈਆਂ ਜਿਨਾਂ ਦੇ ਪੈਸੇ ਲਾਲ ਚੰਦ ਜੀ ਨੇ ਦਿੱਤੇ ਅਤੇ 200 ਬੂਟੇ ਵੰਡੇ ਗਏ। ਰਾਮ ਕੁਮਾਰ ਢਕੜੱਬਾ ਨੇ ਤਰਕਸ਼ੀਲ ਵਿਚਾਰ ਸਾਂਝੇ ਕੀਤੇ।

ਪ੍ਰੋ. ਸਤਿੰਦਰ ਔਲਖ ਦਾ ਧਾਰਮਿਕ ਰਸਮਾਂ ਰਹਿਤ ਸਤਿਕਾਰ ਸਮਾਗਮ : ਪੰਜਾਬੀ ਦੀ ਨਾਮਵਰ ਲੋਕਧਾਰਾ ਵਿਗਿਆਨੀ, ਭਾਸ਼ਾ ਚਿੰਤਕ, ਲੋਕ ਪੱਖੀ ਜਨਤਕ ਜਮਹੂਰੀ ਲਹਿਰ ਦੇ ਸਹਿਯੋਗੀ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਅਧਿਐਨ ਵਿਭਾਗ ਦੀ ਨਾਮਵਰ ਸਖਸ਼ੀਅਤ ਪ੍ਰੋ. ਸਤਿੰਦਰ ਔਲਖ ਦਾ ਸਤਿਕਾਰ ਸਮਾਗਮ ਸਥਾਨਕ



ਯੂਨੀਵਰਸਿਟੀ ਇਨਕਲੇਵ ਵਿੱਚ ਹੋਇਆ ਜਿਸ ਵਿੱਚ ਪੰਜਾਬ ਭਰ ਤੋਂ ਲੇਖਕ, ਬੁੱਧੀਜੀਵੀ, ਜਮਹੂਰੀ ਕਾਰਕੁੰਨ, ਵਿਦਿਆਰਥੀ, ਅਧਿਆਪਕਾਂ ਤੇ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਧਾਰਮਿਕ ਰਸਮਾਂ ਤੋਂ ਬਿਨ੍ਹਾਂ ਹੋਏ ਸਮਾਰੋਹ ਦੀ ਸ਼ੁਰੂਆਤ ਪ੍ਰੋ. ਔਲਖ ਦੀ ਯਾਦ ਵਿੱਚ ਵਜਾਈ ਗਈ ਸੋਗੀ ਧੁਨ ਨਾਲ ਹੋਈ। ਸਮਾਰੋਹ ਵਿੱਚ ਬੋਲਦਿਆਂ ਪਲਸ ਮੰਚ ਦੇ ਸੂਬਾਈ ਪ੍ਰਧਾਨ ਅਮੋਲਕ ਸਿੰਘ, ਡਾ. ਹਰਦੀਪ ਸਿੰਘ ਡੀਨ ਵਿਦਿਆਰਥੀ ਭਲਾਈ, ਪ੍ਰੋ.

ਸਤਿੰਦਰ ਔਲਖ ਦੇ ਗਾਈਡ ਰਹੇ ਡਾ. ਹਰਜੀਤ ਗਿੱਲ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਉਹਨਾਂ ਦੀ ਸਾਹਿਤ, ਸਮਾਜ ਅਤੇ ਸਿੱਖਿਆ ਆਦਿ ਨੂੰ ਦੇਣ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪ੍ਰੋ. ਔਲਖ ਨੇ ਲੋਕ ਪ੍ਰੰਪਰਾਵਾਂ ਤੇ ਸਮਕਾਲੀ ਮਸਲਿਆਂ ਨੂੰ ਚਿੰਤਨ ਤੇ ਗਿਆਨ ਦੇ ਨਾਲ ਨਾਲ ਪੰਜਾਬੀ ਦੇ ਨਾਬਰੀ ਦੇ ਵਿਰਸੇ ਨੂੰ ਵੀ ਉਜਾਗਰ ਕੀਤਾ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ ਉਹਨਾਂ ਦਾ ਚਿੰਤਨ ਤੇ ਅਧਿਆਪਨ ਵਿਦਿਆਰਥੀਆਂ ਨੂੰ ਹੱਕਾਂ ਲਈ ਸੰਘਰਸ਼ ਕਰਨ ਵਾਸਤੇ ਪ੍ਰੇਰਦਾ ਰਿਹਾ ਹੈ। ਇਸ ਮੌਕੇ ਬੋਲਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਪ੍ਰੋ. ਸਤਿੰਦਰ ਔਲਖ ਨੂੰ ਇੱਕ ਉੱਚ ਕੋਟੀ ਦੀ ਲੋਕ ਧਾਰਾ ਚਿੰਤਕ ਕਿਹਾ ਅਤੇ ਡਾ. ਪਰਮਿੰਦਰ ਨੂੰ ਲੋਕ ਪੱਖੀ ਜਨਤਕ ਜਮਹੂਰੀ ਲਹਿਰ ਵਿੱਚ ਸਰਗਰਮੀ ਨਾਲ ਕੰਮ ਕਰਨ ਵਿੱਚ ਡਟਵਾਂ ਸਹਿਯੋਗ ਦੇਣ ਵਾਲੀ ਜੀਵਣ ਸਾਥਣ ਆਖਿਆ। ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਤੇ ਨਾਮਵਰ ਨਾਟਕਕਾਰ ਕੇਵਲ ਧਾਲੀਵਾਲ, ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫਲੇ ਦੇ ਕਨਵੀਨਰ ਜਸਪਾਲ ਜੱਸੀ ਨੇ ਵੀ ਸੰਬੋਧਨ ਕੀਤਾ। ਸਮਾਰੋਹ ਵਿੱਚ ਪ੍ਰੋ. ਔਲਖ ਦੇ ਜੀਵਨ ਸਾਥੀ ਨਾਮਵਰ ਚਿੰਤਕ ਡਾ. ਪਰਮਿੰਦਰ ਨੇ ਬੇਟੀ ਸਬੀਰਾ ਵੱਲੋਂ ਮਾਂ ਦੀ ਯਾਦ ਵਿੱਚ ਲਿਖੇ ਬੋਲ ਸਾਂਝੇ ਕਰਦਿਆਂ ਸਮਾਰੋਹ ਵਿੱਚ ਸ਼ਾਮਲ ਲੋਕਾਂ ਦਾ ਸ਼ੁਕਰੀਆ ਅਦਾ ਕੀਤਾ। ਸਮਾਰੋਹ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦਾ ਵੱਡਾ ਕਾਫਲਾ ਡਾ. ਕੁਲਦੀਪ ਸਿੰਘ ਦੀ ਅਗਵਾਈ ਵਿੱਚ ਸਮਾਰੋਹ ਵਿੱਚ ਸ਼ਾਮਲ ਹੋਇਆ। ਸ਼ਰਧਾਂਜਲੀ ਸਮਾਰੋਹ ਵਿੱਚ ਪਾਸ਼ ਯਾਦਗਾਰੀ ਕੌਮਾਂਤਰੀ ਟਰੱਸਟ, ਤਰਕਸ਼ੀਲ ਸੁਸਾਇਟੀ ਪੰਜਾਬ, ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰ ਐਸੋਸੀਏਸ਼ਨ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਸਮੇਤ ਦਰਜਨਾਂ ਸਮਾਜਿਕ, ਜਮਹੂਰੀ ਸੰਸਥਾਵਾਂ ਤੋਂ ਆਏ ਸ਼ੋਕ ਮਤੇ ਪੜ੍ਹੇ ਗਏ। ਹੋਰਨਾਂ ਤੋਂ ਇਲਾਵਾ ਯਸ਼ਪਾਲ ਚੰਡੀਗੜ੍ਹ, ਸੁਰਿੰਦਰ ਕੁਮਾਰੀ ਕੋਛੜ, ਪ੍ਰੋ. ਜਗਰੂਪ ਸੇਖੋਂ, ਪ੍ਰਿੰਸੀਪਲ ਡਾ. ਮਹਿਲ ਸਿੰਘ, ਪਾਵੇਲ ਕੁੱਸਾ, ਡਾ. ਅਮਰਜੀਤ ਸਿੱਧੂ, ਰਾਮ ਸਵਰਨ ਲੱਖੇਵਾਲੀ, ਜਗਮੇਲ ਸਿੰਘ, ਦੀਪ ਦਵਿੰਦਰ ਸਿੰਘ, ਜਗੀਰ ਜੋਸਨ, ਲਛਮਣ ਸਿੰਘ ਸੇਵੇਵਾਲਾ, ਜਗਮੇਲ ਸਿੰਘ, ਅਮਰਜੀਤ ਬਾਈ, ਹਰਮੇਸ਼ ਮਾਲੜੀ, ਪ੍ਰਵੀਨ ਹਿਰਦੇ ਪਾਲ, ਡਾ. ਮਨਜਿੰਦਰ ਪੱਪੀ, ਕਹਾਣੀਕਾਰ ਅਤਰਜੀਤ, ਸੁਮੀਤ ਸਿੰਘ, ਸੁਖਦੇਵ ਸਿੰਘ ਕੋਕਰੀ ਕਲਾਂ, ਮੱਖਣ ਕੁਹਾੜ, ਗੁਰਬਚਨ ਸਿੰਘ, ਯਸ਼ਪਾਲ ਝਬਾਲ, ਰਮੇਸ਼ ਯਾਦਵ ਤੇ ਡਾ. ਸ਼ਰਨਜੀਤ ਢਿੱਲੋਂ ਆਦਿ ਅਨੇਕਾਂ ਆਗੂ ਹਾਜ਼ਰ ਸਨ।

ਸੁਮੀਤ ਸਿੰਘ

ਪ੍ਰਾਪਤ ਆਰਥਿਕ ਸਹਾਇਤਾ

ਮੈਗਜ਼ੀਨ ਸਹਾਇਤਾ :

1. ਅਰਸ਼ਦੀਪ ਕੌਰ ਪੁੱਤਰੀ ਪਰਮਜੀਤ ਸਿੰਘ ਬਰਨਾਲਾ (ਆਪਣੇ ਜਨਮ ਦਿਨ 'ਤੇ) ਰਾਹੀਂ – ਗੁਰਪ੍ਰੀਤ ਸ਼ਹਿਣਾ 1000
2. ਲੈਕਚਰਾਰ ਰਘੁਬੀਰ ਸਿੰਘ ਭੂਟਾਲ, ਸ.ਸ.ਸ.ਸ. ਭੂਟਾਲ (ਸੰਗਰੂਰ) (ਸਰਕਾਰੀ ਸੇਵਾ ਮੁਕਤੀ 'ਤੇ) 1200
3. ਜਗਨ ਨਾਥ ਬਖੋਰਾ, ਐੱਸ.ਐੱਸ.ਮਾਸਟਰ ਸ.ਸ.ਸ.ਸ. ਅਲੀਸ਼ੇਰ (ਸੰਗੂਰਰ) (ਰਿਟਾਇਰਮੈਂਟ 'ਤੇ) 1000
4. ਸਿਕੰਦਰ ਸਿੰਘ ਧਾਲੀਵਾਲ (ਆਗੂ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ, ਬਠਿੰਡਾ) (ਰਿਟਾਇਰਮੈਂਟ 'ਤੇ) ਰਾਹੀਂ ਗੁਰਪਿਆਰ ਕੋਟਲੀ 1100

ਸੁਸਾਇਟੀ ਸਹਾਇਤਾ

ਹੈਡਮਾਸਟਰ ਰਤਨ ਸਿੰਘ ਘੋਲੀਆ ਦੀ ਯਾਦ ਵਿੱਚ ਘੋਲੀਆ ਪਰਿਵਾਰ ਵੱਲੋਂ 1100

ਇਕਾਈਆਂ ਨੂੰ ਸਹਾਇਤਾ

ਇਕਾਈ ਮਾਨਸਾ

ਰਾਮ ਸਿੰਘ ਅੱਕਾਂਵਾਲੀ (ਰਿਟਾਇਰਮੈਂਟ 'ਤੇ) 1100

ਇਕਾਈ ਫਗਵਾੜਾ

ਮਲਕੀਤ ਸਿੰਘ, ਵੋਕੇਸ਼ਨਲ ਮਾਸਟਰ ਸ.ਸ.ਸ.ਸ. ਮੰਢਾਲੀ (ਸ਼.ਭ.ਸ. ਨਗਰ) (ਸਰਕਾਰੀ ਸੇਵਾ ਮੁਕਤੀ 'ਤੇ) 1000

ਇਕਾਈ ਬਠਿੰਡਾ

1. ਰਘਬੀਰ ਕੌਰ (ਪੰਜਾਬੀ ਲੈਕਚਰਾਰ) (ਆਪਣੀ ਸਰਕਾਰੀ ਸੇਵਾ ਮੁਕਤੀ ਅਤੇ ਬੇਟੇ ਗੁਣਬੀਰਪਾਲ ਸਿੰਘ ਦੇ ਐੱਮ.ਡੀ. ਵਿੱਚ ਦਾਖਲੇ ਦੀ ਖੁਸ਼ੀ 'ਤੇ) 1000
2. ਇਕਬਾਲ ਸਿੰਘ ਵਿਰਕ, ਜੂਨੀਅਰ ਟੈਕਨੀਸ਼ੀਅਨ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ (ਸੇਵਾ ਮੁਕਤੀ 'ਤੇ) 1000
3. ਇੱਕ ਤਰਕਸ਼ੀਲ ਮੈਂਬਰ 1000
4. ਲੈਕਚਰਾਰ ਮਲਕੀਤ ਸਿੰਘ ਤਿਉਣਾ ਸ.ਸ.ਸ.ਸ. ਜੰਗੀ ਰਾਣਾ (ਸੇਵਾ ਮੁਕਤੀ 'ਤੇ) 1000
5. ਰਾਜ ਕੁਮਾਰ ਗਿਆਨੀ ਬਠਿੰਡਾ 1000

ਖਤਾਂ ਦੀ ਇਬਾਰਤ



ਜਸਵੰਤ ਮੋਹਾਲੀ

ਜੇਕਰ ਦੁਨੀਆਂ ਵਿੱਚ ਲੁੱਟਣ ਵਾਲੇ ਪੂੰਜੀਪਤੀ ਤੇ ਉਨ੍ਹਾਂ ਦੇ ਰਾਜਨੀਤਕ/ ਫਿਰਕੂ ਤਾਨਾਸ਼ਾਹ ਹਨ ਤਾਂ ਲੋਕ-ਹੱਕਾਂ ਦੀ ਰਾਖੀ ਲਈ ਡਟਣ ਵਾਲੇ ਇਨਕਲਾਬੀਆਂ ਦੀ ਵੀ ਲੰਮੀ ਕਤਾਰ ਹੈ।ਇਤਿਹਾਸ ਵਿੱਚ ਕਿਤੇ ਵਿਦੇਸ਼ੀ ਸਾਮਰਾਜੀਆਂ ਖਿਲਾਫ, ਕਿਤੇ ਰੰਗਭੇਦ ਦੀ ਨੀਤੀ ਖਿਲਾਫ ਤੇ ਕਿਤੇ ਰਜਵਾੜਾਸ਼ਾਹੀ/ ਜ਼ਾਰਸ਼ਾਹੀ ਖਿਲਾਫ ਲੜਣ ਵਾਲੇ ਮਰਜੀਵੜੇ ਆਪਣੀਆ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਬਣਦੇ ਰਹੇ ਹਨ।ਇਨ੍ਹਾਂ ਯੋਧਿਆਂ ਨੂੰ ਫਾਂਸੀਆਂ, ਜੇਲ੍ਹਾਂ, ਕਾਲ ਕੋਠੜੀਆਂ ਦੀ ਸਜ਼ਾ ਭੁਗਤਣੀ ਪਈ।ਵੱਖ-ਵੱਖ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਨੇ ਜੇਲ੍ਹਾਂ ਵਿੱਚੋਂ ਆਪਣੇ ਪ੍ਰਵਾਰ ਵਾਲਿਆਂ ਨੂੰ ਸੰਘਰਸ਼ ਦੇ ਸਾਥੀਆਂ ਨੂੰ ਜਾਂ ਹੋਰ ਆਗੂਆਂ ਨੂੰ ਖਤ ਲਿਖੇ ਜੋ ਹੁਣ ਇਤਿਹਾਸਕ ਅਤੇ ਸਾਂਭਣਯੋਗ ਦਸਤਾਵੇਜ਼ ਬਣ ਚੁੱਕੇ ਹਨ।ਇਨ੍ਹਾਂ ਖਤਾਂ ਵਿੱਚ ਕ੍ਰਾਂਤੀਕਾਰੀਆਂ ਦੇ ਮਨੋਭਾਵ ਪੜ੍ਹੇ ਜਾ ਸਕਦੇ ਹਨ।ਇਨ੍ਹਾਂ ਲਿਖਤਾਂ ਵਿੱਚੋਂ ਲੋਕਾਂ ਦੇ ਸਰੋਕਾਰਾਂ ਨਾਲ ਜੁੜਾਵ, ਆਪਣੇ ਸੰਘਰਸ਼ ਦੇ ਰਾਹ ਚਲਦੇ ਰਹਿਣ ਦੀ ਦ੍ਰਿੜਤਾ, ਸੰਵੇਦਨਸ਼ੀਲਤਾ, ਮਨਚਿੱਤ ਦੀ ਚੜ੍ਹਦੀ ਕਲਾ ਦੇ ਦਰਸ਼ਨ ਹੋ ਜਾਂਦੇ ਹਨ।ਕ੍ਰਾਂਤੀਕਾਰੀਆਂ ਦੇ ਜੇਲ੍ਹ ਵਿੱਚੋਂ ਲਿਖੇ ਖਤਾਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ ਜੋ ਦਿਲਚਸਪੀ ਨਾਲ ਪੜ੍ਹੀਆਂ ਜਾਂਦੀਆਂ ਹਨ।ਮੈਗਜ਼ੀਨ 'ਗੁਫਤਗੂ' ਵਿੱਚ ਛਪੇ ਦੋ ਖਤ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ:

ਚੀ ਗੁਵੇਰਾ ਦਾ ਆਪਣੇ ਬੱਚਿਆਂ ਨੂੰ 1965 ਵਿੱਚ ਲਿਖਿਆ ਖਤ

ਮੇਰੇ ਪਿਆਰੇ ਬੱਚਿਓ! ਹਿਲਦਿੱਤਾ, ਐਲੀਦਿੱਤਾ, ਕੈਮੀਲੋ, ਸੀਲੀਆ ਅਤੇ ਅਰਨੈਸਟੋ

ਪਤਾ ਨਹੀਂ ਤੁਸੀਂ ਇਹ ਖ਼ਤ ਪੜ੍ਹ ਪਾਉਗੇ ਕਿ ਨਹੀਂ ਕਿਉਂ ਜੋ ਮੈਂ ਤੁਹਾਡੇ ਨਾਲ ਲੰਮਾ ਸਮਾਂ ਨਹੀਂ ਰਹਾਂਗਾ।ਹੋ ਸਕਦਾ ਹੈ ਤੁਸੀਂ ਮੈਨੂੰ ਭੁੱਲ ਜਾਓ ਤੇ ਬਹੁਤ ਛੋਟਿਆਂ ਨੂੰ ਤਾਂ ਮੈਂ ਬਿਲਕੁਲ ਯਾਦ ਨਹੀਂ ਹੋਵਾਂਗਾ।

ਤੁਹਾਡਾ ਪਿਤਾ ਉਹ ਸ਼ਖ਼ਸ ਹੈ ਜੋ ਆਪਣੇ ਵਿਸ਼ਵਾਸਾਂ 'ਤੇ ਖੜ੍ਹਿਆ ਅਤੇ ਆਪਣੇ ਖ਼ਿਆਲਾਂ ਪ੍ਰਤੀ ਵਫਾਦਾਰ ਰਿਹਾ। ਇੱਕ ਚੰਗੇ ਇਨਕਲਾਬੀ ਦੀ ਤਰ੍ਹਾਂ ਵੱਡੇ ਹੋਵੋ। ਸਖ਼ਤ ਮਿਹਨਤ ਨਾਲ ਪੜ੍ਹਨਾ ਤੇ ਟੈਕਨਾਲੋਜੀ ਦੇ ਮਾਹਰ ਬਨਣਾ ਜੋ ਸਾਨੂੰ ਕੁਦਰਤ ਦਾ ਮਾਸਟਰ ਬਣਾਉਂਦੀ ਹੈ। ਯਾਦ ਰੱਖਣਾ ਕਿ ਇਨਕਲਾਬ ਹੀ ਹੈ ਜੋ ਅਹਿਮ ਹੈ ਅਤੇ ਇਕੱਲੇ-ਇਕੱਲ਼ੇ ਦੀ ਕੋਈ ਵੁੱਕਤ ਨਹੀਂ।

ਸਭ ਤੋਂ ਪਹਿਲਾਂ ਦੁਨੀਆਂ ਵਿੱਚ ਕਿਤੇ ਵੀ ਤੇ ਕਿਸੇ ਨਾਲ ਵੀ ਬੇਇਨਸਾਫ਼ੀ ਹੁੰਦੀ ਹੈ ਉਸ ਨੂੰ ਮਹਿਸੂਸ ਕਰਨ ਦੇ ਕਾਬਲ ਹੋਣਾ। ਇਹ ਕਿਸੇ ਵੀ ਇਨਕਲਾਬੀ ਦਾ ਸਭ ਤੋਂ ਖ਼ੂਬਸੂਰਤ ਗੁਣ ਹੈ।

ਮੈਨੂੰ ਮਿਲਣ ਦੀ ਅਜੇ ਵੀ ਆਸ ਹੈ।

ਪਿਆਰ ਭਰੀ ਗਲਵਕੜੀ।

- ਪਾਪਾ(ਚੀ ਗੁਵੇਰਾ)

ਅਫ਼ਰੀਕਾ ਦੇ ਦੇਸ਼ ਕਾਂਗੋ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਪੈਟਰਿਸ ਲਮੁੰਬਾ ਨੂੰ ਸਾਮਰਾਜੀ ਤਾਕਤਾਂ ਵੱਲੋਂ 1961 ਵਿੱਚ ਸ਼ਹੀਦ ਕਰ ਦਿੱਤਾ ਗਿਆ।ਇਹ ਖਤ ਉਸਨੇ 1960 ਵਿੱਚ ਲਿਖਿਆ-

ਮੇਰੀ ਪਿਆਰੀ ਪਤਨੀ

ਮੈਂ ਇਹ ਲਫ਼ਜ਼ ਤੈਨੂੰ ਲਿਖ ਰਿਹਾ ਹਾਂ ਪਤਾ ਨਹੀਂ ਇਹ ਤੇਰੇ ਤੱਕ ਪਹੁੰਚਣਗੇ ਕਿ ਨਹੀਂ ਜਾਂ ਜਦੋਂ ਤੂੰ ਇਹ ਪੜ੍ਹ ਰਹੀ ਹੋਵੇਗੀ ਉਦੋਂ ਮੈਂ ਜ਼ਿੰਦਾ ਹੋਵਾਂਗਾ ਕਿ ਨਹੀਂ।


ਆਪਣੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਮੈਨੂੰ ਆਪਣੀ ਜਿੱਤ ਉੱਤੇ ਕਦੇ ਵੀ ਸ਼ੱਕ ਨਹੀਂ ਸੀ ਜਿਸ ਲਈ ਮੈਂ ਅਤੇ ਮੇਰੇ ਸਾਥੀਆਂ ਨੇ ਆਪਣੀਆਂ ਜ਼ਿੰਦਗੀਆਂ ਲਾ ਦਿੱਤੀਆਂ। ਪਰ ਅਸੀਂ ਕੀ ਚਾਹੁੰਦੇ ਸੀ-ਆਪਣੇ ਦੇਸ਼ ਲਈ ਵਧੀਆ ਜ਼ਿੰਦਗੀ, ਸਭ ਲਈ ਸਵੈਮਾਨ ਅਤੇ ਆਜ਼ਾਦੀ ਜੋ ਬੈਲਜ਼ੀਅਮ ਸੱਤਾਧਾਰੀਆਂ ਨੂੰ ਮਨਜ਼ੂਰ ਨਹੀਂ ਸੀ। ਜ਼ਿੰਦਗੀ ਜਾਂ ਮੌਤ, ਜੇਲ੍ਹ ਵਿੱਚ ਜਾਂ ਬਾਹਰ, ਇਸਦਾ ਹੁਕਮ ਹਾਕਮਾਂ ਨੇ ਕਰਨਾ ਹੈ। ਮੁੱਖ ਗੱਲ ਹੈ ਕਾਂਗੋ ਦੇ ਨਾਖੁਸ਼ ਲੋਕ ਜਿਨ੍ਹਾਂ ਦੀ ਅਜ਼ਾਦੀ ਖੋਹ ਲਈ ਗਈ ਹੈ।... ਮੈਨੂੰ ਪੂਰਾ ਯਕੀਨ ਹੈ ਕਿ ਦੇਰ ਸਵੇਰ ਮੇਰੇ ਲੋਕ ਇਨ੍ਹਾਂ ਅੰਦਰੂਨੀ ਅਤੇ ਬਾਹਰੀ ਦੁਸ਼ਮਣਾਂ ਤੋਂ ਛੁਟਕਾਰਾ ਪਾ ਲੈਣਗੇ।...ਅਸੀ ਇਕੱਲੇ ਨਹੀਂ ਹਾਂ, ਅਫ਼ਰੀਕਾ, ਏਸ਼ੀਆ ਅਤੇ ਦੁਨੀਆਂ ਦੇ ਹਰ ਕੋਨੇ ਵਿਚ ਰਹਿੰਦੇ ਅਜ਼ਾਦੀ ਲਈ ਲੜ ਰਹੇ ਕਰੋੜਾਂ ਲੋਕ ਆਪਣਾ ਸੰਘਰਸ਼ ਨਹੀਂ ਛੱਡਣਗੇ।...ਸਵੈਮਾਣ ਤੋਂ ਬਿਨ੍ਹਾਂ ਕੋਈ ਆਜ਼ਾਦੀ ਨਹੀਂ, ਇਨਸਾਫ਼ ਤੋਂ ਬਿਨ੍ਹਾਂ ਕੋਈ ਸਵੈ-ਮਾਣ ਨਹੀਂ ਅਤੇ ਸਵਰਾਜ ਤੋਂ ਬਿਨ੍ਹਾ ਕੋਈ ਵਿਅਕਤੀ

...ਬਾਕੀ ਪੰਨਾ 42 'ਤੇ

ਸਲਾਮ, ਸਿਜਦਾ: ਅਸ਼ਫ਼ਾਕ ਉੱਲਾ ਖਾਨ




ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਆਰਮੀ ਦਾ ਸਰਗਰਮ ਕਾਰਕੁੰਨ, ਪ੍ਰਸਿੱਧ ਕ੍ਰਾਂਤੀਕਾਰੀ ਤੇ ਦੇਸ਼ ਭਗਤ ਸੀ ਅਸ਼ਫ਼ਾਕ ਉੱਲਾ ਖਾਨ। ਫਾਂਸੀ ਤੋਂ ਪਹਿਲਾਂ ਦੇਸ਼ ਵਾਸੀਆਂ ਦੇ ਨਾਂ ਉਸਨੇ ਆਪਣੇ ਸੁਨੇਹੇ ਵਿੱਚ ਲਿਖਿਆ, "ਸਰਕਾਰ ਦੇ ਖੁਫ਼ੀਆ ਏਜੰਟ ਮਜ਼ਹਬੀ ਬੁਨਿਆਦਾਂ 'ਤੇ ਪ੍ਰਾਪੇਗੰਡਾ ਕਰ ਰਹੇ ਹਨ। ਇਹਨਾਂ ਦਾ ਮਕਸਦ ਮਜ਼ਹਬ ਦੀ ਹਿਫਾਜ਼ਤ ਜਾਂ ਤਰੱਕੀ ਨਹੀਂ ਹੈ, ਸਗੋਂ ਚਲਦੀ ਸਮਾਜਿਕ ਗੱਡੀ ਹੇਠ ਰੋੜੇ ਅਟਕਾਉਣਾ ਹੈ।" ਅਸ਼ਫ਼ਾਕ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਗਤੀਵਿਧੀਆਂ ਹਿੱਤ ਲੋੜੀਂਦੇ ਧਨ ਦੀ ਪੂਰਤੀ ਲਈ ਆਪਣੇ ਸਾਥੀਆਂ ਨਾਲ 9 ਅਗਸਤ 1925 ਨੂੰ ਕਾਕੋਰੀ ਰੇਲਵੇ ਸਟੇਸ਼ਨ 'ਤੇ ਸਰਕਾਰੀ ਖਜ਼ਾਨਾ ਲੁੱਟਣ ਵਿੱਚ ਅਹਿਮ ਰੋਲ ਅਦਾ ਕੀਤਾ। ਕਾਕੋਰੀ ਕਾਂਡ ਕੇਸ ਵਿੱਚ ਅੰਗਰੇਜ਼ ਹਕੂਮਤ ਨੇ ਅਸ਼ਫ਼ਾਕ ਨੂੰ ਫਾਂਸੀ ਦੀ ਸਜ਼ਾ ਸੁਣਾਈ। ਆਜ਼ਾਦੀ ਦਾ ਇਹ ਪ੍ਰਵਾਨਾ 19 ਦਸੰਬਰ 1927 ਨੂੰ ਫਾਂਸੀ ਦਾ ਰੱਸਾ ਚੁੰਮ ਜਿੰਦ ਦੇਸ਼ ਦੇ ਲੇਖੇ ਲਾ ਗਿਆ। ਸ਼ਹੀਦ ਅਸ਼ਫ਼ਾਕ ਉੱਲਾ ਖਾਨ ਦੀ ਵਿਰਾਸਤ ਸਾਡੇ ਲਈ ਮਾਰਗ ਦਰਸ਼ਕ ਹੈ।



ਰੰਗ ਮੰਚ ਦੇ ਕਾਫ਼ਲੇ 'ਚੋਂ ਵਿਛੜੇ ਹੰਸਾ ਸਿੰਘ

ਪੰਜਾਬ ਲੋਕ ਸਭਿਆਚਾਰਕ ਮੰਚ ਦੇ ਮੀਤ ਪ੍ਰਧਾਨ ਤੇ ਨਵਚਿੰਤਨ ਕਲਾ ਮੰਚ ਬਿਆਸ ਦੇ ਨਿਰਦੇਸ਼ਕ ਹੰਸਾ ਸਿੰਘ ਨਹੀਂ ਰਹੇ। 14 ਅਕਤੂਬਰ 20 ਨੂੰ ਉਹ ਜ਼ਿੰਦਗੀ ਦੇ ਰੰਗ ਮੰਚ ਤੋਂ ਸਦਾ ਲਈ ਵਿਛੜ ਗਏ। ਉਹਨਾਂ ਆਪਣੇ ਜੀਵਨ ਦੇ ਪੰਜ ਦਹਾਕੇ ਰੰਗ ਮੰਚ ਰਾਹੀਂ ਲੋਕਾਂ ਦੇ ਦੁੱਖਾਂ ਦਰਦਾਂ ਦੀ ਬਾਤ ਪਾਈ। ਆਪਣੇ ਨਾਟਕਾਂ ਰਾਹੀਂ ਲੋਕ ਹਿੱਤਾਂ ਦੀ ਤਰਜਮਾਨੀ ਕੀਤੀ। ਲੰਬਾ ਸਮਾਂ ਭਾਅ ਜੀ ਗੁਰਸ਼ਰਨ ਸਿੰਘ ਦੇ ਅੰਗ ਸੰਗ ਰਹੇ। ਉਹਨਾਂ ਤੋਂ 'ਕਲਾ ਲੋਕਾਂ ਲਈ' ਆਦਰਸ਼ ਦੀ ਗੁੜ੍ਹਤੀ ਲਈ। ਉਹ ਇਕ ਅਜਿਹਾ ਚਿਰਾਗ ਸੀ, ਜਿਸਨੇ ਰੰਗ ਮੰਚ ਦੇ ਅਨੇਕਾਂ ਦੀਵੇ ਰੌਸ਼ਨ ਕੀਤੇ। ਲਗਭਗ ਤਿੰਨ ਦਹਾਕੇ ਜਲੰਧਰ ਗ਼ਦਰੀਆਂ ਦੇ ਮੇਲੇ ਵਿੱਚ ਆਪਣੀ ਨਾਟਕ ਟੀਮ ਨਾਲ ਰੰਗ ਮੰਚ ਦੇ ਥੜ੍ਹੇ ਤੋਂ ਨਾਟ ਕਲਾ ਵਿੱਚ ਸੂਹਾ ਰੰਗ ਭਰਦੇ ਰਹੇ। ਆਪਣੇ ਜੀਵਨ ਦੇ ਆਖਰੀ ਪਲ ਵੀ ਕੱਥੂਨੰਗਲ ਕਿਸਾਨ ਮੋਰਚੇ ਵਿੱਚ ਨਾਟਕ ਕਰਕੇ ਪਰਤੇ ਸਨ। ਇਸ ਰੰਗਕਰਮੀ, ਨਿਰਦੇਸ਼ਕ ਤੇ ਲੋਕ ਰੰਗ ਮੰਚ ਦੇ ਹੀਰੇ ਹੰਸਾ ਸਿੰਘ ਦੀ ਜੀਵਨ ਘਾਲਣਾ ਨੂੰ ਸਲਾਮ ਕਰਦੇ ਹਾਂ।

ਅਲਵਿਦਾ, ਜੇਮਜ਼ ਰਾਂਡੀ



7 ਅਗਸਤ 1928 ਨੂੰ ਟੋਰਾਂਟੋ (ਕੈਨੇਡਾ) ਵਿੱਚ ਜਨਮੇ ਜੇਮਜ਼ ਰਾਂਡੀ ਸੰਸਾਰ ਪੱਧਰ 'ਤੇ ਤਰਕਸ਼ੀਲਤਾ ਦੇ ਪ੍ਰਚਾਰਕ ਸਨ। ਜਿਨ੍ਹਾਂ ਨੌਸਟਰਾਡੇਮਸ ਦੀਆਂ ਭਵਿੱਖ ਬਾਣੀਆਂ ਨੂੰ ਦੁਨੀਆਂ ਭਰ ਵਿੱਚ ਚੁਣੌਤੀ ਦਿੱਤੀ। ਤਰਕਸ਼ੀਲ ਆਗੂ, ਲੇਖਕ ਹੋਣ ਦੇ ਨਾਲ ਨਾਲ ਉਹ ਪ੍ਰਸਿੱਧ ਜਾਦੂਗਰ ਵੀ ਸਨ। ਉਹਨਾਂ ਨੇ ਦੁਨੀਆਂ ਦੇ ਵੱਖ-ਵੱਖ ਕੋਨਿਆਂ ਵਿੱਚ ਪਸਰੇ ਅੰਧਵਿਸ਼ਵਾਸਾਂ ਦਾ ਪਰਦਾ ਫਾਸ਼ ਕੀਤਾ। ਸੰਸਾਰ ਪ੍ਰਸਿੱਧ ਜੋਤਿਸ਼ੀ ਮੰਨੇ ਜਾਂਦੇ 'ਨੌਸਟਰਾਡੇਮਸ' ਨੂੰ ਵੀ ਵਿਗਿਆਨਕ ਚੇਤਨਾ ਦੀ ਮਸ਼ਾਲ ਲੈ ਕੇ ਟੱਕਰੇ। ਨੌਸਟਰਾਡੇਮਸ ਦੀਆਂ ਭਵਿੱਖਬਾਣੀਆਂ ਨੂੰ ਬੇਨਕਾਬ ਕਰਦੀ ਪੁਸਤਕ ਨੇ ਦੁਨੀਆਂ ਭਰ ਦੇ ਪਾਠਕਾਂ ਦੇ ਮਨ ਮਸਤਕ ਰੌਸ਼ਨ ਕੀਤੇ। ਉਸਨੇ ਦੇਸ਼ ਦੁਨੀਆਂ ਵਿੱਚ ਪ੍ਰਚਲਿਤ ਪਾਖੰਡਾਂ/ਅੰਧਵਿਸ਼ਵਾਸਾਂ, ਉੱਡਣ ਤਸ਼ਤਰੀਆਂ, ਬਰਮੂਦਾ ਤਿਕੋਣ ਦਾ ਆਪਣੀਆਂ ਪੁਸਤਕਾਂ ਵਿੱਚ ਵਖਿਆਨ ਕਰਕੇ ਦੁਨੀਆਂ ਭਰ ਦੇ ਪਾਠਕਾਂ ਤੱਕ ਵਿਗਿਆਨਕ ਸੱਚ ਪੁਜਦਾ ਕੀਤਾ। ਉਸਨੇ ਆਪਣੀਆਂ ਲਿਖਤਾਂ ਦੇ ਨਾਲ ਨਾਲ ਜਾਦੂ ਕਲਾ ਨਾਲ ਚਮਤਕਾਰਾਂ ਦੇ ਰਹੱਸ ਉਜਾਗਰ ਕੀਤੇ। ਓਪਰੇਸ਼ਨ ਤੋਂ ਬਿਨਾਂ ਪੱਥਰੀ ਕੱਢਣ ਜਿਹੇ ਅਨੇਕਾਂ ਟ੍ਰਿੱਕਾਂ ਨੂੰ ਆਪਣੀ ਜਾਦੂ ਕਲਾ ਨਾਲ ਲੋਕਾਂ ਨੂੰ ਸਮਝਾਇਆ।

ਰਾਂਡੀ ਉਮਰ ਭਰ ਅੰਧਵਿਸ਼ਵਾਸਾਂ ਖਿਲਾਫ਼ ਤਰਕਸ਼ੀਲਤਾ ਦਾ ਚਾਨਣ ਬਿਖੇਰਦੇ ਰਹੇ। ਅੰਗਰੇਜ਼ੀ ਵਿੱਚ ਉਨ੍ਹਾਂ ਦੀ ਪ੍ਰਸਿੱਧ ਪੁਸਤਕ 'ਫ਼ਿਲਮ ਫ਼ਲੇਮ' ਦੁਨੀਆਂ ਦੀਆਂ ਅਨੇਕਾਂ ਭਾਸ਼ਾਵਾਂ ਵਿੱਚ ਅਨੁਵਾਦ ਹੋਈ।

ਤਰਕਸ਼ੀਲਤਾ ਦੇ ਚੇਤਨਾ ਦੂਤ ਦੇ ਤੁਰ ਜਾਣ 'ਤੇ ਉਸਦੀ ਚੇਤਨਾ ਦੀ ਮਸ਼ਾਲ ਜਗਦੇ ਰੱਖਣ ਦਾ ਅਹਿਦ ਕਰਦੇ ਹਾਂ।

ਜਿਲਦ ਨੰ. 21 ਰਜਿ. ਨੰ. PUNPUN/2000/05393 ਅੰਕ : 6

'ਕਿਤਾਬਾਂ ਮਨੁੱਖ ਨੂੰ ਸਦੀਆਂ ਦੇ ਦਰਸ਼ਨ ਕਰਵਾਉਂਦੀਆਂ ਹਨ'

ਸਮਾਜ ਨੂੰ ਉਸਾਰੂ ਰਾਹਾਂ 'ਤੇ ਤੋਰਨ ਲਈ, ਲੋਕਾਂ ਵਿੱਚ ਵਿਗਿਆਨਕ ਨਜ਼ਰੀਆ ਪੈਦਾ ਕਰਨ ਵਾਸਤੇ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਦੇ ਪ੍ਰਕਾਸ਼ਨ ਵਿਭਾਗ ਵੱਲੋਂ ਕਿਤਾਬਾਂ ਦੇ ਇਹ 2 ਸੈੱਟ ਵਾਜਬ ਕੀਮਤ 'ਤੇ ਪਾਠਕਾਂ ਤੱਕ ਪੁੱਜਦੇ ਕਰਨ ਲਈ ਤਿਆਰ ਕੀਤੇ ਗਏ ਹਨ। ਤਰਕਸ਼ੀਲ ਮੈਂਬਰਾਂ/ਆਗੂਆਂ ਦੇ ਨਾਲ ਨਾਲ ਸਮਾਜ ਵਿੱਚ ਚੇਤਨਾ ਦਾ ਪਾਸਾਰ ਕਰਨਾ ਲੋਚਦੇ ਸਾਰੇ ਸਨੇਹੀ ਇਨ੍ਹਾਂ ਪੁਸਤਕ ਸੈੱਟਾਂ ਨੂੰ ਵਧੇਰੇ ਪਾਠਕਾਂ ਤੱਕ ਪੁੱਜਦਾ ਕਰਨ ਲਈ ਸਹਿਯੋਗ ਕਰਨ।

ਸੈੱਟ-1

6 ਕਿਤਾਬਾਂ
1 ਮੈਗਜੀਨ

~~₹305~~
ਹੁਣ ਸਿਰਫ
₹200
ਵਿੱਚ



ਸੈੱਟ-2

5 ਕਿਤਾਬਾਂ
1 ਮੈਗਜੀਨ

~~₹305~~
ਹੁਣ ਸਿਰਫ
₹200
ਵਿੱਚ



ਇਹ ਸੈੱਟ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੁੱਖ ਦਫਤਰ, ਜ਼ੋਨ ਜਾਂ ਨਜ਼ਦੀਕੀ ਇਕਾਈ ਨਾਲ ਸੰਪਰਕ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਸੰਪਰਕ ਨੰਬਰ: ਰਾਜਿੰਦਰ ਭਦੌੜ (98728 74620), ਹੇਮ ਰਾਜ ਸਟੈਨੋ (98769 53561)

ਨੋਟ :- ਇਹ ਸੈੱਟ ਡਾਕ ਰਾਹੀਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। (ਡਾਕ ਖਰਚਾ ਵੱਖਰਾ)

ਪੁਰਾਣੇ ਲਾਈਫ ਮੈਂਬਰਸ਼ਿਪ ਸਨੇਹੀ ਧਿਆਨ ਦੇਣ:

ਅਸੀਂ ਪੁਰਾਣੇ ਲਾਈਫ ਮੈਂਬਰਸ਼ਿਪ ਸਨੇਹੀਆਂ ਨੂੰ ਆਹ ਨਵੰਬਰ-ਦਸੰਬਰ 2020 ਅੰਕ ਹੀ ਭੇਜ ਸਕਾਂਗੇ। ਪੰਜਾਬ/ਦੇਸ਼ ਵਿੱਚ ਇਹ ਮੈਂਬਰਸ਼ਿਪ ਰੀਨਿਊ ਕਰਵਾਉਣ ਲਈ 1500 ਰੁਪਏ ਵਿੱਚੋਂ ਪਹਿਲਾਂ ਭਰੇ ਰੁਪਏ ਘਟਾ ਕੇ ਅਤੇ ਵਿਦੇਸ਼ੀ ਮਿੱਤਰ 20,000 (ਵੀਹ ਹਜਾਰ ਰੁਪਏ) ਵਿੱਚੋਂ ਪਹਿਲਾਂ ਭਰੇ ਰੁਪਏ ਘਟਾ ਕੇ ਬਾਕੀ ਬਚਦੀ ਰਾਸ਼ੀ ਭੇਜ ਕੇ ਲਾਈਫ ਮੈਂਬਰਸ਼ਿਪ ਰੀਨਿਊ ਕਰਵਾ ਲੈਣ।

If undelivered please return to :
Tarksheel
Tarksheel Bhawan, Tarksheel Chowk,
Sanghera ByPass, BARNALA-148101
Post Box No. 55
Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....